# ਦੇਸ਼ ਦੁਆਬਾ

VOL -1 ISSUE -11
Feburary 07, 2013

www.deshdoaba.com
www.ambedkartimes.com


ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬੇਗ਼ਮਪੁਰਾ ਕਲਚੂਰਲ ਸੁਸਾਇਟੀ ਨਿਊਯਾਰਕ ਵਲੋਂ 64ਵਾਂ ਗਣਤੰਤਰ ਦਿਵਸ ਮਨਾਇਆ ਗਿਆ



ਨਿਊਯਾਰਕ (ਬਲਵਿੰਦਰ ਭੌਰਾ)- ਬੀਤੀ 26 ਜਨਵਰੀ ਨੂੰ ਬੇਗ਼ਮਪੁਰਾ ਕਲਚੂਰਲ ਸੁਸਾਇਟੀ ਆਫ਼ ਨਿਊਯਾਰਕ ਵਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਗਣਤੰਤਰ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਗੋਰਵਮਈ ਦਿਹਾੜੇ ਨੂੰ ਮਨਾਉਣ ਲਈ ਭਾਈਚਾਰੇ ਦੇ ਪ੍ਰਮੁੱਖ ਆਗੂਆਂ ਨੇ ਹਿੱਸਾ ਲਿਆ। ਸਵੇਰੇ 10 ਵਜੇ ਸੁਖਮਨੀ ਸਾਹਿਬ ਪਾਠ ਦੇ ਜਾਪ ਹੋਏ ਤੇ ਭੋਗ, ਉਪਰੰਤ ਭਾਈ ਇੰਦਰਪ੍ਰੀਤ ਸਿੰਘ ਅਲੰਕਾਰ ਦੇ ਕੀਰਤਨੀ ਜੱਥੇ ਨੇ ਰੱਸਭਿੰਨਾ ਕੀਰਤਨ ਗਾਇਨ ਕੀਤਾ। ਇਸ ਤੋਂ ਬਾਅਦ ਹਾਜ਼ਰ ਸੰਗਤ ਨੇ ਡਾ ਅੰਬੇਦਕਰ ਲਾਇਬ੍ਰੇਰੀ ਵਿਖੇ ਗਣਤੰਤਰ ਦਿਵਸ ਮਨਾਇਆ। ਪ੍ਰੋਗਰਾਮ ਦੀ ਆਰੰਭਤਾ ਬਾਬਾ ਸਾਹਿਬ ਭੀਮ ਰਾਓ ਡਾਂ ਅੰਬੇਦਕਰ ਜੀ ਦੀ ਆਦਮਕੱਦ ਤਸਵੀਰ ਅੱਗੇ ਸਤਿਕਾਰ ਅਤੇ ਸ਼ਰਧਾਂ ਨਾਲ ਫੁੱਲਾਂ ਦਾ ਗੁੱਲਦਸਤਾ ਭੇਟ ਉਪਰੰਤ ਹੋਈ। ਹਾਜ਼ਰ ਬੁਲਾਰਿਆਂ ਨੇ 26 ਜਨਵਰੀ ਦੇ ਦਿਨ ਨੂੰ ਮਨਾਉਣ ਦਾ ਮਹੱਤਵ ਬੜੇ ਵਿਸਥਾਰ ਨਾਲ ਬਿਆਨ ਕੀਤਾ । 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋਣ ਤੋ ਬਆਦ 26 ਜਨਵਰੀ 1950 ਨੂੰ ਭਾਰਤ ਦੇਸ਼ ਦਾ ਸਵਿਧਾਨ ਲਾਗੂ ਹੋਇਆ ਸੀ ਅਤੇ ਇਸ ਸਵਿਧਾਨ ਦੇ ਨਿਰਮਾਤਾ ਭੀਮ ਰਾਓ ਡਾਂ ਅੰਬੇਦਕਰ ਜੀ ਸਨ ਜਿਹਨਾਂ ਨੇ ਕਰੋੜਾਂ ਅਛੂਤਾਂ ਨੂੰ ਬਰਾਬਰਤਾ ਦਾ ਹੱਕ ਦਿਵਾਉਣ ਲਈ ਆਪਣਾ ਪ੍ਰੀਵਾਰ ਵੀ ਇਸੇ ਸੰਘਰਸ਼ ਦੀ ਬਲੀ ਚਾੜ ਦਿੱਤਾ ਸੀ। ਪ੍ਰੋਗਰਾਮ ਦੀ ਸੰਚਾਲਨਾ ਕਰ ਰਹੇ ਲੇਖਕ ਬਲਵਿੰਦਰ ਭੌਰਾ ਨੇ ਕਿਹਾ ਕਿ 26 ਜਨਵਰੀ 1950 ਨੂੰ ਭਾਰਤ ਅੰਦਰ, 1947 ਦੇ ਰਾਜਨੀਤਕ ਪਰਵਰਤਨ ਤੋਂ ਬਾਅਦ, ਇੱਕ ਸਮਾਜਿਕ ਪਰਵਰਤਨ ਨੇ ਜਨਮ ਲਿਆ।

ਇਹ ਦਿਨ ਭਾਰਤੀ ਆਮ ਪਰਜਾ ਵਾਸਤੇ,13 ਅਪ੍ਰੈਲ 1699 ਵਰਗਾ ਦਿਨ ਹੀ ਸੀ। ਜਦੋਂ ਭਾਰਤ ਅੰਦਰ ਅੰਗਰੇਜ਼ੀ ਹਕੂਮਤ ਅਤੇ ਬ੍ਰਾਹਮਣੀ ਊਚ ਨੀਚ ਭਰੀ ਚੌਧਰ ਤੋ ਪਰ੍ਹੇ ਅਲੱਗ ਨਵੇਂ ਕਾਨੂੰਨ ਦਾ ਰਾਜ ਸਥਾਪਤ ਹੋਇਆ। ਕਿਸੇ ਨਸਲ, ਜਮਾਤ ਜਾਂ ਜਾਤ ਦੇ ਰਾਜ ਦੀ ਥਾਂ 'ਪਰਜਾ ਦਾ ਰਾਜ' ਸਥਾਪਤ ਹੋਇਆ,ਲੋਕਤੰਤਰ ਪ੍ਰਣਾਲੀ ਦਾ ਵਿਧਾਨ ਲਾਗੂ ਹੋਇਆ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਦਿਨ ਦੇਸ਼ ਦੀ ਹਜ਼ਾਰਾਂ ਸਾਲਾਂ ਤੋ ਦਬਾਈ, ਕੁਚਲੀ, ਪਛਾੜੀ,ਅਪਮਾਨਤ ਕੀਤੀ, ਲੁੱਟੀ ਮਾਰੀ ਅਤੇ ਕੁੱਟੀ ਜਨਤਾ ਭਾਵ ਦਲਿਤ ਪਛੜੇ ਲੋਕ ਵੀ 'ਪ੍ਰਭੁਤਾ ਸੰਪੰਨ, ਹੋ ਗਏ। ਭਾਰਤੀ ਲੋਕਤੰਤਰ ਦੀ ਇਹ ਖਾਸ ਵਿਸ਼ੇਸ਼ਤਾ ਹੈ ਕਿ ਇਸੇ ਜਨਤਾ ਦੀ' ਸੁਪਰੀਮ ਸ਼ਕਤੀ, ਮੂਹਰੇ ਕਿਸੇ ਧਰਮ, ਰੰਗ, ਨਸਲ, ਲਿੰਗ ਅਤੇ ਜਾਤ ਵਰਣ ਨੂੰ ਨਹੀ ਅੜਨ ਦਿੱਤਾ। ਆਏ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆ ਕਿਹਾ ਸਾਡੇ ਰਹਿੰਬਰਾਂ ਨਾਲ ਜੁੜੀ ਹਰ ਗੱਲ, ਹਰ ਘਟਨਾ ਤੇ ਦਿਨ ਅਤੇ ਸੰਘਰਸ਼ ਸਾਡੇ ਲਈ ਜਿਥੇ ਮਨਾਉਣਯੋਗ ਹੈ

(ਬਾਕੀ ਸਫਾ 5 ਤੇ)

## ਬਾਦਲਾਂ ਕਰਕੇ ਨਹੀ, ਡਾ.ਅੰਬੇਦਕਰ ਕਰਕੇ ਸਪੀਕਰ ਬਣਿਆ: ਅਟਵਾਲ

ਫ਼ਰੀਦਕੋਟ- ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਇੱਥੇ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ ਤਾਂ ਇਸ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਨਹੀਂ ਬਲਕਿ ਡਾ. ਭੀਮ ਰਾਓ ਅੰਬੇਦਕਰ ਦਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਜੇਕਰ ਡਾ. ਅੰਬੇਦਕਰ ਨਾ ਹੁੰਦੇ ਤਾਂ ਵੱਡੇ ਲੋਕਾਂ ਨੇ ਦਲਿਤਾਂ ਨੂੰ ਕਦੇ ਕੁਰਸੀ 'ਤੇ ਨਹੀਂ ਬੈਠਣ ਦੇਣਾ ਸੀ। ਉਨ੍ਹਾਂ ਕਿਹਾ ਕਿ ਉਹ ਇਸ ਤੋਂ ਪਹਿਲਾਂ ਲੋਕ ਸਭਾ ਦੇ ਡਿਪਟੀ ਸਪੀਕਰ ਵੀ ਰਹਿ ਚੁੱਕੇ ਹਨ, ਉਹ ਵੀ ਡਾ.ਅੰਬੇਦਕਰ ਦੀ ਹੀ ਦੇਣ ਸੀ। ਉਨ੍ਹਾਂ ਨੇ ਇੱਥੇ ਇੱਕ ਨਸ਼ਾ ਵਿਰੋਧੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਪੜ੍ਹਨਾ ਅਤੇ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸ੍ਰੀ ਅਟਵਾਲ ਨੇ ਕਿਹਾ ਕਿ ਸਾਨੂੰ ਮਹਾਨ ਕ੍ਰਾਂਤੀਕਾਰੀ ਡਾ. ਅੰਬੇਦਕਰ ਦੀ ਦੇਣ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਜੇਕਰ ਪੰਜਾਬ ਦੇ ਦਲਿਤ ਅੱਜ ਉੱਚੇ ਅਹੁਦਿਆਂ 'ਤੇ ਹਨ ਅਤੇ ਸਤਿਕਾਰ ਦੀ ਜ਼ਿੰਦਗੀ



ਜਿਉਂ ਜੀ ਰਹੇ ਹਨ, ਤਾਂ ਇਸ ਵਿੱਚ ''ਬਾਦਲ ਸਾਹਿਬ ਦਾ ਯੋਗਦਾਨ ਨਹੀਂ ਬਲਕਿ ਡਾ. ਅੰਬੇਦਕਰ ਦਾ ਹੈ। ਇਸ ਸਮਾਗਮ ਵਿੱਚ ਸੰਸਦ ਮੈਂਬਰ ਪਰਮਜੀਤ ਕੌਰ ਗੁਲਸ਼ਨ, ਵਿਧਾਇਕ ਦੀਪ ਮਲਹੋਤਰਾ ਵੀ ਹਾਜ਼ਰ ਸਨ। ਸਪੀਕਰ ਨੇ ਇਤਿਹਾਸਕ ਪਿਛੋਕੜ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਦੋਂ ਦੀ ਰਜਵਾੜ੍ਹੇਸ਼ਾਹੀ ਨੇ ਦਲਿਤਾਂ ਨੂੰ ਰੱਜ ਕੇ ਲਤਾੜਿਆ ਅਤੇ ਅਸਹਿ ਤਸੀਹੇ ਦਿੱਤੇ। ਦਲਿਤ ਸਮਾਜ ਦਾ ਕੋਈ ਵੀ ਵਿਅਕਤੀ ਮੰਦਰਾਂ ਵਿਚ ਪ੍ਰਾਰਥਨਾ ਨਹੀਂ ਸੀ ਕਰ ਸਕਦਾ ਅਤੇ ਮੱਥਾ ਨਹੀਂ ਸੀ ਟੇਕ ਸਕਦਾ ਸੀ। ਉਨ੍ਹਾਂ ਡਾ. ਭੀਮ ਰਾਓ ਅੰਬੇਦਕਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਦਲਿਤ ਵਰਗ ਨੂੰ ਉਨ੍ਹਾਂ ਦੇ ਹੱਕ ਦਿਵਾਏ ਅਤੇ ਸਮਾਜ ਵਿਚ ਵਿਚਰਣ ਦਾ ਮੌਕਾ ਦਿੱਤਾ। ਡਾ. ਭੀਮ ਰਾਓ ਅੰਬੇਦਕਰ ਦੇ ਉੱਦਮ ਸਦਕਾ ਹੀ ਦੇਸ਼ ਵਿਚ ਰਾਖਵਾਂਕਰਨ ਦੀ ਨੀਤੀ ਲਾਗੂ ਹੋਈ, ਇਸ ਸਦਕਾ ਅੱਜ ਦਲਿਤ ਵਰਗ ਦੇਸ਼ ਦੀਆਂ ਉੱਚੀਆਂ ਪਦਵੀਆਂ ਤੇ ਸੁਸ਼ੋਭਿਤ ਹੈ।

ਯੂ-ਟਰਨ: ਅਗਲੇ ਹੀ ਦਿਨ ਸ੍ਰੀ ਅਟਵਾਲ ਨੇ ਆਪਣੇ ਇਸ ਬਿਆਨ ਦੀ ਸਫਾਈ ਦਿੰਦਿਆਂ ਇਹ ਵੀ ਕਹਿ ਮਾਰਿਆ ਕਿ ਬਾਦਲਾਂ ਦਾ ਵੀ ਦਲਿਤ ਭਾਈਚਾਰੇ ਦੇ ਕਲਿਆਣ ਵਿਚ ਅਹਿਮ ਯੋਗਦਾਨ ਹੈ।

## ਪੰਜਾਬੀ ਗੀਤਕਾਰ ਮੰਚ ਕੈਲੀਫੋਰਨੀਆ ਵੱਲੋਂ ਆਜ਼ਾਦ ਜਲੰਧਰੀ 'ਗੁਰਦਾਸ ਰਾਮ ਆਲਮ' ਐਵਾਰਡ ਨਾਲ ਸਨਮਾਨਿਤ

ਫਰੀਮਾਂਟ- ਪੰਜਾਬੀ ਗੀਤਕਾਰ ਮੰਚ ਕੈਲੀਫੋਰ-ਨੀਆ ਵੱਲੋਂ ਬੀਤੇ ਦਿਨੀਂ ਫਰੀਮਾਂਟ ਵਿਖੇ ਇੰਡੀਆ ਕਿਚਨ ਬਾਰ ਐਂਡ ਗਰਿੱਲ ਵਿਖੇ ਉਘੇ ਜਲੰਧਰੀ ਸਮੇਤ ਚਰਨ ਸਿੰਘ ਮੱਲ੍ਹਣ, ਤਰਲੋਚਨ ਸਿੰਘ ਦੁਪਾਲਪੁਰ, ਈਸ਼ਰ ਸਿਘ ਮੋਮਨ ਅਤੇ ਦਲਵੀਰ ਦਿਲ ਨਿੱਝਰ ਨੂੰ ਸੱਦਾ ਦਿੱਤਾ ਅਤੇ ਲੰਮੇ ਸਾਹਿਤਕ ਸਫਰ ਨੂੰ ਸਰੋਤਿਆਂ ਦੇ ਸਨਮੁਖ ਕੀਤਾ। ਨਵਨੀਤ ਪੰਨੂ, ਰਠੇਸ਼ਵਰ ਸੂਰਾਪੁਰੀ, ਅਜੀਤ ਰਾਮ ਬੰਗੜ, ਨੀਲਮ ਸੈਣੀ, ਜੀਵਨ







ਸ਼ਾਇਰ ਆਜ਼ਾਦ ਜਲੰਧਰੀ ਨੂੰ ਆਪਣਾ ਪਲੇਠਾ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਮੰਚ ਦੇ ਪ੍ਰਧਾਨ ਮੱਖਣ ਲੁਹਾਰ ਨੇ ਸਟੇਜ ਸੰਭਾਲਦਿਆਂ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਜਨਾਬ ਪ੍ਰਧਾਨਗੀ ਮੰਡਲ ਦੀ ਆਗਿਆ ਨਾਲ ਸਮਾਗਮ ਦਾ ਆਗਾਜ਼ ਕਰਦਿਆਂ ਬਜ਼ੁਰਗ ਸ਼ਾਇਰ ਆਜ਼ਾਦ ਜਲੰਧਰੀ ਨੂੰ ਸਰੋਤਿਆਂ ਦੇ ਰੂਬਰੂ ਕਰ ਦਿੱਤਾ। ਅਜ਼ਾਦ ਜਲੰਧਰੀ ਨੇ ਬਹੁਤ ਹੀ ਖੂਬਸੂਰਤ ਸ਼ੇਅਰਾਂ ਨਾਲ ਸ਼ਿੰਗਾਰ ਕੇ ਆਪਣੇ ਰੱਤੂ, ਕੁਲਦੀਪ ਸਿੰਘ ਢੀਂਡਸਾ ਤੇ ਤਾਰਾ ਸਾਗਰ ਆਦਿ ਦੇ ਸਵਾਲਾਂ ਦਾ ਜਨਾਬ ਜਲੰਧਰੀ ਵੱਲੋਂ ਢੁਕਵਾਂ ਜਵਾਬ ਦਿੱਤਾ ਗਿਆ। ਗੱਲ ਨੂੰ ਅੱਗੇ ਤੋਰਦਿਆਂ ਮੱਖਣ ਲੁਹਾਰ ਨੇ ਕਿਹਾ ਕਿ ਅਜ਼ਾਦ

(ਬਾਕੀ ਸਫਾ 5 ਤੇ)




MAJESTIC HOMES
RAMESH SUMAN
Broker Realtor
RCS-D™
Office (925) 779-1234
Direct (925) 366-3618
Fax (925) 219-3918
DRE Licence - 00871752
www.majestichomes.us • ramesh@rameshsuman.com
P.O. Box 3434 , Antioch, CA 94531-3434

Amrik Chand (CPA)
Phone : 510-490-8200 Fax : 510-490-8202
Email : achand@pacbell.net
959 Corporate Way, Fremont, CA. 94539
Income Tax Preparatioin
(Individual, Corporation & LLC)
Payroll Services & Bank Keeping Services
• We are in this business since 1989.
Your satisfaction is our goal.
• Please call us for
Professional & reliable services at reasonable rates.





# ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ

ਧੰਨ ਧੰਨ ਵਾਲਮੀਕ ਜੀ — ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ



## ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.ਯੂਬਾ ਸਿਟੀ ਵੱਲੋਂ ਸਾਰੀ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ 17 ਮਾਰਚ 2013, ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪਹੁੰਚ ਕੇ ਪ੍ਰਕਾਸ ਦਿਵਸ ਮਨਾਉਣ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਸਤਿਗੁਰਾਂ ਦੇ ਚਰਨਾਂ ਦੀ ਛੋਹ ਅਤੇ ਆਸ਼ੀਰਵਾਦ ਪ੍ਰਾਪਤ ਕਰੋ।

ਸਮੂਹ ਸਾਧ ਸੰਗਤ ਲਈ ਇਹ ਖੁਸ਼ੀ ਵਾਲੀ ਗੱਲ ਹੈ ਕਿ ਅਸੀਂ ਜਲਦੀ ਹੀ ਭਗਵਾਨ ਵਾਲਮੀਕ ਜੀ ਦੇ ਮੰਦਰ ਦੀ ਉਸ-ਾਰੀ ਕਰਨ ਜਾ ਰਹੇ ਹਾਂ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਚੜ੍ਹ ਕੇ ਸਹਿਯੋਗ ਦੇਣ ਦੀ ਕਿਰਪਾਲਤਾ ਕਰੋ ਜੀ।

*Managing Committee:* Prem Sondhi President 530-751-3997, Santokh Singh Gill Vice President 530-740-3056, Avinash Sondhi, Cashier 530-301-1157, Gurpal Singh Chairman 916-873-0311, Balbir Singh Thaper Vice Chairman 916-607-4650, Vinod Gill Cashier 530-822-9587, Sohan Lal Sahota Secretary 530-674-9766, Sodi Ram Nahar Vice Secretary 707-704-5216

## ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ



## ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ

ਸਮੂਹ ਮੋਮੀ ਪਰਿਵਾਰ ਵੱਲੋਂ

## ਲੱਖ-ਲੱਖ ਮੁਬਾਰਕਾਂ





# Momi Hospitality Investment

## 5200 Olive Tree CT Bakerfield, CA. 93308

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਨਿਊਵਾਰਕ ਪਵਿਲੀਅਨ (Newark Pavillion 6430, Thornton Avenue Newark) ਵਿਖੇ 24 ਮਾਰਚ 2013 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਪ੍ਰਸਿੱਧ ਜਥੇ ਸੰਗਤਾਂ ਨੂੰ ਗੁਰ ਇਤਿਹਾਸ, ਕਥਾ, ਕੀਰਤਨ ਅਤੇ ਧਾਰਮਿਕ ਗੀਤਾਂ ਨਾਲ ਨਿਹਾਲ ਕਰਨਗੇ। ਜਿਸ ਵਿਚ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਦਿਹਾੜੇ 'ਤੇ ਹਾਜ਼ਰੀ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਸ੍ਰੀ ਗੁਰੂ ਰਵਿਦਾਸ ਜੀ

## ਵੱਲੋਂ

**Ram M. Saroay (Chairman)**
**510-368-3983,**
**Balvir Singh Sheemar (President)**
**510-299-7879,**
**Dharampal Jhamat (Gen. Secretary)**
**510-706-1893,**
**Surinder Sony (Treasurer)**
**510-673-9606**

**Shri Guru Ravidass Sabha (Bay Area) California (USA)**
**31252 Veasy Street**
**Union City California, 94587**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਇਸ ਵਾਰ ਫਰਵਰੀ 13 ਨੂੰ ਗੁਰੂ ਘਰ ਦਾ ਸਾਲਾਨਾ ਸਥਾਪਨਾ ਦਿਵਸ ਹੈ, ਜਿਸ ਦੇ ਸਬੰਧ ਵਿਚ ਫਰਵਰੀ 15 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਜਿਸ ਦੇ ਭੋਗ ਦਿਨ ਐਤਵਾਰ 17 ਫਰਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਜੀ, ਭਾਈ ਗੁਰਦੇਵ ਸਿੰਘ ਜੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਅਤੇ ਹੋਰ ਬਹੁਤ ਸਾਰੇ ਬੁਲਾਰੇ ਵੀ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

## ਪ੍ਰੋਗਰਾਮਾਂ ਦਾ ਵੇਰਵਾ/ ਜਾਰੀ ਕਰਤਾ- ਦਲਵਿੰਦਰ ਰੱਲ੍ਹ (ਖਜਾਨਚੀ)

ਗੁਰੂ ਪਿਆਰੀ ਸਾਧ ਸੰਗਤ ਜੀ, ਗੁਰੂ ਘਰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵੱਲੋਂ ਜੋ ਆਉਣ ਵਾਲੇ ਪ੍ਰੋਗਰਾਮ ਮਨਾਏ ਜਾਣੇ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

(1) ਸਤਿਗੁਰੂ ਰਵਿਦਾਸ ਜੀ ਦੇ ਅਵਤਾਰ ਪੁਰਬ ਜੋ 25 ਫਰਵਰੀ ਨੂੰ ਆ ਰਹੇ ਹਨ। ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 25 ਫਰਵਰੀ ਦਿਨ ਸੋਮਵਾਰ ਸ਼ਾਮ 6 ਤੋਂ 8 ਵਜੇ ਤੱਕ ਗੁਰੂ ਘਰ ਵਿਖੇ ਦੀਵਾਨ ਸਜਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ 25 ਫਰਵਰੀ ਨੂੰ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

(2) ਸਤਿਗੁਰੂ ਸ੍ਰੀ ਗੁਰੂ ਰਵਿਦਾਸ ਦਾ ਆਗਮਨ ਪੁਰਬ ਆਉਣ ਵਾਲੀ ਮਿਤੀ 17 ਮਾਰਚ 2013 ਦਿਨ ਐਤਵਾਰ ਨੂੰ ਮਨਾਇਆ ਜਾਣਾ ਹੈ। ਜਿਸ ਵਿਚ 15 ਮਾਰਚ ਨੂੰ ਆਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਕੀਤੇ ਜਾਣਗੇ ਅਤੇ 17 ਮਾਰਚ ਦਿਨ ਐਤਵਾਰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਉਪਰੰਤ ਕੀਰਤਨ ਹੋਵੇਗਾ। ਜਿਸ ਵਿਚ ਭਾਈ ਕੁਲਵਿੰਦਰ ਸਿੰਘ, ਭਾਈ ਗੁਰਦੇਵ ਸਿੰਘ ਅਤੇ ਹੋਰ ਬਹੁਤ ਸਾਰੇ ਕਥਾ ਵਾਚਕ ਅਤੇ ਕਵਿਤਾਵਾਂ ਵੀ ਪੜ੍ਹੀਆਂ ਜਾਣਗੀਆਂ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਨੋਟ- ਗੁਰੂ ਘਰ ਵਿਖੇ ਅਖੰਡ ਪਾਠਾਂ ਦੀ ਲੜੀ ਜਨਵਰੀ ਵਿਚ ਸ਼ੁਰੂ ਕੀਤੀ ਜਾਣੀ ਹੈ। ਜਿਸ ਵੀ ਸੱਜਣ ਨੇ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਨਾਲ 530-844-6702 ਜਾਂ 530-674-2564 ਤੇ ਸੰਪਰਕ ਕਰ ਸਕਦੇ ਹਨ।

ਲੰਗਰ ਵਾਸਤੇ ਵੀ ਸੰਗਤਾਂ ਨੂੰ ਬੇਨਤੀ ਹੈ, ਜਿਸ ਵੀ ਕਿਸੇ ਨੇ ਸੇਵਾ ਲੈਣੀ ਹੋਵੇ, ਉਹ ਲੈ ਸਕਦਾ ਹੈ। ਗੁਰੂ ਘਰ ਕਮੇਟੀ ਆਪ ਸਭ ਦੇ ਧੰਨਵਾਦੀ ਹੋਣਗੇ।



ਸ੍ਰੀ ਗੁਰੂ ਰਵਿਦਾਸ ਜੀ


**ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ 530-713-1823, ਦਲਵਿੰਦਰ ਰੱਲ੍ਹ, ਖਜਾਨਚੀ 530-933-3938**
**ਰਾਮ ਸੇਵਕ ਭਾਟੀਆ 530-701-4370, ਪ੍ਰਸ਼ੋਤਮ ਸੂਦ 530-845-4508**

**1480 Hayne Ave, Yuba City CA 95993**

**ਗੁਰੂ ਘਰ ਦਾ ਫੋਨ ਨੰਬਰ: 530-674-2564**

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

**ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ**



ਪ੍ਰਕਾਸ਼ ਉਤਸਵ ਦਿਹਾੜਾ

**ਐਤਵਾਰ, 17 ਮਾਰਚ 2013**

ਨੂੰ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਇਸ ਸ਼ੁਭ ਦਿਹਾੜੇ 'ਤੇ ਗੁਰੂ ਘਰ ਪਰਿਵਾਰ ਸਮੇਤ ਹਾਜ਼ਰੀ ਲਗਵਾ ਕੇ ਜੀਵਨ ਸਫਲਾ ਕਰੋ ਜੀ।

ਗੁਰੂ ਘਰ ਦਾ ਨੰਬਰ- 559-486-3091

**ਸਮੂਹ ਪ੍ਰਬੰਧਕ ਕਮੇਟੀ**


**Shri Guru Ravidass Sabha (CV) Fresno (California)**
**5025 S. Cherry Ave., Fresno (California) 93706**

# ਪੰਥ ਦੇ ਮਹਾਨ ਵਿਦਵਾਨ ਪ੍ਰੋ.ਸਰਬਜੀਤ ਸਿੰਘ ਜੀ ਧੂੰਦਾ ਦਾ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨ










ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ 27 ਜਨਵਰੀ ਐਤਵਾਰ ਦੇ ਹਫਤਾਵਰੀ ਦੀਵਾਨ ਵਿੱਚ ਪੰਥ ਦੇ ਮਹਾਂਨ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਜੀ ਧੂੰਦਾ ਨੇ ਗੁਰਮਤਿ ਵਿਚਾਰਾਂ ਨਾਲ ਸੰਗਤ ਨੂੰ ਨਿਹਾਲ ਕੀਤਾ।

ਪ੍ਰੋ.ਸਰਬਜੀਤ ਧੂੰਦਾ ਜੀ ਜੋ ਕਿ ਪਿਛਲੇ ਕਈ ਦਿਨਾਂ ਤੋਂ ਨਿਊਯਾਰਕ ਅਤੇ ਟਰਾਈ ਸਟੇਟ ਇਲਾਕੇ ਵਿੱਚ ਗੁਰਮਤਿ ਦਾ ਪ੍ਰਚਾਰ ਕਰਨ ਵਾਸਤੇ ਪਾਹੁੰਚੇ ਸਨ। ਜਿਨਾਂ ਨੂੰ ਸੁਣਨ ਵਾਸਤੇ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ ਐਤਵਾਰ ਨੂੰ ਪ੍ਰੋ. ਧੂੰਦਾ ਜੀ ਨੂੰ ਸੁਣਨ ਵਾਸਤੇ ਸੰਗਤਾਂ ਨੇ ਕਾਫੀ ਲੱਮਾਂ ਸਮਾਂ ਉਡੀਕ ਕੀਤੀ। ਜਦੋਂ ਹੀ ਪ੍ਰੋ.ਸਾਹਿਬ ਜੀ ਨੇ ਕਥਾ ਪ੍ਰਅੰਭ ਕੀਤੀ ਸੰਗਤਾਂ ਦੇ ਨਾਲ ਗੁਰੂਘਰ ਦਾ ਦਰਬਾਰ ਹਾਲ ਭਰ ਗਿਆ।

ਪ੍ਰੋ.ਧੂੰਦਾ ਜੀ ਨੇ ਕਥਾ ਕਰਦਿਆਂ ਕਿਹਾ ਅੱਜ ਸਾਡੇ ਸਮਾਜ ਵਿੱਚ ਨਿੱਕੀਆਂ-2 ਗੱਲਾਂ ਤੇ ਵੰਡੀਆਂ ਪੈ ਗਈਆਂ ਨੇ ਉਹਨਾਂ ਨੇ ਕਿਹਾ ਜਿਨਾਂ ਮਹਾਂਨ ਸ਼ਖਸ਼ੀਅਤਾ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਸਮਝ ਲਉ ਕਿ ਉਹਨਾਂ ਨੂੰ ਗੁਰੂ ਪਦਵੀ ਪਰਾਪਤ ਹੈ ਕਿਉਂਕਿ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਜਿਨਾਂ ਦੀ ਵਿਚਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਇਸੇ ਲਈ ਦਰਜ ਹੈ ਕਿਉਂਕਿ ਉਹ ਵਿਚਾਰ ਕੌਮ ਦੀ, ਸਮਾਜ ਦੀ ਹਰ ਪੱਖੋਂ ਅਗਵਾਈ ਕਰਨ ਦੇ ਕਾਬਿਲ ਹੈ।

ਪਰ ਅੱਜ ਵੀ ਬ੍ਰਹਾਮਣਵਾਦੀ ਸੋਚ ਸਾਨੂੰ ਪਾੜ ਕੇ ਸਾਡੇ ਵਿੱਚ ਵੱਖਰੇਵਾਂ ਪਾ ਰਹੀ ਹੈ।ਸਾਨੂੰ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਆਪਣੇ ਜੀਵਨ ਵਿੱਚ ਲਿਆਉਣ ਦੀ ਲੋੜ ਹੈ। ਪ੍ਰੋ. ਧੂੰਦਾ ਜੀ ਨੇ 'ਬੇਗਮ ਪੁਰਾ ਸਹਿਰ ਕੋ ਨਾਉ' ਦੀ ਵਿਚਾਰ ਨੂੰ ਖੋਲ੍ਹ ਕੇ ਸੰਗਤਾਂ ਨੂੰ ਦਸਿਆ ਕਿ ਜਿਹੜਾ ਉਸ ਸ਼ਹਿਰ ਦਾ ਵਾਸੀ ਬਨਣਾ ਚਾਹੁੰਦਾ ਹੈ ਉਸ ਨੂੰ ਜਾਤ ਪਾਤ ਤੋਂ ਉੱਪਰ ਉੱਠ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰ ਨੂੰ ਆਪਣੇ ਜੀਵਨ ਵਿੱਚ ਵਸਾਉਣਾ ਪਵੇਗਾ। ਪ੍ਰੋ. ਧੂੰਦਾ ਜੀ ਨੂੰ ਗੁਰੂਘਰ ਵਲੋਂ ਸਿਰਪਾਓ ਨਾਲ ਨਿਵਾਜਿਆ ਗਿਆ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੇ ਵਾਇਸ ਪ੍ਰਧਾਨ ਭਾਈ ਗੁਰਨਾਮ ਸਿੰਘ ਜੀ ਵਿਰਦੀ ਨੇ ਪ੍ਰੋ.ਧੂੰਦਾ ਜੀ ਨੂੰ ਗੋਲਡ ਮੈਡਲ ਪਾਉਣ ਦੀ ਸੇਵਾ ਨਿਭਾਈ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾ. ਨਿਰਮਲ ਸਿੰਘ ਜੀ ਨੇ ਸਟੇਜ ਤੋਂ ਕਿਹਾ ਕਿ ਅੱਜ ਸਾਨੂੰ ਇਹੋ ਜਿਹੇ ਸੱਚੇ-ਸੁੱਚੇ ਨਿਧੜਕ ਪ੍ਰਚਾਰਕਾਂ ਦੀ ਲੋੜ ਹੈ ਜਿਹੜੇ ਸਾਨੂੰ ਕਰਮ ਕਾਂਡ, ਪਾਖੰਡ ਅਤੇ ਵਹਿਮਾਂ ਭਰਮਾਂ ਤੋਂ ਬਚਣ ਲਈ ਪ੍ਰੇਰਿਤ ਕਰ ਰਹੇ ਹਨ ਅਤੇ ਗੁਰੂਆਂ ਦੀ ਬਾਣੀ ਦੀ ਵਿਚਾਰ ਧਾਰਾ ਨਾਲ ਜੋੜ ਰਹੇ ਹਨ ਉਹਨਾਂ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਗੁਰੂਘਰ ਦੇ ਸਕੱਤਰ ਭਾ.ਪਰਮਜੀਤ ਲਾਲ ਨੇ ਬਾ-ਖੂਬੀ ਨਿਭਾਈ।

*ਜਰੂਰੀ ਨੋਟ:-ਸਾਧ ਸੰਗਤ ਜੀ ਇਹ ਖ਼ਬਰ ਦੁਆਰਾ ਇਸ ਕਰਕੇ ਲਾਈ ਜਾ ਰਹੀ ਕਿਉਂਕਿ ਪਿਛਲੇ ਹਫਤੇ ਕਈ ਅਖ਼ਬਾਰਾਂ ਨੇ ਇਹ ਲਿਖਿਆਂ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਲੋਂ ਪ੍ਰੋ. ਸਰਬਜੀਤ ਸਿੰਘ ਜੀ ਧੂੰਦਾ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ ਜਦ ਕਿ ਗੋਲਡ ਮੈਡਲ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਵਲੋਂ ਹੀ ਦਿੱਤਾ ਗਿਆ ਹੈ।*

## ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵਿਖੇ ਮਨਾਏ ਗਏ

ਨਿਊਯਾਰਕ- ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵਿਖੇ 03 ਫਰਵਰੀ 2013 ਦਿਨ ਐਤਵਾਰ ਦਾ ਵਿਸ਼ੇਸ਼ ਦੀਵਾਨ ਸ੍ਰੀ ਗੁਰੂ ਨਾਨਕ ਜੀ ਦੀ ਸੱਤਵੀਂ ਜੋਤ ਧੰਨ-ਧੰਨ ਸਤਿਗੁਰੂ ਅਰਜਨ ਦੇਵ ਜੀ ਅਤੇ ਸਤਿਗੁਰੂ ਹਰਿ ਰਾਇ ਸਾਹਿਬ ਜੀ ਦੀ ਜੀਵਨੀ ਤੇ ਵਿਚਾਰਾਂ ਕੀਤੀਆਂ ਅਤੇ ਅਗਲੇ ਹਫਤੇ ਵੀ ਗੁਰੂਘਰ ਵਿੱਚ ਵਿਚਾਰਾਂ ਦੁਆਰਾ ਸਾਂਝ ਪਾਉਣਗੇ।





ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਪਵਿਤ੍ਰ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸਜਾਇਆ ਗਿਆ।ਜਿਸ ਵਿੱਚ ਆਸਾ ਦੀ ਵਾਰ ਦਾ ਕੀਤਰਨ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਅਸ਼ਵਿੰਦਰ ਸਿੰਘ ਅਤੇ ਭਾਈ ਅਮਰੀਕ ਸਿੰਘ ਜੀ ਦੇ ਜਥੇ ਨੇ ਕੀਤਾ। ਭਾਈ ਓਕਾਂਰ ਸਿੰਘ ਜੀ ਨੇ ਰਾਗ ਬੰਸਤ ਵਿੱਚ ਸ਼ਬਦ ਗਾਇਨ ਕੀਤਾ।ਕਥਾ ਵਾਚਕ ਗਿ.ਜੋਗਿੰਦਰ ਸਿੰਘ ਜੀ ਨੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਦੀ ਜੀਵਨੀ ਤੇ ਵਿਚਾਰਾਂ ਕੀਤੀਆਂ। ਇਸ ਮੌਕੇ ਸੰਤ ਬਾਬਾ ਸ਼ਾਮ ਦਾਸ ਜੀ ਪਿੰਡ ਮਾਹਲ ਗੇਲ੍ਹਾਂ ਵਾਲਿਆਂ ਨੇ ਵਿਸ਼ੇਸ਼ ਹਾਜਰੀ ਲਵਾਈ ਜੋ ਕਿ ਇੰਡੀਆਂ ਤੋਂ ਪ੍ਰਾਚਾਰਕ ਦੌਰੇ ਅਮਰੀਕਾ ਵਿੱਚ ਪਾਹੁੰਚੇ ਹੋਏ ਹਨ। ਉਹਨਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ, ਭਾਈ ਗੁਰਤੇਜ ਸਿੰਘ ਜੀ ਸ੍ਰੀ ਗੰਗਾਂ ਨਗਰ ਵਾਲਿਆਂ ਨੇ ਰਸਭਿਨਾਂ ਕੀਰਤਨ ਕੀਤਾ। ਭਾਈ ਅਮਰੀਕ ਸਿੰਘ ਜੀ ਗੁਰਦਾਸ ਪੁਰ ਵਾਲੇ ਜੋ ਕਿ ਵਿਸ਼ੇਸ਼ ਤੌਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਤੇ ਇਕ ਮਹੀਨੇ ਵਾਸਤੇ ਗੁਰੂਘਰ ਵਿੱਚ ਕੀਰਤਨ ਕਰ ਹਨ।

ਉਹਨਾਂ ਨੇ ਬਹੁਤ ਜਨਮੁ ਬਿਛੁਰੇ ਥੇ ਮਾਧੋ ਸ਼ਬਦ ਗਾਇਨ ਕੀਤਾ।ਗੁਰੂ ਕੇ ਲੰਗਰ ਦੀ ਸੇਵਾ ਸੇਵਕ ਪਰਿਵਾਰ ਭਾ. ਜਸਵਿੰਦਰ ਸਿੰਘ ਜੀ (ਬਿੱਲਾ) ਨਿਊ ਰਾਇਲ ਬਿਲਡਿੰਗ ਮਟੀਰੀਅਲ ਵਲੋਂ ਬੜੀ ਸ਼ਰਧਾ ਭਾਵਨਾ ਕੀਤੀ ਗਈ। ਸਟੇਜ ਦੀ ਸੇਵਾ ਸਕਤੱਰ ਭਾ. ਪਰਮਜੀਤ ਲਾਲ ਜੀ ਨੇ ਬਾਖੂਬੀ ਨਿਭਾਈ।

## ਪ੍ਰਸਿੱਧ ਪੱਤਰਕਾਰ ਅਤੇ ਸਾਹਿਤਕਾਰ ਕੁਲਦੀਪ ਬੇਦੀ ਨਾਲ ਰੂਬਰੂ ਫਰਵਰੀ 10 ਦਿਨ ਐਤਵਾਰ ਨੂੰ

ਸੈਕਰਾਮੈਂਟੋ- ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆਂ ਯੂਬਾ ਸਿਟੀ/ ਸੈਕਰਾਮੈਂਟੋ ਵਲੋਂ ਫਰਵਰੀ 10, 2013 ਦਿਨ ਐਤਵਾਰ ਨੂੰ ਸਭਾ ਦੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੇ ਗ੍ਰਹਿ 8221Trieste Ct. Antelope CA 95843 ਵਿਖੇ ਬਾਅਦ ਦੁਪਹਿਰ 1:00-5:00 ਤੱਕ ਇਕ ਵਿਸ਼ੇਸ਼ ਸਾਹਿਤਕ ਮਿਲਣੀ ਹੋਵੇਗੀ। ਇਸ ਮਿਲਣੀ ਵਿਚ ਇੰਡੀਆ ਤੋਂ ਕੈਲੀਫ਼ੋਰਨੀਆ ਫੇਰੀ ਤੇ ਆਏ ਮੈਗਜ਼ੀਨ ਐਡੀਟਰ ਰੋਜ਼ਾਨਾ ਜੱਗਬਾਣੀ ਅਤੇ ਪ੍ਰਸਿੱਧ ਪੱਤਰਕਾਰ ਕੁਲਦੀਪ ਸਿੰਘ ਬੇਦੀ ਨਾਲ ਰੂਬਰੂ ਕੀਤਾ ਜਾਵੇਗਾ। ਸਮੂਹ ਪੱਤਰਕਾਰਾਂ, ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਮਿਲਣੀ ਵਿਚ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: ਦਲਵੀਰ ਦਿਲ ਨਿੱਜਰ (ਪ੍ਰਧਾਨ) 1-916-628-2210



## (ਪਹਿਲੇ ਸਫੇ ਦੀ ਬਾਕੀ) ਆਜ਼ਾਦ ਜਲੰਧਰੀ 'ਗੁਰਦਾਸ ਰਾਮ ਆਲਮ' ਐਵਾਰਡ ਨਾਲ ਸਨਮਾਨਿਤ









ਜਲੰਧਰੀ ਨੇ ਜਿੱਥੇ ਮਿਆਰੀ ਗੀਤ ਲਿਖੇ ਹਨ, ਉਥੇ ਕਵਿਤਾ ਅਤੇ ਗ਼ਜ਼ਲ ਵੀ ਬਾਖੂਬੀ ਨਿਭਾਈ ਹੈ। ਪੰਜਾਬੀ ਗੀਤਕਾਰ ਮੰਚ ਕੈਲੇਫੋਰਨੀਆ ਦੇ ਜਨਰਲ ਸਕੱਤਰ ਬਿੱਕਰ ਐਸ਼ੀ ਕੰਮੇਆਣਾ ਨੇ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ, ਸੈਕਰਾਮੈਂਟੋ, ਬੇ-ਏਰੀਆ ਅਤੇ ਵਿਪਸਾਅ ਆਦਿ ਸਭਾਵਾਂ ਦੇ ਸਾਹਿਤਕਾਰ ਮਿੱਤਰਾਂ ਦਾ ਸਹਿਯੋਗ ਦੇਣ ਲਈ ਅਤੇ ਪਹੁੰਚੇ ਹੋਏ ਸਰੋਤੇ ਦੋਸਤਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਕਲਾਕਾਰਾਂ ਨੂੰ ਸਾਹਿਤ ਰਚਦਿਆਂ ਮਿਆਰ, ਮਾਨਵਤਾ ਅਤੇ ਇਨਸਾਨੀਅਤ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਪੰਜਾਬੀ ਗੀਤਕਾਰ ਮੰਚ ਵੱਲੋਂ ਗੁਰਦੇਵ ਘਣਰਾਸ ਦੀ 'ਸੱਤਰ ਦੇ ਲਾਗ'' ਅਤੇ ਅਮਰੀਕ ਹਮਰਾਜ ਦੀ 'ਸੋਹਣੀ ਦੀ ਨਣਾਨ ਹੀਰ ਦਾ ਚਾਚਾ' ਆਦਿ ਪੁਸਤਕਾਂ ਦੀ ਘੁੰਢ ਚੁਕਾਈ ਕੀਤੀ ਗਈ। ਜਗਤਾਰ ਗਿੱਲ, ਆਸ਼ਾ ਸ਼ਰਮਾ, ਅਮਰੀਕ ਲਾਖਾ ਤੇ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਵੀ ਅਜ਼ਾਦ ਜਲੰਧਰੀ ਦੀ ਸ਼ਾਇਰੀ ਪ੍ਰਤੀ ਆਪਣਾ ਨਜ਼ਰੀਆ ਪੇਸ਼ ਕੀਤਾ। ਵਧੀਆ ਸਾਊਂਡ ਲਈ ਬਲਵੀਰ ਥਿੰਦ ਤਾਰੀਫ ਦੇ ਹੱਕਦਾਰ ਹਨ। ਪਹੁੰਚੇ ਹੋਏ ਪ੍ਰਸਿੱਧ ਸ਼ਾਇਰਾਂ, ਲੇਖਕਾਂ ਅਤੇ ਗੀਤਕਾਰਾਂ ਨੇ ਆਪਣੀਆਂ ਤਾਜ਼ਾ ਰਚਨਾਵਾਂ ਨਾਲ ਸਰੋਤਿਆਂ ਨੂੰ ਕੀਲ ਕੇ ਬਿਠਾਈ ਰੱਖਿਆ। ਪ੍ਰਮੁੱਖ ਕਲਮਕਾਰਾਂ ਅਤੇ ਸਰੋਤਿਆਂ ਵਿਚੋਂ ਸ਼ਾਮਲ ਸਨ ਪਲਵਿੰਦਰ ਮਾਹੀ, ਹਰਬੰਸ ਜਗਿਆਸੂ, ਕਮਲ ਬੰਗਾ, ਕੇਵਲ ਕਰਿਸ਼ਨ ਬੋਲੀਨਾ, ਚਰਨਜੀਤ ਪੰਨੂ, ਬਲਵੀਰ ਸ਼ੀਮਾਰ, ਦਿਲਾਵਰ ਚਹਿਲ, ਮੇਜਰ ਭੁਪਿੰਦਰ ਦਲੇਰ, ਸੁਰਿੰਦਰ ਸੀਰਤ, ਹਰਭਜਨ ਢਿੱਲੋਂ, ਦਲਜੀਤ ਸੂਦ, ਅਮਰ ਵਾਕਾਵਿਲ, ਮਹਿੰਦਰ ਘੱਗ, ਅਮਰਜੀਤ ਜੌਹਲ, ਅਮਰੀਕ ਜੌਹਲ, ਕਸ਼ਮੀਰ ਹੀਰਾ, ਰਮੇਸ਼ ਬੰਗੜ, ਗੁਰਮੀਤ ਬਰਸਾਲ, ਪ੍ਰੋ. ਸੁਰਜੀਤ ਨੰਨੂਆ, ਜਗਮੋਹਨ ਸਿੰਘ, ਹੈਰੀ ਸਿੰਘ, ਅਜੈ ਕੁਮਾਰ ਚਿੱਟੀ, ਹਰਬੰਸ ਲਾਲ, ਸੋਹਣ ਲਾਲ, ਸੁੱਚਾ ਰਾਮ ਭਾਰਤਾ, ਸੰਤ ਰਾਮ, ਅਮਰ ਦੜੌਚ, ਮਨਜੀਤ ਰੱਲ੍ਹ, ਮਾਣਕ ਜੇ. ਸਿੰਘ, ਰਾਮ ਲਾਲ ਰੱਤੂ, ਓਮ ਪ੍ਰਕਾਸ਼ ਕਮਲ, ਜੋਤੀ ਸਿੰਘ, ਜਸਵੀਰ ਨਾਹਲ ਤੇ ਮਨਿੰਦਰ ਲਾਲੀ ਆਦਿ। ਗਾਇਕੀ ਦਾ ਰੰਗ ਬੰਨ੍ਹਣ ਵਾਲਿਆਂ ਵਿਚ ਸ਼ਾਮਲ ਸਨ ਅਨੂਪ ਸਿੰਘ ਚੀਮਾ, ਤਰਲੋਕ ਸਿੰਘ, ਐਚ. ਐਸ. ਭਜਨ ਤੇ ਸਤਿੰਦਰ ਪਾਬਲਾ। ਦਿਨੇ 12 ਵਜੇ ਦੇ ਕਰੀਬ ਸ਼ੁਰੂ ਹੋਇਆ ਇਹ ਸਾਹਿਤਕ ਐਵਾਰਡ ਸਮਾਗਮ ਸ਼ਾਮ ਦੇ 6 ਵਜੇ ਦੇ ਕਰੀਬ ਨਵੀਆਂ ਪਿਰਤਾਂ ਪਾਉਂਦਾ ਸੰਪੰਨ ਹੋਇਆ।

## (ਪਹਿਲੇ ਸਫੇ ਦੀ ਬਾਕੀ) ਬੇਗ਼ਮਪੁਰਾ ਕਲਚੁਰਲ ਸੁਸਾਇਟੀ ਨਿਊਯਾਰਕ ਵਲੋਂ 64ਵਾਂ ਗਣਤੰਤਰ ਦਿਵਸ ਮਨਾਇਆ ਗਿਆ

ਉੱਥੇ ਸਾਨੂੰ ਉਹਨਾਂ ਦੀ ਸੋਚ ਅੱਗੇ ਵੀ ਲੈ ਕੇ ਜਾਣਾ ਓਨਾ ਹੀ ਜ਼ਰੂਰੀ ਹੈ। ਹੋਰਨਾ ਤੋ ਇਲਾਵਾ ਬੁਲਾਰਿਆ 'ਚ ਸ੍ਰੀ ਸੋਹਣ ਲਾਲ ਝਿੱਕਾ,ਬਲਬੀਰ ਚੰਦ ਚੁੰਬਰ ਜੀ, ਪਿੰਦਰ ਪਾਲ ਜੀ,ਚੂਹੜ ਸਿੰਘ ਜੀ,ਕਿਰਪਾਲ ਸਿੰਘ ਜੀ, ਸੰਸਾਰ ਚੰਦ ਘੇੜਾ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਸ੍ਰੀ ਬਲਵੀਰ ਚੰਦ ਰੰਧਾਵਾਂ ਅਤੇ ਸ੍ਰੀ ਕੁੰਦਨ ਲਾਲ, ਪਰਮਜੀਤ ਦੇ ਪ੍ਰਵਾਰਾਂ ਵਲੋਂ ਕੀਤੀ ਗਈ । ਖ਼ਾਸ ਤੌਰ ਤੇ ਜਿਹਨਾਂ ਸੱਜਣਾਂ ਨੇ ਇਸ ਸਮਾਗਮ ਵਿੱਚ ਭਾਗ ਲਿਆ ਉਹਨਾਂ 'ਚ ਬਲਵੀਰ ਚੌਹਾਨ,ਬਾਸਦੇਵ ਜੱਸਲ, ਬਹਾਦਰ ਸਿੰਘ ਬ੍ਹਾਦੀ, ਕੇਵਲ ਸਿੰਘ ਢੰਡਾ, ਪੱਪਾ ਬਿਰਦੀ, ਨਿਰਮਲ ਮੋਰੋਂ, ਲਛਮਣ ਰੱਤੂ, ਪਰਮਜੀਤ ਕਮਾਮ ਪ੍ਰਧਾਨ ਬੇਗਮਪੁਰਾ ਕਲਚੁਰਲ ਸੁਸਾਇਟੀ, ਨੀਲਮ ਨੀਲਾ, ਸੋਢੀ ਰਾਮ ਜੱਸਲ, ਰਾਜੀਵ ਲਾਲ ਦੀਪਾ, ਗਾਇਕ ਅਮਰਜੀਤ ਰਮਤਾ ਦੇ ਨਾਮ ਵਰਨਣਯੋਗ ਹਨ। ਪ੍ਰੋਗਰਾਮ ਦੇ ਅੰਤ 'ਚ ਸੰਸਥਾਂ ਦੇ ਚੇਅਰਮੈਨ ਸ੍ਰੀ ਮਦਨ ਸਿੰਘ ਬੱਧਨ ਨੇ ਆਈ ਸੰਗਤ ਦਾ ਧੰਨਵਾਦ ਕੀਤਾ।

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

## ਸੰਪਾਦਕੀ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲ ਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ।। ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ।

ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉੱਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ।

ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉੱਤੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

ਅੰਬੇਦਕਰ ਟਾਈਮਜ਼ ਇੰਕ. ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪਾਵਨ ਆਗਵਨ ਪੁਰਬ ਉੱਤੇ ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਅਖਬਾਰ ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਨ੍ਹਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾਂ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਅਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਅਵਾਜ਼ ਬੁਲੰਦ ਕਰਦਾ ਰਹੇਗਾ।

– ਪ੍ਰੇਮ ਕੁਮਾਰ ਚੁੰਬਰ

# ਅਕਾਲੀ ਦਲ ਤੇ ਕਾਂਗਰਸ ਲਈ ਚੁਣੌਤੀ ਬਣੀ ਮੋਗਾ ਦੀ ਉਪ-ਚੋਣ

ਮੋਗਾ ਤੋਂ ਕਾਂਗਰਸ ਦੀ ਟਿਕਟ 'ਤੇ ਨਾਮਜ਼ਦ ਹੋਏ ਵਿਧਾਇਕ ਜੋਗਿੰਦਰਪਾਲ ਜੈਨ ਵਲੋਂ ਪਾਰਟੀ ਅਤੇ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਕੇ ਅਕਾਲੀ ਦਲ 'ਚ ਸ਼ਾਮਿਲ ਹੋਣ ਨਾਲ ਅਗਲੇ ਮਹੀਨੇ ਹੋਣ ਜਾ ਰਹੀ ਉਪ-ਚੋਣ ਅਕਾਲੀ ਦਲ ਅਤੇ ਕਾਂਗਰਸ ਦੋਹਾਂ ਲਈ ਗੰਭੀਰ ਚੁਣੌਤੀ ਬਣਦੀ ਜਾ ਰਹੀ ਹੈ। ਅਕਾਲੀ ਦਲ ਨੇ ਜੈਨ ਨੂੰ ਪਹਿਲਾਂ ਹੀ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ ਪਰ ਕਾਂਗਰਸ ਪਾਰਟੀ ਅਜੇ ਤਕ ਢੁੱਕਵਾਂ ਉਮੀਦਵਾਰ ਭਾਲਣ 'ਚ ਉਲਝੀ ਹੋਈ ਹੈ।

ਕਾਂਗਰਸ ਦੀ ਟਿਕਟ ਦੇ ਕਈ ਦਾਅਵੇਦਾਰ ਹਨ ਪਰ ਉਨ੍ਹਾਂ 'ਚ ਜਿੱਤਣ ਦੀ ਸਮਰੱਥਾ ਵੱਖ-ਵੱਖ ਹੈ। ਇਸੇ ਗੱਲ ਨੂੰ ਲੈ ਕੇ ਅਜੇ ਤਕ ਪਾਰਟੀ ਦਾ ਉਮੀਦਵਾਰ ਤੈਅ ਨਹੀਂ ਹੋ ਸਕਿਆ। ਪਹਿਲਾਂ ਕਪੂਰਥਲਾ ਤੋਂ ਵਿਧਾਇਕ ਅਤੇ ਸੂਬਾਈ ਕਾਂਗਰਸ ਦੇ ਉਪ-ਪ੍ਰਧਾਨ ਰਾਣਾ ਗੁਰਜੀਤ ਸਿੰਘ ਦੀ ਅਗਵਾਈ 'ਚ ਪਾਰਟੀ ਦੇ ਉਮੀਦਵਾਰ ਦੀ ਚੋਣ ਲਈ ਕਮੇਟੀ ਕਾਇਮ ਕੀਤੀ ਗਈ ਸੀ ਅਤੇ ਉਸ ਵਲੋਂ 2 ਸੰਭਾਵੀ ਉਮੀਦਵਾਰਾਂ ਭਾਵ ਦਰਸ਼ਨ ਸਿੰਘ ਬਰਾੜ ਅਤੇ ਵਿਜੇ ਸਾਥੀ ਦੇ ਨਾਵਾਂ ਦੀ ਸਿਫਾਰਿਸ਼ ਕੀਤੀ ਗਈ ਸੀ ਪਰ ਪਾਰਟੀ ਲੀਡਰਸ਼ਿਪ ਨੇ ਹੁਣ ਇਸ ਮੁੱਦੇ 'ਤੇ ਮੁੜ ਵਿਚਾਰ ਕਰਨ ਲਈ ਸੂਬਾਈ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਇਕ ਹੋਰ ਕਮੇਟੀ ਕਾਇਮ ਕਰ ਦਿੱਤੀ ਸੀ ਤੇ ਵਿਜੇ ਸਾਥੀ ਦੇ ਨਾਂ ਤੇ ਮੋਹਰ ਲਾ ਦਿੱਤੀ।

ਅਸਲ 'ਚ ਕਾਂਗਰਸ ਇਹ ਮੰਨ ਕੇ ਚੱਲ ਰਹੀ ਹੈ ਕਿ ਪਿਛਲੇ ਸਾਲ ਦਸੂਹਾ ਉਪ-ਚੋਣ 'ਚ ਅਕਾਲੀ ਦਲ ਤੋਂ ਕਰਾਰੀ ਹਾਰ ਖਾਣ ਤੋਂ ਬਾਅਦ ਪਾਰਟੀ 'ਚ ਨਵੀਂ ਜਾਨ ਫੂਕਣ ਅਤੇ ਅਕਾਲੀਆਂ ਨੂੰ ਨੀਚਾ ਦਿਖਾਉਣ ਦਾ ਇਹੋ ਸਹੀ ਮੌਕਾ ਹੈ, ਇਸ ਲਈ ਪਾਰਟੀ ਲੀਡਰਸ਼ਿਪ ਹਰ ਕਦਮ ਫੂਕ-ਫੂਕ ਕੇ ਚੁੱਕ ਰਹੀ ਹੈ।

ਕੁਝ ਅਜਿਹੇ ਸੰਕੇਤ ਵੀ ਮਿਲ ਰਹੇ ਹਨ ਕਿ ਕਾਂਗਰਸ ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਦੇ ਚੋਣਾਂ ਦੌਰਾਨ ਰਹਿਣ ਲਈ ਲੁਧਿਆਣਾ ਦੇ ਇਕ ਹੋਟਲ 'ਚ ਹੀ ਪ੍ਰਬੰਧ ਕਰ ਰਹੀ ਹੈ, ਜਿਥੋਂ ਉਹ ਹਰ ਰੋਜ਼ ਪ੍ਰਚਾਰ ਲਈ ਮੋਗਾ ਜਾਇਆ ਕਰਨਗੇ। ਇਸ ਤੋਂ ਇਲਾਵਾ ਜਗਮੀਤ ਸਿੰਘ ਬਰਾੜ, ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਸਮੇਤ ਪਾਰਟੀ ਦੇ ਹੋਰਨਾਂ ਆਗੂਆਂ ਨੂੰ ਵੀ ਘੱਟੋ-ਘੱਟ ਚੋਣ ਮੁਹਿੰਮ ਦੌਰਾਨ ਇਕਜੁੱਟ ਹੋ ਕੇ ਈਮਾਨਦਾਰੀ ਨਾਲ ਚੋਣ ਮੁਹਿੰਮ 'ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

**ਵੱਖ-ਵੱਖ ਸੁਰ**

ਦੂਜੇ ਪਾਸੇ ਅਕਾਲੀ ਧੜੇ 'ਚ ਜੈਨ ਨੂੰ ਸ਼ਾਮਿਲ ਕੀਤੇ ਜਾਣ 'ਤੇ ਵੱਖ-ਵੱਖ ਸੁਰ ਸੁਣਾਈ ਦੇ ਰਹੇ ਹਨ। ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਉਮੀਦਵਾਰ ਅਤੇ ਸਾਬਕਾ ਡੀ. ਜੀ. ਪੀ.





ਪਰਮਜੀਤ ਸਿੰਘ ਗਿੱਲ ਦੇ ਹਾਰਨ ਦਾ ਮੁੱਖ ਕਾਰਨ ਅੰਦਰੂਨੀ ਧੜੇਬੰਦੀ ਵੀ ਸੀ। ਇਸ ਦੇ ਲਈ ਸਾਬਕਾ ਮੰਤਰੀ ਜਥੇ. ਤੋਤਾ ਸਿੰਘ ਦੇ ਧੜੇ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਇਸ ਵਾਰ ਜੈਨ ਵਿਰੁੱਧ ਤੋਤਾ ਸਿੰਘ ਦੇ ਨਾਲ-ਨਾਲ ਗਿੱਲ ਨੇ ਵੀ ਮੋਰਚਾ ਖੋਲ੍ਹਿਆ ਹੋਇਆ ਹੈ। ਤੋਤਾ ਸਿੰਘ ਦੇ ਪੁੱਤਰ ਮੱਖਣ ਸਿੰਘ ਦੇ ਵਿਰੁੱਧ ਮੋਗਾ ਸੈਕਸ ਸਕੈਂਡਲ 'ਚ ਜੈਨ ਵਲੋਂ ਹੀ ਕਈ ਗਵਾਹ ਖੜ੍ਹੇ ਕੀਤੇ ਗਏ ਹਨ। ਇਸ ਲਈ ਤੋਤਾ ਸਿੰਘ ਜੈਨ ਨੂੰ ਮੁਆਫ਼ ਕਰਨ ਦੇ ਮੂਡ 'ਚ ਨਹੀਂ। ਦੂਜੇ ਪਾਸੇ ਗਿੱਲ ਨੂੰ ਇਹ ਸ਼ਿਕਾਇਤ ਹੈ ਕਿ ਜਿਸ ਜੈਨ ਦੇ ਹੱਥੋਂ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ, ਹੁਣ ਉਸੇ ਨੂੰ ਪਾਰਟੀ ਲੀਡਰਸ਼ਿਪ ਵਲੋਂ ਨਾ ਸਿਰਫ਼ ਉਨ੍ਹਾਂ ਦੇ ਸਿਰ 'ਤੇ ਬਿਠਾਇਆ ਜਾ ਰਿਹਾ ਹੈ, ਸਗੋਂ ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਨਾਲ ਵੀ ਨਿਵਾਜਿਆ ਜਾ ਰਿਹਾ ਹੈ।

ਅਕਾਲੀ ਲੀਡਰਸ਼ਿਪ ਇਸ ਮਨ-ਮੁਟਾਅ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੁਝ ਅਜਿਹੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ ਕਿ ਜਿਥੇ ਇਕ ਪਾਸੇ ਤੋਤਾ ਸਿੰਘ ਦੇ ਬੇਟੇ ਵਿਰੁੱਧ ਮੋਗਾ ਸੈਕਸ ਸਕੈਂਡਲ ਕੇਸ 'ਚ ਖੜ੍ਹੇ ਕੀਤੇ ਗਏ ਗਵਾਹਾਂ ਦੇ ਬਿਆਨ ਪਲਟਵਾ ਕੇ ਮਾਮਲਾ ਰਫ਼ਾ-ਦਫ਼ਾ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਮੁੜ ਮੰਤਰੀ ਮੰਡਲ 'ਚ ਸ਼ਾਮਿਲ ਕਰ ਲਿਆ ਜਾਵੇਗਾ, ਉਥੇ ਹੀ ਗਿੱਲ ਨੂੰ ਵੀ ਕਿਸੇ ਨਾ ਕਿਸੇ ਕਾਰਪੋਰੇਸ਼ਨ 'ਚ ਜਾਂ ਕੋਈ ਹੋਰ ਅਹੁਦਾ ਦੇ ਕੇ ਨਿਵਾਜਿਆ ਜਾ ਸਕਦਾ ਹੈ। ਮੋਗਾ ਸੀਟ ਜਿੱਤਣ ਦੇ ਆਪਣੇ ਮਕਸਦ 'ਚ ਅਕਾਲੀ ਦਲ ਕਿੰਨਾ ਕਾਮਯਾਬ ਹੁੰਦਾ ਹੈ, ਇਹ ਤਾਂ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ।

**ਦੂਰ ਦੀ ਕੌਡੀ-** ਸਿਆਸੀ ਹਲਕਿਆਂ 'ਚ ਇਹ ਮੰਨਿਆ ਜਾ ਰਿਹਾ ਹੈ ਕਿ ਜੈਨ ਨੂੰ ਅਕਾਲੀ ਦਲ 'ਚ ਸ਼ਾਮਿਲ ਕਰਕੇ ਪਾਰਟੀ ਪ੍ਰਧਾਨ ਅਤੇ ਉਪ-ਮੁੱਖ ਮੰਤਰੀ ਸੁਖਬੀਰ ਬਾਦਲ ਨੇ 'ਦੂਰ ਦੀ ਕੌਡੀ' ਖੇਡੀ ਹੈ। ਕਾਂਗਰਸ ਨੂੰ ਇਕ ਕਰਾਰਾ ਸਿਆਸੀ ਝਟਕਾ ਦੇਣ ਤੋਂ ਇਲਾਵਾ ਅਕਾਲੀ ਦਲ ਆਪਣੇ ਬਲਬੂਤੇ 'ਤੇ 117 ਮੈਂਬਰੀ ਵਿਧਾਨ ਸਭਾ 'ਚ ਬਹੁਮਤ ਹਾਸਿਲ ਕਰਨਾ ਚਾਹੁੰਦਾ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਸ ਨੂੰ 56 ਸੀਟਾਂ ਮਿਲੀਆਂ, ਜਦਕਿ ਭਾਜਪਾ ਨੂੰ 12 ਸੀਟਾਂ ਮਿਲੀਆਂ ਸਨ। ਬਾਅਦ 'ਚ ਲੁਧਿਆਣਾ ਤੋਂ ਨਾਮਜ਼ਦ ਹੋਏ ਬੈਂਸ ਭਰਾ ਅਕਾਲੀ ਦਲ ਦੇ ਐਸੋਸੀਏਟ ਮੈਂਬਰ ਬਣ ਗਏ, ਜਿਸ ਨਾਲ ਅਕਾਲੀ ਦਲ ਦੇ ਮੈਂਬਰਾਂ ਦੀ ਕੁਲ ਗਿਣਤੀ 58 ਹੋ ਗਈ। ਜੇ ਹੁਣ ਅਕਾਲੀ ਦਲ ਨੂੰ ਮੋਗਾ ਵਾਲੀ ਸੀਟ ਵੀ ਮਿਲ ਜਾਂਦੀ ਹੈ ਤਾਂ ਇਸ ਨੂੰ ਸਦਨ 'ਚ ਸਪੱਸ਼ਟ ਬਹੁਮਤ ਮਿਲ ਜਾਵੇਗਾ ਤੇ ਬਾਦਲ ਸਰਕਾਰ ਦੀ ਭਾਜਪਾ 'ਤੇ ਨਿਰਭਰਤਾ ਖਤਮ ਹੋ ਜਾਵੇਗੀ। ਹਾਲਾਂਕਿ ਦੋਹਾਂ ਭਾਈਵਾਲਾਂ ਦੇ ਸੰਬੰਧ ਟੁੱਟਣ ਦੀ ਫਿਲਹਾਲ ਕੋਈ ਸੰਭਾਵਨਾ ਨਹੀਂ ਹੈ, ਫਿਰ ਵੀ ਭਾਜਪਾ ਵਲੋਂ ਹਰੇਕ ਅਹਿਮ ਮੁੱਦੇ 'ਤੇ ਆਪਣੀ ਜ਼ਿੱਦ ਮੰਨਵਾਉਣ ਦੇ ਸਿਲਸਿਲੇ 'ਤੇ ਇਸ ਨਾਲ ਕੁਝ ਰੋਕ ਲੱਗ ਜਾਵੇਗੀ।

## ਲੋਕ ਰਾਜ ਵਿਚ ਜਾ-ਨਸ਼ੀਨ?

ਲੱਛੇਦਾਰ ਤਕਰੀਰਾਂ ਨਿਤ ਕਰੀ ਜਾਂਦੇ
ਖਾਲੀ ਵ੍ਹਾਅਦਿਆਂ ਨਾਲ ਹੀ ਲੱਦੀਆਂ ਜੀ।
ਰਹਿੰਦੇ ਭੰਡਦੇ ਸਦਾ ਵਿਰੋਧੀਆਂ ਨੂੰ
ਲਾ ਕੇ ਤੋਹਮਤਾਂ ਝੂਠੀਆਂ ਭੱਦੀਆਂ ਜੀ।
ਬਾਦਸ਼ਾਹਾਂ ਦੇ ਵਾਂਗ ਖ਼ੁਦ ਐਸ਼ ਕਰਦੇ
ਪਰਜਾ ਸਹਿੰਦੀ ਏ ਤੰਗੀਆਂ ਤੱਦੀਆਂ ਜੀ।
'ਵੋਟਾਂ ਲੈਣ' ਦਾ ਇੱਕੋ ਹੀ ਫਾਰਮੂਲਾ
ਕਾਲੇ ਧਨ ਦੀਆਂ ਰੱਖੀਆਂ ਥੱਦੀਆਂ ਜੀ।
'ਲੋਕਾਂ ਵਲੋਂ' ਜਾਂ 'ਲੋਕਾਂ ਦਾ' ਰਾਜ ਕਿੱਥੇ?
ਸਾਰੇ ਲੀਡਰਾਂ ਗੱਲਾਂ ਇਹ ਰੱਦੀਆਂ ਜੀ।
ਲੋਕ ਰਾਜ ਦਾ ਦੇਖੋ ਜੀ ਰੰਗ ਦੇਸੀ!
ਹਾਕਮ ਪੁੱਤਾਂ ਨੂੰ ਸੌਂਪਦੇ ਗੱਦੀਆਂ ਜੀ!!



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਗਣਤੰਤਰ ਦਿਵਸ ਅਤੇ ਡਾ: ਅੰਬੇਦਕਰ



ਅਰੁਨ ਕੁਮਾਰ,
ਅੰਬੇਡਕਰ ਮਿਸ਼ਨ ਸੁਸਾਇਟੀ,
ਬੈਡਫੋਰਡ, ਯੂਕੇ.

26 ਜਨਵਰੀ, 1950 ਅਜ਼ਾਦ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਹੀ ਮਹੱਤਵ ਪੂਰਨ ਦਿਵਸ ਹੈ।ਬੇਸ਼ਕ ਭਾਰਤ 15 ਅਗਸਤ 1947 ਨੂੰ ਅੰਗਰੇਜ਼ਾਂ ਦੇ ਰਾਜ ਤੋਂ ਅਜ਼ਾਦ ਹੋਇਆ ਸੀ। ਪਰ ਜੇ ਕਰ ਦੇਖਿਆ ਜਾਵੇ ਤਾਂ 15 ਅਗਸਤ 1947 ਨੂੰ ਤਾਂ ਕੇਵਲ ਅੰਗਰੇਜ਼ ਹੁਕਮਰਾਨਾਂ ਤੋਂ ਭਾਰਤੀ ਹੁਕਮਰਾਨ ਹੀ ਬਦਲੇ ਸਨ, ਕਨੂੰਨ ਬਰਤਾਨਵੀ ਸਰਕਾਰ ਦਾ ਹੀ ਚਲਦਾ ਸੀ।ਕਿਉਂਕਿ ਅਜ਼ਾਦ ਭਾਰਤ ਪਾਸ ਆਪਣਾ ਕੋਈ ਵਿਧਾਨ ਨਹੀਂ ਸੀ ਇਸ ਕਰਕੇ ਸਰਕਾਰ ਅਤੇ ਸਰਕਾਰੀ ਕੰਮ ਕਾਜ ਪੁਰਾਣੇ ਵਿਧਾਨ ਗੌਰਮੈਂਟ ਆਫ ਇੰਡੀਆ ਐਕਟ 1935 ਨਾਲ ਹੀ ਚਲਦਾ ਰਿਹਾ।ਦਰਅਸਲ 26 ਜਨਵਰੀ 1950 ਵਾਲੇ ਦਿਨ ਭਾਰਤ ਨੂੰ ਅਸਲੀ ਅਜ਼ਾਦੀ ਦਾ ਦਿਨ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਦਿਨ ਅੰਗਰੇਜ਼ਾਂ ਵਲੋਂ ਬਣਾਏ ਗਏ ਕਨੂੰਨ ਗੌਰਮੈਂਟ ਆਫ ਇੰਡੀਆ ਐਕਟ 1935 ਨੂੰ ਖਤਮ ਕਰ ਕੇ ਭਾਰਤ ਦਾ ਨਵਾਂ ਸਵਿਧਾਨ ਲਾਗੂ ਕੀਤਾ ਗਿਆ।ਇਸ ਕਰਕੇ 26 ਜਨਵਰੀ ਨੂੰ ਗਣਤੰਤਰ ਦਿਵਸ ਵਜੋਂ ਜਾਣਿਆ ਜਾਂਦਾ ਹੈ।

ਭਾਰਤ ਅਜ਼ਾਦ ਹੋਣ ਤੋਂ ਬਾਦ 29 ਅਗਸਤ 1947 ਨੂੰ ਭਾਰਤ ਦਾ ਸਥਾਈ ਸਵਿਧਾਨ ਤਿਆਰ ਕਰਨ ਵਾਸਤੇ ਡਾ: ਭੀਮ ਰਾਓ ਅੰਬੇਡਕਰ ਦੀ ਪ੍ਰਧਾਨਗੀ ਹੇਠ ਸਵਿਧਾਨ ਘੜਨੀ ਕਮੇਟੀ ਦੀ ਸਥਾਪਨਾ ਕੀਤੀ ਗਈ।ਇਸ ਕਮੇਟੀ ਦੇ 6 ਮੈਂਬਰ ਸਨ। ਇਸ ਕਮੇਟੀ ਵਲੋਂ ਸਵਿਧਾਨ ਦਾ ਮਸੌਦਾ ਤਿਆਰ ਕਰ ਕੇ 4 ਨਵੰਬਰ 1947 ਨੂੰ ਸੰਸਦ ਵਿਚ ਪੇਸ਼ ਕੀਤਾ ਗਿਆ।ਸਸੰਦ ਵਿਚ ਕਾਫੀ ਚਰਚਾ, ਵਿਚਾਰ ਵਟਾਂਦਰੇ ਅਤੇ ਤਕਰੀਬਨ 400 ਸੋਧਾਂ ਤੋਂ ਬਾਦ ਸੰਸਦ ਨੇ 26 ਨਵੰਬਰ 1949 ਨੂੰ ਇਸ ਮਸੋਦੇ ਨੂੰ ਸਵਿਕਾਰ ਕਰ ਲਿਆ। ਸਵਿਧਾਨ ਨੂੰ ਮੁਕਮਲ ਕਰਨ ਵਿਚ 2 ਸਾਲ 11 ਮਹੀਨੇ ਅਤੇ 18 ਦਿਨ ਦਾ ਸਮਾਂ ਲਗਿਆ। 26 ਜਨਵਰੀ 1950 ਨੂੰ ਇਹ ਸਵਿਧਾਨ ਪੂਰੀ ਤਰਾਂ ਲਾਗੂ ਕਰ ਦਿਤਾ ਗਿਆ ਅਤੇ ਭਾਰਤ ਇਕ ਅਜ਼ਾਦ ਲੋਕ ਤੰਤਰੀ ਗਣਰਾਜ ਬਣ ਗਿਆ। ਉਸ ਦਿਨ ਤੋਂ ਹੀ ਇਹ ਦਿਨ ਕੌਮੀ ਦਿਵਸ ਵਜੋਂ ਸਾਰੇ ਭਾਰਤ ਵਿਚ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਸਵਿਧਾਨ ਭਾਰਤ ਦਾ ਸਭ ਤੋਂ ਸਰਵਉਤਮ ਕਨੂੰਨ ਦਾ ਗ੍ਰੰਥ ਹੈ। ਇਸ ਵਿਚ ਸਰਕਾਰੀ ਢਾਂਚੇ, ਸਰਕਾਰੀ ਵੱਖ 2 ਅਦਾਰਿਆਂ ਦੀ ਸ਼ਕਤੀ, ਕੰਮ ਕਾਰ, ਜਿਮੇਵਾਰੀਆਂ, ਭਾਰਤੀ ਨਾਗਰਿਕਾਂ ਦੀਆਂ ਜ਼ਿਮੇਵਾਰੀਆਂ, ਮੌਲਕ ਅਧਿਕਾਰਾਂ, ਨਿਰਦੇਸ਼ਿਕ ਸਿਧਾਤਾਂ ਆਦਿ ਦਾ ਵਿਸਥਾਰ ਨਾਲ ਵਰਨਣ ਹੈ।ਇਹ ਦੁਨੀਆਂ ਵਿਚ ਸਭ ਤੋਂ ਵਡਾ ਸਵਿਧਾਨ ਹੈ। ਦੁਨੀਆਂ ਦੇ ਵੱਖ 2 ਸਵਿਧਾਨਾਂ ਦੇ ਅਧਿਅਨ ਤੋਂ ਬਾਦ ਇਹ ਸਵਿਧਾਨ ਲਿਖਿਆ ਗਿਆ ਹੈ। ਕਿਉਂਕਿ ਡਾ: ਅੰਬੇਡਕਰ ਨੇ ਅਮਰੀਕਾ, ਇੰਗਲੈਂਡ ਅਤੇ ਜਰਮਨੀ ਵਿਚੋਂ ਉਚ ਸ਼ਿਖਸ਼ਾ ਪ੍ਰਾਪਤ ਕੀਤੀ ਸੀ ਇਸ ਕਰਕੇ ਉਸ ਉਪਰ ਇਥੋਂ ਦੇ ਅਜ਼ਾਦੀ ਅਤੇ ਬਰਾਬਰਤਾ ਵਾਲੇ ਸਮਾਜਿਕ ਢਾਂਚੇ ਦਾ ਪ੍ਰਭਾਵ ਪੈਣਾ ਸੁਭਾਵਕ ਸੀ।ਡਾ: ਅੰਬੇਡਕਰ ਨੇ ਸਾਰੀ ਉਮਰ ਜਾਤੀ ਵਿਤਕਰੇ ਦਾ ਦੁੱਖ ਆਪਣੇ ਪਿੰਡੇ ਹੰਢਾਇਆ। ਕੋਈ ਹੋਰ ਵਿਤਕਰੇ ਦਾ ਸ਼ਿਕਾਰ ਨਾ ਹੋਵੇ, ਜਾਤੀ ਵਿਤਕਰੇ ਨੂੰ ਸਵਿਧਾਨ ਰਾਹੀਂ ਗੈਰ ਕਨੂੰਨੀ ਕਰਾਰ ਦਿੱਤਾ।ਉਸ ਨੇ ਅਜ਼ਾਦੀ, ਬਰਾਬਰਤਾ, ਆਪਸੀ ਭਾਈਚਾਰੇ ਅਤੇ ਬਰਾਬਰ ਦੇ ਨਿਆਂ ਨੂੰ ਸਵਿਧਾਨ ਦਾ ਹਿੱਸਾ ਬਣਾਇਆ।ਹਰੇਕ ਤਰ੍ਹਾਂ ਦੇ ਵਿਤਕਰੇ ਤੇ ਪੰਬਦੀ ਲਗਾਈ।ਉਸ ਨੇ ਪਛੜੀਆਂ ਜਾਤੀਆਂ ਦੇ ਸਰਕਾਰੀ ਨੌਕਰੀਆਂ ਵਿਚ ਰਾਖਵੇਂਪਣ ਦਾ ਪ੍ਰਬੰਧ ਕੀਤਾ ਤਾਂ ਕਿ ਸਮਾਜ ਦਾ ਪਛੜਿਆ ਹੋਇਆ ਵਰਗ ਬਾਕੀਆਂ ਦੇ ਬਰਾਬਰ ਖੜ੍ਹਾ ਹੋ ਸਕੇ। ਸਵਿਧਾਨ ਘੜਨੀ ਕਮੇਟੀ ਦੇ ਚੈਅਰਮੈਨ ਨਾਤੇ ਡਾ: ਅੰਬੇਡਕਰ ਨੇ ਸਵਿਧਾਨ ਉਪਰ ਇਕ ਗੂੜ੍ਹੀ ਛਾਪ ਛਡੀ ਹੈ। ਵੇਸੈ ਵੀ ਸਵਿਧਾਨ ਤਿਆਰ ਕਰਨ ਵਿਚ ਅਤੇ ਸੰਸਦ ਵਿਚ ਬਹਿਸ ਦੌਰਾਨ ਇਸ ਵਿਚਲੀਆਂ ਵੱਖ 2 ਮਦਾਂ ਨੂੰ ਪਾਸ ਕਰਵਾਉਂਣ ਵਿਚ ਡਾ: ਅੰਬੇਡਕਰ ਨੇ ਮੁੱਖ ਭੂਮਿਕਾ ਨਿਭਾਈ ਹੈ ਜਿਸ ਕਰਕੇ ਹੀ ਉਸ ਨੂੰ ਭਾਰਤੀ ਸਵਿਧਾਨ ਦਾ ਪਿਤਾਮਾ, ਭਾਰਤੀ ਸਵਿਧਾਨ ਦਾ ਮੱਖ ਨਿਰਮਾਤਾ ਜਿਹੇ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।

ਡਾ: ਅੰਬੇਡਕਰ ਦੀ ਸਵਿਧਾਨ ਪ੍ਰਤੀ ਏਡੀ ਵੱਡੀ ਦੇਣ ਦੇ ਬਾਵਜੂਦ 26 ਜਨਵਰੀ ਵਾਲੇ ਦਿਨ ਲੋਕ ਮੁਸ਼ਕਲ ਨਾਲ ਹੀ ਉਸ ਦਾ ਨਾਂ ਲੈਂਦੇ ਹਨ। ਹਾਲਾਂ ਕਿ ਇਹ ਲੋਕ ਭੁਲ ਜਾਂਦੇ ਹਨ ਕਿ ਇਹ ਸਵਿਧਾਨ ਹੀ ਹੈ ਜਿਸ ਨੇ ਭਾਰਤ ਨੂੰ ਹਾਲੇ ਤਕ ਇਕ ਇਕਾਈ ਵਜੋਂ ਬੰਨ੍ਹ ਕੇ ਰੱਖਿਆ ਹੈ। ਜੇ ਕਰ ਸਵਿਧਾਨ ਕਮਜ਼ੋਰ ਹੁੰਦਾ ਤਾਂ ਭਾਰਤ ਕਦੋਂ ਦਾ ਖੇਰੂ 2 ਹੋ ਜਾਣਾ ਸੀ। ਪਰ ਅਫਸੋਸ ਹੈ ਕਿ ਡਾ: ਅੰਬੇਡਕਰ ਦੀ ਇਸ ਮਹਾਨ ਦੇਣ ਨੂੰ ਬਹੁਤੇ ਭਾਰਤੀ ਸਵਿਕਾਰ ਕਰਨ ਨੂੰ ਤਿਆਰ ਹੀ ਨਹੀਂ ਹਨ।ਬਦਕਿਸਮਤੀ ਦੀ ਗਲ ਇਹ ਹੈ ਕਿ ਭਾਰਤ ਵਿਚ ਇਨਸਾਨ ਦੀ ਮਹਤਤਾ ਉਸ ਦੇ ਗੁਣਾਂ ਕਾਰਣ ਨਹੀਂ ਮਿਥੀ ਜਾਂਦੀ ਸਗੋਂ ਉਸ ਦੀ ਜਾਤ ਉਪਰ ਅਧਾਰਤ ਕੀਤੀ ਜਾਂਦੀ ਹੈ। ਇਹੀ ਵਤੀਰਾ ਡਾ: ਅੰਬੇਡਕਰ ਨਾਲ ਹੋਇਆ ਹੈ। ਕਈ ਲੋਕ ਹਾਲੇ ਵੀ ਡਾ: ਅੰਬੇਡਕਰ ਨੂੰ ਸਵਿਧਾਨ ਦਾ ਨਿਰਮਾਤਾ ਮੰਨਣ ਤੋਂ ਕਤਰਾਉਂਦੇ ਹਨ। ਉਹ ਦਾਹਵਾ ਕਰਦੇ ਹਨ ਕਿ ਉਸ ਨੇ ਇਕਲੇ ਸਵਿਧਾਨ ਨਹੀਂ ਬਣਾਇਆ ਸਵਿਧਾਨ ਘੜਨੀ ਕਮੇਟੀ ਵਿਚ ਉਸ ਨਾਲ ਹੋਰ ਵੀ ਕਈ ਵਿਅੱਕਤੀ ਸਨ ਜਿਨ੍ਹਾਂ ਨੇ ਸਵਿਧਾਨ ਬਣਾਉਂਣ ਵਿਚ ਸਹਾਇਤਾ ਕੀਤੀ। ਇਹ ਗਲ ਸਹੀ ਹੈ ਪਰ ਜੇ ਕਰ ਅੰਬੇਡਕਰ ਦੇ ਯੋਗਦਾਨ ਅਤੇ ਬਾਕੀ ਮੈਂਬਰਾਂ ਦੇ ਯੋਗਦਾਨ ਨੂੰ ਘੋਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਡਾ: ਅੰਬੇਡਕਰ ਨੇ ਇਕਲਿਆਂ ਆਪਣੇ ਬਲਬੂਤੇ ਤੇ ਏਡੇ ਵੱਡੇ ਕਾਰਜ ਨੂੰ ਨੇਪਰੇ ਚਾੜ੍ਹਿਆ। ਇਸ ਦਾ ਪ੍ਰਮਾਣ ਸਵਿਧਾਨ ਘੜਨੀ ਕਮੇਟੀ ਦੇ ਹੀ ਇਕ ਮੈਂਬਰ ਸ੍ਰੀ ਟੀ. ਟੀ. ਕਰਿਸ਼ਨਮਾਚਾਰੀ ਦੇ ਕਥਨ ਤੋਂ ਮਿਲਦਾ ਹੈ। ਉਸ ਨੇ ਸੰਸਦ ਵਿਚ ਡਾ: ਅੰਬੇਡਕਰ ਦੀ ਲਗਨ ਅਤੇ ਮੇਹਨਤ ਬਾਰੇ ਬੋਲਦਿਆਂ ਕਿਹਾ, ਉਸੰਸਦ ਨੂੰ ਸ਼ਾਇਦ ਇਹ ਜਾਣਕਾਰੀ ਹੈ ਕਿ ਤੁਸੀਂ ਸਵਿਧਾਨ ਨੂੰ ਬਣਾਉਂਣ ਵਾਸਤੇ ਸਤ ਮੈਂਬਰ ਚੁਣੇ ਸੀ।ਉਨ੍ਹਾਂ ਵਿਚੋਂ ਇਕ ਨੇ ਅਸਤੀਫਾ ਦੇ ਦਿੱਤਾ ਅਤੇ ਉਸ ਦੀ ਜਗ੍ਹਾ ਭਰ ਲਈ ਗਈ। ਇਕ ਚਲਾਣਾ ਕਰ ਗਿਆ ਅਤੇ ਉਸ ਦੀ ਜਗ੍ਹਾ ਭਰੀ ਨਹੀਂ ਗਈ। ਇਕ ਅਮਰੀਕਾ ਚਲੇ ਗਿਆ ਉਸ ਦੀ ਜਗ੍ਹਾ ਵੀ ਹੋਰ ਕੋਈ ਨਹੀਂ ਲਿਆ ਗਿਆ।ਇਕ ਮੈਂਬਰ ਸਰਕਾਰੀ ਕੰਮਾਂ ਵਿਚ ਰੁਝਿਆ ਹੋਣ ਕਰਕੇ ਸਮਾਂ ਨਹੀਂ ਦੇ ਸਕਿਆ।ਦੋ ਮੈਂਬਰ ਦਿਲੀ ਤੋਂ ਬਾਹਰ ਰਹਿੰਦੇ ਸੀ। ਉਹ ਸ਼ਾਇਦ ਸੇਹਤ ਠੀਕ ਨਾ ਹੋਣ ਕਾਰਣ ਬੈਠਕਾਂ ਵਿਚ ਸ਼ਾਮਲ ਨਹੀਂ ਹੋ ਸਕੇ।ਅੰਤ ਵਿਚ ਸਵਿਧਾਨ ਨੂੰ ਤਿਆਰ ਕਰਨ ਦਾ ਸਾਰੇ ਦਾ ਸਾਰਾ ਬੋਝ ਡਾ: ਅੰਬੇਡਕਰ ਦੇ ਮੋਢਿਆ ਤੇ ਆ ਪਿਆ।ਮੈਨੂੰ ਇਹ ਕਹਿਣ ਵਿਚ ਕੋਈ ਝਿਝਕ ਨਹੀਂ ਕਿ ਸਾਨੂੰ ਸਭ ਨੂੰ ਉਸ ਦੇ ਧਨਵਾਦੀ ਹੋਣਾ ਚਾਹੀਦਾ ਹੈ ਜਿਸ ਨੇ ਜਿਸ ਢੰਗ ਨਾਲ ਇਹ ਕੰਮ ਨਿਪਟਾਇਆ ਹੈ ਉਹ ਬਗੈਰ ਸ਼ਕ ਸ਼ਲਾਘਾਯੋਗ ਹੈ।"

ਕੰਨਸਟੀਚੂਐਂਟ ਅਸੈਂਬਲੀ ਦੇ ਪਰਧਾਨ, ਡਾ: ਰਜਿੰਦਰ ਪ੍ਰਸ਼ਾਦ ਨੇ ਡਾ: ਅੰਬੇਡਕਰ ਦੀ ਸਵਿਧਾਨ ਪ੍ਰਤੀ ਦੇਣ ਉਪਰ ਟਿਪਣੀ ਕਰਦੇ ਹੋਏ ਕਿਹਾ, ਉਪ੍ਰਧਾਨ ਹੋਣ ਦੇ ਨਾਤੇ ਮੈਂ ਦਿਨ ਬ ਦਿਨ ਸੰਸਦ ਦੀ ਕਾਰਵਾਈ ਦੇਖੀ ਹੈ ਅਤੇ ਮਹਿਸੂਸ ਕੀਤਾ ਹੈ ਕਿ ਸੇਹਤ ਖਰਾਬ ਹੋਣ ਦੇ ਬਾਵਜੂਦ ਵੀ ਜਿਸ ਲਗਨ ਅਤੇ ਮੇਹਨਤ ਨਾਲ ਡਾ: ਅੰਬੇਡਕਰ ਨੇ ਸਵਿਧਾਨ ਉਪਰ ਕੰਮ ਕੀਤਾ ਹੈ ਸ਼ਾਇਦ ਹੀ ਅਜੇਹਾ ਹੋਰ ਕੋਈ ਕਰ ਸਕਦਾ"। ਪੂਨਾ ਪੈਕਟ ਸਮੇਂ ਤੋਂ ਹਿੰਦੂ ਮੈਂਬਰ ਸ੍ਰੀ ਜਸਪਤ ਰਾਏ ਕਪੂਰ ਡਾ: ਅੰਬੇਡਕਰ ਦਾ ਕਟੜ ਵਿਰੋਧੀ ਸੀ। ਉਹ ਵੀ ਡਾ: ਅੰਬੇਡਕਰ ਦੀ ਪ੍ਰਸ਼ੰਸਾ ਤੋਂ ਬਗੈਰ ਰਹਿ ਨਹੀਂ ਸਕਿਆ। ਉਸ ਦਾ ਕਥਨ ਸੀ, ਉਸਵਿਧਾਨ ਤਿਆਰ ਕਰ ਕੇ ਡਾ: ਅੰਬੇਡਕਰ ਨੇ ਜੋ ਦੇਸ਼ ਭਗਤੀ ਦਾ ਕੰਮ ਕੀਤਾ ਹੈ, ਉਸ ਦਾ ਮੈਂ ਕਾਇਲ ਹੋ ਗਿਆ ਹਾਂ। ਸੰਸਦ ਵਿਚ ਉਸ ਦੇ ਪਹਿਲੇ ਭਾਸ਼ਨ ਨੇ ਹੀ ਮੇਰੇ ਸਭ ਸ਼ਿਕਵੇ ਗਿਲੇ ਦੂਰ ਕਰ ਦਿੱਤੇ। ਅਜ ਮੈਂ ਉਸ ਨੂੰ ਸਭ ਤੋਂ ਵਡੇ ਦੇਸ਼ ਭਗਤਾਂ ਵਿਚੋਂ ਇਕ ਦੇਸ਼ ਭਗਤ ਮੰਨਦਾ ਹਾਂ"। ਇਕ ਹੋਰ ਮੈਂਬਰ ਸ੍ਰੀ ਮਹਿਬੂਬ ਅਲੀ ਬੇਗ ਨੇ ਅੰਬੇਡਕਰ ਦੀ ਪ੍ਰਸੰਸਾ ਕਰਦੇ ਹੋਏ ਕਿਹਾ, ਉਡਾ: ਅੰਬੇਡਕਰ ਸਵਿਧਾਨਿਕ ਅਤੇ ਆਰਥਿਕ ਮਾਮਲਿਆਂ ਵਿਚ ਨਿਪੁੰਨ ਹੋਣ ਕਰਕੇ ਉਹ ਬਾਕੀਆਂ ਤੋਂ ਨਵੇਕਲਾ ਉਭਰ ਕੇ ਆਇਆ ਹੈ।" ਉਸ ਵੇਲੇ ਦੇ ਕਮੇਟੀ ਮੈਂਬਰਾਂ ਦੇ ਕਥਨਾਂ ਤੋਂ ਸਪਸ਼ਟ ਹੈ ਕਿ ਅੰਬੇਡਕਰ ਨੇ ਸਵਿਧਾਨ ਦੀ ਰਚਨਾ ਪ੍ਰਤੀ ਸਾਰੇ ਮੈਂਬਰਾਂ ਤੋਂ ਕਿਤੇ ਵੱਧ ਯੋਗਦਾਨ ਪਾਇਆ ਹੈ। ਇਸ ਕਰ ਕੇ ਉਸ ਨੂੰ ਸਵਿਧਾਨ ਦਾ ਮੁੱਖ ਨਿਰਮਾਤਾ ਜਾਂ ਸਵਿਧਾਨ ਦਾ ਪਿਤਾਮਾ ਕਹਿ ਕੇ ਸੰਬੋਧਨ ਕਰਨਾ ਬਿਲਕੁਲ ਸਹੀ ਹੈ।ਇਹ ਸਮਝ ਨਹੀਂ ਆਉਂਦੀ ਕਿ ਉਸ ਨੂੰ ਬਣਦਾ ਸਨਮਾਨ ਦੇਣ ਵਿਚ ਦਿੱਕਤ ਕਿਉਂ ਆਉਂਦੀ ਹੈ? ਕਈ ਲੋਕ ਭਾਰਤ ਵਿਚ ਮੌਜੂਦਾ ਭ੍ਰਿਸ਼ਟਾਚਾਰ ਅਤੇ ਸਮਾਜਿਕ ਸਮਸਿਆਵਾਂ ਬਾਰੇ ਸਵਿਧਾਨ ਨੂੰ ਦੋਸ਼ੀ ਠਹਿਰਾਉਂਦੇ ਹਨ ਅਤੇ ਇਸ ਨੂੰ ਬਦਲਣ ਦੀ ਵਕਾਲਤ ਕਰਦੇ ਹਨ।

ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਤਾਂ ਇਸ ਨੂੰ ਬਦਲਣ ਵਾਸਤੇ ਇਕ ਕਮੇਟੀ ਦਾ ਗਠਨ ਵੀ ਕੀਤਾ ਸੀ ਪਰ ਉਹ ਇਸ ਮਾਮਲੇ ਵਿਚ ਕਾਮਯਾਬ ਨਹੀਂ ਹੋਏ। ਹੁਣ ਦੇਖਣ ਵਾਲੀ ਗਲ ਇਹ ਹੈ ਕਿ ਕੀ ਵਾਕਿਆ ਹੀ ਸਵਿਧਾਨ ਸਾਰੀਆਂ ਸਮਸਿਆਵਾਂ ਦਾ ਜ਼ਿਮੇਵਾਰ ਹੈ? ਡਾ: ਅੰਬੇਡਕਰ ਨੇ ਉਸ ਸਮੇਂ ਹੀ ਇਸ ਦਾ ਜਵਾਬ ਦੇ ਦਿੱਤਾ ਸੀ। ਉਸ ਦਾ ਇਸ ਬਾਰੇ ਕਹਿਣਾ ਸੀ, ਉਸਵਿਧਾਨ ਜਿੰਨਾ ਮਰਜ਼ੀ ਚੰਗਾ ਹੋਵੇ, ਜੇ ਕਰ ਉਸ ਨੂੰ ਲਾਗੂ ਕਰਨ ਵਾਲੇ ਮਾੜੇ ਲੋਕ ਹਨ ਤਾਂ ਇਹ ਸਵਿਧਾਨ ਮਾੜਾ ਸਾਬਿਤ ਹੋਵੇਗਾ। ਪਰ ਜੇ ਕਰ ਮਾੜੇ ਸਵਿਧਾਨ ਨੂੰ ਲਾਗੂ ਕਰਨ ਵਾਲੇ ਲੋਕ ਚੰਗੇ ਅਤੇ ਇਮਾਨਦਾਰ ਹਨ ਤਾਂ ਮਾੜਾ ਸਵਿਧਾਨ ਵੀ ਚੰਗਾ ਹੋ ਨਿ-ਬੜੇਗਾ"। ਡਾ: ਅੰਬੇਡਕਰ ਦੇ ਕਥਨ ਤੋਂ ਸਪਸ਼ੱਟ ਹੈ ਕਿ ਸਵਿਧਾਨ ਦਾ ਚੰਗਾ ਜਾਂ ਮਾੜਾ ਹੋਣਾ ਸਵਿਧਾਨ ਲਾਗੂ ਕਰਨ ਵਾਲਿਆਂ ਦੀ ਨੀਅਤ ਤੇ ਨਿਰਭਰ ਹੈ।ਜੇ ਕਰ ਸਰਕਾਰ ਸਵਿਧਾਨ ਨੂੰ ਈਮਾਨਦਾਰੀ ਨਾਲ ਲਾਗੂ ਕਰੇ ਤਾਂ ਭਾਰਤ ਦੀਆਂ ਬਹੁਤੀਆਂ ਸਮਸਿਆਵਾਂ ਆਪਣੇ ਆਪ ਹੀ ਹਲ ਹੋ ਜਾਣਗੀਆਂ।

ਡਾ: ਅੰਬੇਡਕਰ ਬਹੁਤ ਦੂਰ ਦਰਸ਼ੀ ਸੀ। 25 ਨਵੰਬਰ 1949 ਨੂੰ ਸੰਸਦ ਵਿਚ ਸਵਿਧਾਨ ਪੇਸ਼ ਕਰਦੇ ਹੋਏ ਉਸ ਨੇ ਭਾਰਤਵਾਸੀਆਂ ਨੂੰ ਭਵਿਖ ਵਿਚ ਆਉਂਣ ਵਾਲੀਆਂ ਸਮਸਿਆਵਾਂ ਬਾਰੇ ਚਿਤਾਵਨੀ ਦਿੰਦੇ ਹੋਏ ਕਿਹਾ ਸੀ, ਉਭਾਰਤ ਵਿਚ ਵੱਖ 2 ਵਿਰੋਧੀ ਵਿਚਾਰਾਂ ਅਤੇ ਧਾਰਮਿਕ ਵਿਸ਼ਵਾਸਾਂ ਦੇ ਆਧਾਰ ਤੇ ਕਈ ਰਾਜਨੀਤਿਕ ਪਾਰਟੀਆਂ ਹੋਂਦ ਵਿਚ ਆਉਂਣਗੀਆਂ।ਕੀ ਭਾਰਤੀ ਲੋਕ ਦੇਸ਼ ਨੂੰ ਧਰਮ ਤੋਂ ਉਪਰ ਰਖਣਗੇ ਜਾ ਫਿਰ ਧਰਮ ਨੂੰ ਦੇਸ਼ ਤੋਂ। ਇਹ ਮੈਂ ਨਹੀਂ ਜਾਣਦਾ। ਪਰ ਇਕ ਗਲ ਨਿਸਚਤ ਹੈ ਜੇ ਕਰ ਪਾਰਟੀਆਂ ਨੇ ਧਰਮ ਨੂੰ ਦੇਸ਼ ਤੋਂ ਉਪਰ ਰੱਖਿਆ ਤਾਂ ਸਾਡੀ ਅਜ਼ਾਦੀ ਖਤਰੇ ਵਿਚ ਪੈ ਜਾਵੇਗੀ।" ਅਜ ਕਲ ਕੀ ਹੋ ਰਿਹਾ ਹੈ? ਧਰਮ ਅਤੇ ਧਾਰਮਿਕ ਸਥਾਨਾਂ ਨੂੰ ਜ਼ਿਆਦਾ ਪਹਿਲ ਦਿੱਤੀ ਜਾਂਦੀ ਹੈ। ਧਰਮ ਨੂੰ ਖਤਰਾ ਦਸ ਕੇ ਨਿਤ ਫਿਰਕੂ ਦੰਗੇ ਹੁੰਦੇ ਹਨ। ਕਰੋੜਾਂ ਦੀ ਸੰਪਤੀ ਦਾ ਨੁਕਸਾਨ ਹੁੰਦਾ ਹੈ ਅਤੇ ਕਈ ਜਾਨਾਂ ਜਾਂਦੀਆਂ ਹਨ। ਅਜੇਹੇ ਮਹੌਲ ਵਿਚ ਹਰ ਇਕ ਵਿਅੱਕਤੀ ਘੁਟਨ ਮਹਿਸੂਸ ਕਰਦਾ ਹੈ।ਕੀ ਇਸ ਤਰ੍ਹਾਂ ਦੀ ਅਜ਼ਾਦੀ ਦੀ ਸਾਡੇ ਬਜ਼ੁਰਗਾਂ ਨੇ ਕਲਪਨਾ ਕੀਤੀ ਸੀ? ਡਾ: ਅੰਬੇਡਕਰ ਨੇ ਖੁਸ਼ਹਾਲ ਭਾਰਤ ਦਾ ਸੁਪਨਾ ਦੇਖਿਆ ਸੀ। ਉਸ ਦੀ ਪ੍ਰਾਪਤੀ ਵਾਸਤੇ ਹੁਕਮਰਾਨਾਂ ਨੂੰ ਕਈ ਸੁਝਾ ਦਿੱਤੇ ਸਨ ਅਤੇ ਸਾਵਧਾਨ ਵੀ ਕੀਤਾ ਸੀ, ਉ26 ਜਨਵਰੀ 1950 ਨੂੰ ਅਸੀਂ ਰਾਜਨੀਤਿਕ ਤੌਰ ਤੇ ਬਰਾਬਰ ਹੋਵਾਂਗੇ ਪਰ ਆਰਥਿਕ ਅਤੇ ਸਮਾਜਿਕ ਤੌਰ ਤੇ ਨਾ ਬਰਾਬਰ।

ਸਾਨੂੰ ਇਸ ਵਖਰੇਵੇਂ ਨੂੰ ਜਲਦੀ ਤੋਂ ਜਲਦੀ ਦੂਰ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਨਾ ਬਰਾਬਰਤਾ ਦੇ ਸ਼ਿਕਾਰ ਲੋਕ ਇਸ ਰਾਜਨੀਤਿਕ ਲੋਕ ਤੰਤਰ ਦੀਆਂ ਧੱਜੀਆਂ ਉਡਾ ਦੇਣਗੇ"। ਅਜ ਜਾਤ ਦੇ ਅਧਾਰ ਤੇ ਵਿਤਕਰਾ ਜਾਰੀ ਹੈ। ਆਰਥਿਕ ਨਾ ਬਰਾਬਰਤਾ ਦਿਨ ਬ ਦਿਨ ਵੱਧ ਰਹੀ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਬੇ ਰੋਜ਼ਗਾਰੀ ਵਧ ਰਹੀ ਹੈ। ਕਿਸੇ ਨਾ ਕਿਸੇ ਬਹਾਨੇ ਹਰ ਰੋਜ਼ ਲੋਕ ਸੜਕਾਂ ਤੇ ਮੁਜ਼ਾਹਰੇ ਕਰ ਰਹੇ ਹਨ।ਦੇਸ਼ ਦੇ ਵੱਖ 2 ਭਾਗਾਂ ਵਿਚ ਰਾਜਾਂ ਨੂੰ ਵਧ ਅਧਿਕਾਰਾਂ ਅਤੇ ਵੱਖਵਾਦ ਦੀ ਗਲ ਹੋ ਰਹੀ ਹੈ। ਜੇ ਕਰ ਭਾਰਤ ਵਾਸੀਆਂ ਨੇ ਡਾ: ਅੰਬੇਡਕਰ ਦੀ ਚਿਤਾਵਨੀ ਨੂੰ ਗੰਭੀਰਤਾ ਨਾਲ ਲਿਆ ਹੁੰਦਾ ਤਾਂ ਨੌਬਤ ਇੱਥੇ ਤਕ ਨਾ ਪਹੁੰਚਦੀ। ਡੁਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ।


ਭਾਰਤ ਵਿਚ ਹਰੇਕ ਵਿਅੱਕਤੀ ਆਪਣੇ ਆਪ ਨੂੰ ਪਹਿਲਾਂ ਭਾਰਤੀ ਅਤੇ ਅੰਤ ਵਿਚ ਭਾਰਤੀ ਹੀ ਸਮਝੇ, ਇਸ ਤੋਂ ਵਧ ਕੁਝ ਨਹੀਂ। ਭਾਰਤ ਦੀ ਅਖੰਡਤਾ ਨੂੰ ਕਾਇਮ ਰਖਣ ਵਾਸਤੇ ਜ਼ਰੂਰੀ ਹੈ ਕਿ ਪ੍ਰਾਂਤਵਾਦ, ਬੋਲੀ, ਧਰਮ ਅਤੇ ਜਾਤ ਤੋਂ ਉਪਰ ਉਠਿਆ ਜਾਵੇ।

ਅਜ ਲੋੜ ਹੈ ਤਾਂ ਕੇਵਲ ਡਾ: ਅੰਬੇਡਕਰ ਦੇ ਚਰਨ ਕਦਮਾਂ ਤੇ ਚਲ ਕੇ ਭਾਰਤੀ ਸਵਿਧਾਨ ਨੂੰ ਲਾਗੂ ਕਰਨਾ ਤਾਂ ਕਿ ਆਰਥਿਕ ਅਤੇ ਸਮਾਜਿਕ ਨਾ ਬਰਾਬਰਤਾ ਦੇ ਪਾੜੇ ਨੂੰ ਘਟਾਇਆ ਜਾ ਸਕੇ।

## ਧੰਨ-ਧੰਨ ਸ੍ਰੀ ਗੁਰੂ ਰਵਿਦਾਸ ਮਹਾਰਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਜੋਰਾਂ ਸ਼ੋਰਾਂ ਨਾਲ ਸ਼ੁਰੂ

ਨਿਊਯਾਰਕ- ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਜਰਨਲ ਸਕੱਤਰ ਸ੍ਰੀ ਪਰਮਜੀਤ ਲਾਲ ਵਲੋਂ ਪ੍ਰੈਸ ਨੂੰ ਬਿਆਨ ਦਿੰਦਿਆਂ ਕਿਹਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 636ਵੇਂ ਆਗਮਨ ਦਿਵਸ ਜੋ ਕਿ 25 ਫਰਵਰੀ ਨੂੰ ਆ ਰਿਹਾ ਹੈ।ਜਿਸ ਦੀਆਂ ਤਿਆਰੀਆਂ ਗੁਰੂਘਰ ਵਿਖੇ ਜੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਚੁੱਕੀਆਂ ਹਨ।

ਇਸ ਮਹਾਨ ਪੁਰਬ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 19 ਫਰਵਰੀ ਤੋਂ ਪ੍ਰਅੰਭ ਹੋ ਰਹੀ ਹੈ ਜੋ ਕਿ 03 ਮਾਰਚ 2013 ਨੂੰ ਸਪੂੰਰਨ ਹੋਵੇਗੀ। ਸਮੂਹ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰੂਘਰ ਪਾਹੁੰਚ ਕੇ ਸੇਵਾ ਵਿੱਚ ਯੋਗਦਾਨ ਪਾਉ ਜੀ। ਸਤਿਗੁਰੂ ਰਵਿਦਾਸ ਮਹਾਰਜ ਜੀ ਦੇ ਪ੍ਰਕਾਸ਼ ਪੁਰਬ ਤੇ ਪੰਥ ਦੇ ਮਹਾਨ ਕੀਰਤਨਏ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਗੁਰਦਾਸ ਪੁਰ ਵਾਲੇ ਵਿਸ਼ੇਸ਼ ਤੌਰ ਤੇ ਗੁਰੂਘਰ ਪਾਹੁੰਚ ਚੱਕੇ ਹਨ ਜੋ ਰੋਜ਼ਾਨਾਂ ਹੀ ਸਵੇਰੇ ਅਤੇ ਸ਼ਾਮ ਨੂੰ ਕੀਰਤਨ ਦੁਆਰਾ ਨਿਹਾਲ ਕਰ ਰਹੇ ਹਨ ਅਤੇ ਹੋਰ ਪੰਥ ਪ੍ਰਸਿੱਧ ਕਥਾ ਵਾਚਕ ਅਤੇ ਕੀਰਤਨੀ ਜਥੇ ਵੀ ਗੁਰਪੁਰਬ ਤੇ ਪਾਹੁੰਚ ਰਹੇ ਹਨ। ਹੋਰ ਜਾਣਕਾਰੀ ਲਈ ਸਪੰਰਕ ਕਰੋ: ਗੁਰੂਘਰ-718-898-8150, ਪਰਮਜੀਤ ਲਾਲ-917-854-8628, ਚਰਨਜੀਤ ਝੱਲੀ-646-201-0197

WE PAY OUR GLOWING

TRIBUTE

to

LATE

MASTER MALOOK CHAND PAGAL

(Died on February 5, 1997)


## ਸ: ਸਤਨਾਮ ਸਿੰਘ ਚਾਹਲ ਦੀਆਂ ਪੰਥਕ ਸੇਵਾਵਾਂ ਨੂੰ ਭੁਲਾਇਆ ਨਹੀਂ ਜਾ ਸਕਦਾ-ਭਾਈ ਮੋਹਕਮ ਸਿੰਘ

ਲੁਧਿਆਣਾ- ਪੰਜਾਬੀ ਫੇਰੀ ਤੇ ਆਏ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ(ਨਾਪਾ) ਦੇ ਪਰਧਾਨ ਸ: ਸਤਨਾਮ ਸਿੰਘ ਚਾਹਲ ਜਿਹਨਾਂ ਨੇ ਅਕਾਲੀ ਰਾਜਨੀਤੀ ਵਿਚ ਸੰਤ ਫਤਹਿ ਸਿੰਘ ਤੋਂ ਲੈ ਕੇ ਸ: ਪਰਕਾਸ਼ ਸਿੰਘ ਬਾਦਲ ਦੇ ਸਮੇਂ ਤਕ ਤੇ ਵੱਖ ਵੱਖ ਸਮੇਂ ਵਿਚ ਅਕਾਲੀ ਮੋਰਚਿਆਂ ਵਿਚ ਲੰਬਾ ਸਮਾਂ ਜੇਲਾਂ ਵਿਚ ਬੰਦ ਰਹਿ ਕੇ ਪੰਥਕ ਸੇਵਾ ਦੇ ਖੇਤਰ ਵਿਚ ਜੋ ਯੋਗਦਾਨ ਪਾਇਆ ਹੈ ਉਸਨੂੰ ਸਿਖ ਕੌਮ ਵਲੋਂ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।ਇਹ ਗਲ ਦਮਦਮੀ ਟਕਸਾਲ ਦੇ ਆਗੂ ਭਾਈ ਮੋਕਹਮ ਸਿੰਘ ਤੇ ਪੰਜਾਬ ਹੈਲਥ ਕਾਰਪੋਰੇਸ਼ਨ ਚੇਅਰਮੈਨ ਸ: ਗੁਰਦੀਪ ਸਿੰਘ ਨੇ ਸ: ਚਾਹਲ ਨਾਲ ਕੀਤੀ ਗਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਕਹੇ।ਉਹਨਾਂ ਕਿਹਾ ਕਿ ਨਾਰਥ ਅਮਰੀਕਨ ਪੰਜਾਬੀ ਐਸ਼ੋਸ਼ੀਏਸ਼ਨ(ਨਾਪਾ) ਨੇ ਜਿਸ ਤਰਾਂ ਕੈਲੀਫੋਰਨੀਆ ਦੇ ਗਵਰਨਰ ਜੈਰੀ ਬਰਾਊਨ ਵਲੋਂ ਦੋ ਇਤਿਹਾਸਿਕ ਬਿਲਾਂ ਉਪਰ ਦਸਖਤ ਕਰਵਾਉਣ ਲਈ ਆਪਣੀ ਭੂਮਿਕਾ ਨਿਭਾਈ ਹੈ ਉਸ ਨਾਲ ਪੰਜਾਬੀ ਭਾਈਚਾਰੇ ਨੇ ਇਕ ਇਤਿਹਾਸ ਸਿਰਜਿਆ ਹੈ। ਸ: ਗੁਰਦੀਪ ਸਿੰਘ ਤੇ ਭਾਈ ਮੋਹਕਮ ਸਿੰਘ ਨੇ ਸ: ਚਾਹਲ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਉਹਨਾਂ ਵਲੋਂ ਅਰੰਭੇ ਗਏ ਕਾਰਜਾਂ ਨੂੰ ਨੇਪਰੇ ਚਾੜਨ ਲਈ ਹਰ ਕਿਸਮ ਦਾ ਸਹਿਯੋਗ ਦੇਣਗੇ।ਇਸ ਮੌਕੇ ਤੇ ਇਹਨਾਂ ਆਗੂਆਂ ਨੇ ਸ: ਚਾਹਲ ਨੂੰ ਸਤਿਕਾਰ ਵਜੋਂ ਸਾਲ -2013 ਦੀਆਂ ਡਾਇਰੀਆਂ ਦਾ ਇਕ ਸੈਟ ਵੀ ਭੇਂਟ ਕੀਤਾ



# ਮਾਰਕਸਵਾਦ, ਅੰਬੇਦਕਰਵਾਦ ਅਤੇ ਦਲਿਤ ਸਮਾਜ




ਕੇ. ਸੀ. ਸੁਲੇਖ

ਮਾਰਕਸੀ ਵਿਚਾਰਧਾਰਾ ਨਿਰਸੰਦੇਹ ਉਤਪੀੜਤ ਅਤੇ ਸੋਸ਼ਿਤ ਵਰਗਾਂ ਨੂੰ ਅੱਤਿਆਚਾਰੀ ਹਕੂਮਤਾਂ ਅਤੇ ਰਜਵਾੜੇਸ਼ਾਹੀ ਤੋਂ ਨਿਜਾਤ ਦਿਵਾਉਣ ਵਾਲੀ ਇਕ ਮਹੱਤਵਪੂਰਨ ਵਿਚਾਰਧਾਰਾ ਹੈ, ਜਿਸ ਨੇ ਸਭ ਤੋਂ ਪਹਿਲਾਂ ਰੂਸ ਦੀ ਮਹਾਨ ਅਕਤੂਬਰ ਕ੍ਰਾਂਤੀ ਨੂੰ ਜਨਮ ਦਿੱਤਾ ਅਤੇ ਉਥੋਂ ਦੇ ਸੈਂਕੜੇ ਸਾਲਾਂ ਤੋਂ ਰਾਜ ਕਰ ਰਹੇ ਜ਼ਾਲਮ ਜ਼ਾਰ ਬਾਦਸ਼ਾਹਾਂ ਦਾ ਤਖਤ ਪਲਟ ਕੇ ਆਪਣੇ ਸਿਧਾਂਤਾਂ ਅਨੁਸਾਰ ਪ੍ਰੋਲੋਤਾਰੀ ਤਾਨਾਸ਼ਾਹੀ ਦਾ ਰਾਜ ਸਥਾਪਤ ਕੀਤਾ। ਇਹ ਮਹਾਨ ਕ੍ਰਾਂਤੀ ਇੰਨੀ ਜ਼ਬਰਦਸਤ ਸੀ ਜਿਸ ਦੀ ਧਮਕ ਤੋਂ ਕੋਈ ਵੀ ਦੇਸ਼ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਇਸ ਦੇ ਪ੍ਰਭਾਵ ਅਧੀਨ ਆਉਣ ਵਾਲਾ ਚੀਨ ਦੂਜਾ ਵੱਡਾ ਦੇਸ਼ ਸੀ। ਇਸ ਮਾਰਕਸ ਲੈਨਿਨ ਸਟਾਲਿਨਸਟ ਲਹਿਰ ਨੂੰ ਭਾਰਤ ਵਿਚ ਲਿਆਉਣ ਦਾ ਕ੍ਰੈਡਿਟ ਇੱਥੋਂ ਦੀ ਕਮਿਊਨਿਸਟ ਪਾਰਟੀ ਆਫ ਇੰਡੀਆ ਨੂੰ ਜਾਂਦਾ ਹੈ ਜੋ ਦੇਸ਼ ਦੀ ਰਾਜਨੀਤੀ ਵਿਚ ਹੁਣ ਤੱਕ ਸਰਗਰਮ ਹੈ। ਉਸ ਨੇ ਆਪਣੇ ਪਹਿਲੇ ਜੋਸ਼ ਵਿਚ ਇਕ ਦੋ ਜਗ੍ਹਾ ਆਪਣੀ ਹਕੂਮਤ ਵੀ ਕਾਇਮ ਕਰ ਲਈ। ਪਰ ਸਵਾਲ ਹੈ ਕਿ ਰੂਸ ਅਤੇ ਚੀਨ ਜਾਂ ਕੁਝ ਹੋਰ ਦੇਸ਼ਾਂ ਦੀ ਤਰ੍ਹਾਂ ਭਾਰਤ ਵਿਚ ਵੀ ਲਹਿਰ ਸਮੁੱਚੇ ਤੌਰ ਤੇ ਆਪਣੀ ਤਰਜ਼ ਦੀ ਹਕੂਮਤ ਕਿਉਂ ਨਹੀਂ ਸਥਾਪਤ ਕਰ ਸਕੀ? ਕੀ ਕਦੇ ਪਾਰਟੀ ਦਿੱਗਜਾਂ ਨੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਜ਼ਰੂਰਤ ਵੀ ਮਹਿਸੂਸ ਕੀਤੀ? ਹੋ ਸਕਦਾ ਹੈ ਇਸ ਸਵਾਲ ਦੀ ਤਹਿ ਤੱਕ ਪਹੁੰਚਣ ਲੱਗਿਆਂ ਸ਼ਾਇਦ ਦਲਿਤ ਦ੍ਰਿਸ਼ਟੀਕੋਣ ਦੀ ਸਮਝ ਆ ਜਾਂਦੀ ਕਿ ਮਾਰਕਸੀ ਨੁਸਖੇ ਭਾਰਤ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਵਿਚ ਸੌ ਫੀਸਦੀ ਅਨੁਕੂਲ ਸਾਬਤ ਕਿਉਂ ਨਹੀਂ ਹੋਏ। ਇਸ ਸਚਾਈ ਨੂੰ ਪੂਰੀ ਤਰ੍ਹਾਂ ਅੱਖੋਂ ਓਹਲੇ ਕੀਤਾ ਲੱਗਦੈ ਕਿ ਆਮ ਲੋਕਾਂ ਦੀਆਂ ਭਾਵਨਾਵਾਂ ਆਕਾਖਿਆਵਾਂ ਅਨੁਕੂਲ ਜਨਮੇ ਇਨਕਲਾਬ ਹੀ ਅਖੀਰ ਤੱਕ ਕਾਮਯਾਬ ਅਤੇ ਚਿਰ ਸਥਾਈ ਹੁੰਦੇ ਹਨ, ਬਾਹਰੀ ਸ਼ਕਤੀਆਂ ਜਾਂ ਸਿਧਾਂਤਾਂ ਦੇ ਜ਼ੋਰ ਤੇ ਨਹੀਂ। ਇਨਕਲਾਬ (ਤਬਦੀਲੀ) ਦਾ ਅਸਲ ਮਕਸਦ ਆਮ ਲੋਕਾਂ ਦੇ ਜੀਵਨ ਵਿਚ ਆਜ਼ਾਦੀ, ਖੁਸ਼ੀ ਅਤੇ ਖੁਸ਼ਹਾਲੀ ਲਿਆਉਣਾ ਹੁੰਦਾ ਹੈ। ਇਸ ਤੋਂ ਬਿਨਾਂ ਉਹ ਇਨਕਲਾਬ ਨਹੀਂ ਸਗੋਂ ਇਕ ਅੱਤਿਆਚਾਰੀ ਰਾਜੇ ਦੀ ਜਗ੍ਹਾ ਦੂਜੇ ਅੱਤਿਆਚਾਰੀ ਰਾਜੇ ਨੂੰ ਗੱਦੀ ਬਿਠਾਉਣ ਦੇ ਬਰਾਬਰ ਹੋ ਸਕਦਾ ਹੈ। ਸਾਡਾ ਮਕਸਦ ਰੂਸ ਦੀ ਮਿਸਾਲ ਦੇ ਕੇ ਉਥੇ ਅਕਤੂਬਰ ਮਹਾਨ ਕ੍ਰਾਂਤੀ (1917) ਤੋਂ ਬਾਅਦ ਸਥਾਪਤ ਹੋਏ ਡਿਕਟੇਟਰ ਰਾਜ ਦੌਰਾਨ ਕੀਤੇ ਗਏ ਕਰੂਰ 'ਡੰਡਾ ਰਾਜ' ਦੇ ਆਧਾਰ ਤੇ ਮਾਰਕਸੀ ਸਿਧਾਂਤਾਂ ਨੂੰ ਭੰਡਣਾ ਜਾਂ ਬਦਨਾਮ ਕਰਨਾ ਨਹੀਂ ਅਤੇ ਨਾ ਹੀ ਸੋਵੀਅਤ ਸੰਘ ਦੇ ਟੁੱਟਣ ਦੀ ਯਾਦ ਦਵਾ ਕੇ ਮਾਰਕਸੀ ਵਿਚਾਰਧਾਰਾ ਨੂੰ ਅਪ੍ਰਸੰਗਕ ਦੱਸਣਾ ਹੈ ਸਗੋਂ ਇਕ ਯਥਾਰਥਵਾਦੀ ਵਿਸ਼ਲੇਸ਼ਕ ਦੇ ਰੂਪ ਵਿਚ ਬਿਮਾਰੀ ਦੀ ਜੜ੍ਹ ਤੱਕ ਪਹੁੰਚਣਾ ਸਾਡਾ ਮਕਸਦ ਹੈ।

ਮਾਰਕਸੀ ਵਿਚਾਰਧਾਰਾ ਆਪਣੇ ਆਦਰਸ਼ 'ਸਰਵਹਾਰਾ ਰਾਜ' ਦੇ ਨਾਅਰੇ ਦੇ ਬਾਵਜੂਦ ਭਾਰਤ ਵਿਚ ਆਪਣੀ ਜਗ੍ਹਾ ਕਿਉਂ ਨਹੀਂ ਬਣਾ ਸਕੀ? ਸੋਚਣਾ ਪਵੇਗਾ-ਕੀ ਭਾਰਤ ਵਿਚ ਵੀ ਹੂਬਹੂ ਉਹੀ ਸਮਾਜਿਕ, ਆਰਥਿਕ ਪ੍ਰਸਥਿਤੀਆਂ ਸਨ/ਹਨ ਜੋ ਮਹਾਨ ਕ੍ਰਾਂਤੀ ਸਮੇਂ ਰੂਸ ਜਾਂ ਚੀਨ ਵਿਚ ਸਨ। ਰੂਸ ਵਿਚ ਮਹਾਨ ਕ੍ਰਾਂਤੀ ਸਮੇਂ ਖੇਤਾਂ ਦੇ ਕਿਸਾਨ, ਕਾਰਖਾਨਿਆਂ ਦੇ ਮਜ਼ਦੂਰ, ਸਕੂਲ, ਕਾਲਜ, ਯੂਨੀਵਰਸਿਟੀਆਂ ਦੇ ਵਿਦਿਆਰਥੀ, ਟੀਚਰ ਅਤੇ ਸਕਾਲਰ ਸਾਰੇ ਦੇ ਸਾਰੇ ਲੋਕ ਜ਼ਾਲਮ ਬਾਦਸ਼ਾਹ ਜ਼ਾਰ ਦੇ ਖ਼ਿਲਾਫ਼ ਉਠ ਖੜ੍ਹੇ ਹੋਏ। ਲੈਨਿਨ ਮਾਰਕਸੀ ਲਹਿਰ ਦੇ ਮੈਦਾਨ ਵਿਚ ਆਉਣ ਤੇ ਅਜਿਹਾ ਕੁਝ ਭਾਰਤ ਵਿਚ ਕਿਉਂ ਨਹੀਂ ਹੋਇਆ? ਅਸਲ ਕਾਰਨਾਂ ਨੂੰ ਨਜ਼ਰ-ਅੰਦਾਜ਼ ਕਰਕੇ ਮਨਚਾਹੇ ਨਤੀਜਿਆਂ ਦੀ ਆਸ ਕਰਨਾ ਕਾਲਪਨਿਕ ਰੂਪ ਵਿਚ ਸਵਰਗ ਵਿਚ ਰਹਿਣ ਦੇ ਹੀ ਬਰਾਬਰ ਹੋ ਸਕਦਾ ਹੈ। ਠੀਕ ਇਸੇ ਪ੍ਰਕਾਰ ਦੀ ਮਾਨਸਿਕਤਾ ਅੱਜ ਦੀਆਂ ਪਾਰਟੀਆਂ ਅਤੇ ਆਗੂਆਂ ਦੀ ਬਣ ਚੁੱਕੀ ਹੈ ਜੋ ਕੇਵਲ ਆਪਣੇ ਮਿੱਥੇ ਹੋਏ ਟੀਚਿਆਂ ਨੂੰ ਜਨ ਸਧਾਰਨ ਦੀਆਂ ਜ਼ਰੂਰਤਾਂ ਅਤੇ ਸਮੱਸਿਆਵਾਂ ਦੀ ਪ੍ਰਵਾਹ ਕੀਤੇ ਬਿਨਾਂ ਕਿਸੇ ਵੀ ਕੀਮਤ ਤੇ ਹਾਸਲ ਕਰਨ ਦੀਆਂ ਗੱਲਾਂ ਕਰਦੇ ਹਨ।

ਹੁਣ ਤੱਕ ਅਛੂਤ ਸਮਝੀ ਗਈ ਅਨੁਸੂਚਿਤ ਜਾਤੀਆਂ (ਦਲਿਤ) ਦੀ ਗਿਣਤੀ ਭਾਰਤ ਦੀ ਕੁੱਲ ਆਬਾਦੀ ਦੇ ਤੀਜੇ ਹਿੱਸੇ ਦੇ ਬਰਾਬਰ ਹੈ (ਪੰਜਾਬ ਵਿਚ ਅਨੁਸੂਚਿਤ ਆਬਾਦੀ 32 ਫੀਸਦੀ ਤੱਕ ਪਹੁੰਚ ਗਈ ਹੈ) ਦੇਸ਼ ਦਾ ਕੋਈ ਵੀ ਸੰਵਿਧਾਨ ਅਤੇ ਰਾਜ ਪ੍ਰਸ਼ਾਸਨ ਐਡੀ ਵੱਡੀ ਗਿਣਤੀ ਨੂੰ ਨਜ਼ਰ-ਅੰਦਾਜ਼ ਕਰਨ ਦਾ ਜੋਖਮ ਕਿਵੇਂ ਲੈ ਸਕਦਾ ਹੈ? ਲੇਕਿਨ ਇਹ ਹਕੀਕਤ ਹੈ ਕਿ ਇਸ ਕਰੋੜਾਂ ਦੇ ਸਮੂਹ ਨੂੰ ਨਾ ਕੇਵਲ ਸਮਾਜਿਕ ਅਤੇ ਆਰਥਿਕ ਪੱਧਰ ਤੇ ਨਜ਼ਰ-ਅੰਦਾਜ਼ ਕੀਤਾ ਗਿਆ ਬਲਕਿ ਉਹਨਾਂ ਨੂੰ ਅਛੂਤ, ਚੰਡਾਲ, ਪਾਪ ਯੋਨੀ ਜਿਹੇ ਘ੍ਰਿਣਿਤ ਨਾਮ ਦੇ ਕੇ ਕੁੱਤਿਆਂ ਬਿੱਲਿਆਂ ਤੋਂ ਵੀ ਭੈੜਾ ਜੀਵਨ ਜਿਊਣ ਤੇ ਮਜਬੂਰ ਕਰ ਦਿੱਤਾ ਗਿਆ ਅਤੇ ਇਹ ਸਿਲਸਿਲਾ ਕੁਝ ਸਾਲਾਂ ਤੋਂ ਨਹੀਂ ਹਜ਼ਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਬੇਆਸ ਅਤੇ ਲਾਚਾਰ ਲੋਕਾਈ ਨੂੰ ਯਕੀਨਨ ਕਿਸੇ ਮਸੀਹਾ ਕਿਸੇ ਨਵੀਂ ਲਹਿਰ ਦੀ ਤਾਂਘ ਸੀ ਜੋ ਉਸਦੀਆਂ ਬੇੜੀਆਂ ਨੂੰ ਕੱਟ ਕੇ ਉਸ ਨੂੰ ਆਜ਼ਾਦ ਕਰ ਦੇਵੇ। ਕੀ ਮਾਰਕਸਵਾਦੀਆਂ ਨੇ ਦਲਿਤ ਵਰਗ ਦਾ ਮਸੀਹਾ ਬਣਨ ਦਾ ਰੋਲ ਨਿਭਾਉਣ ਵਿਚ ਕੋਈ ਦਿਲਚਸਪੀ ਦਿਖਾਈ? ਇਸ ਤੋਂ ਵੀ ਅੱਗੇ ਚੱਲਕੇ ਅਸਲੀਅਤ ਇਹ ਹੈ ਕਿ ਉਹਨਾਂ ਨੇ ਦਲਿਤ ਸਮੱਸਿਆ ਨੂੰ ਕੋਈ ਸਮੱਸਿਆ ਹੀ ਨਹੀਂ ਮੰਨਿਆ ਹਾਲਾਂਕਿ ਬ੍ਰਾਹਮਣਵਾਦੀ ਚਤੁਰਵਰਣ ਪੇਟੋਂ ਜਨਮੀ ਜਾਤ ਪਾਤ ਅਤੇ ਛੂਆਛਾਤ ਦੀ ਇਹ ਸਮੱਸਿਆ ਕੇਵਲ ਦਲਿਤ ਸਮੂਹ ਲਈ ਹੀ ਘਾਤਕ ਸਿੱਧ ਨਹੀਂ ਹੋਈ। ਇਹ ਦੇਸ਼ ਨੂੰ ਸਮੁੱਚੇ ਤੌਰ ਤੇ ਸਦੀਆਂ ਤੱਕ ਬਦੇਸ਼ੀ ਧਾੜਵੀਆਂ ਦਾ ਗੁਲਾਮ ਬਣਾਉਣ ਦਾ ਵੀ ਕਾਰਨ ਬਣੀ।

325 ਈ. ਪੂ. ਵਿਚ ਸਿਕੰਦਰ, 712 ਈ. ਵਿਚ ਮੁਹੰਮਦ ਬਿਨ ਕਾਸਮ, 1026 ਈ. ਵਿਚ ਮਹਿਮੂਦ ਗਜ਼ਨਵੀ, 1181 ਈ. ਵਿਚ ਮੁਹੰਮਦ ਗੌਰੀ, 1526 ਈ. ਵਿਚ ਬਾਬਰ ਵਰਗੇ ਵਿਦੇਸ਼ੀ ਹਮਲਾਵਰਾਂ ਨੇ ਜਦ ਭਾਰਤ ਦੇ ਬੜੇ ਬੜੇ ਸ਼ਹਿਰਾਂ, ਕਿਲ੍ਹਿਆਂ ਅਤੇ ਮੰਦਰਾਂ ਤੇ ਹਮਲੇ ਕਰਕੇ ਕਤਲੇਆਮ ਅਤੇ ਲੁੱਟਮਾਰ ਕੀਤੀ ਤਾਂ ਉਸ ਸਮੇਂ ਇੱਥੋਂ ਦਾ ਕੋਈ ਵੀ ਸੂਰਮਾ, ਉਹਨਾਂ ਨੂੰ ਪਿੱਛੇ ਭਜਾਣਾ ਤਾਂ ਇਕ ਪਾਸੇ, ਮੁਕਾਬਲੇ ਵਿਚ ਲੋਹਾ ਹੀ ਨਹੀਂ ਲੈ ਸਕਿਆ। ਜੋ ਕੁਝ ਇਨ੍ਹਾਂ ਬਾਹਰੀ ਹਮਲਾਵਰਾਂ ਨੇ ਦੇਸ਼ ਅਤੇ ਦੇਸ਼ ਵਾਸੀਆਂ ਨਾਲ ਕੀਤਾ ਉਹ ਇਕ ਲਗਾਤਾਰ ਹਾਰਾਂ, ਪਤਨ ਅਤੇ ਗੁਲਾਮੀ ਦੀ ਸ਼ਰਮਨਾਕ ਦਾਸਤਾਨ ਹੈ ਜਿਸ ਦਾ ਕਾਰਨ ਕੇਵਲ ਅਤੇ



ਕੇਵਲ ਹਿੰਦੂ ਧਰਮ, ਹਿੰਦੂ ਸ਼ਾਸ਼ਤਰ ਅਤੇ ਹਿੰਦੂ ਸਭਿਅਤਾ ਸੀ। 1926 ਈ. ਵਿਚ ਜਦ ਮਹਿਮੂਦ ਗਜ਼ਨਵੀ ਦੀ ਹਮਲਾਵਰ ਫੌਜ ਮੁਲਤਾਨ ਤੋਂ ਸੋਮਨਾਥ ਮੰਦਰ (ਗੁਜਰਾਤ) ਵੱਲ ਵਧ ਰਹੀ ਸੀ ਤਾਂ ਇਤਿਹਾਸਕਾਰਾਂ ਅਨੁਸਾਰ ਰਸਤੇ ਵਿਚ ਕਿਸੇ ਨੇ ਵੀ ਰੋਕਣ ਦਾ ਹੌਸਲਾ ਨਹੀਂ ਕੀਤਾ। ਬ੍ਰਾਹਮਣ ਪੁਜਾਰੀ ਸੋਮ ਭਗਵਾਨ ਅੱਗੇ ਆਰਤੀਆਂ ਕਰਦੇ ਰਹੇ, ਵੈਸ਼ ਲੋਕ ਆਪਣੇ ਵਣਜ ਵਪਾਰ ਵਿਚ ਮਸਤ, ਕਿਸਾਨ ਖੇਤਾਂ ਵਿਚ ਹੱਲ ਚਲਾਉਂਦੇ ਰਹੇ। ਬਾਕੀ ਤਾਂ ਕਿਸੇ ਗਿਣਤੀ ਵਿਚ ਹੀ ਨਹੀਂ ਸਨ। ਜਿੰਨ੍ਹਾਂ ਦਾ ਫਿਕਰ ਕੇਵਲ ਆਪਣੀ ਅਤੇ ਆਪਣੇ ਡੰਗਰ ਵੱਛੇ ਦੀ ਜਾਨ ਬਚਾਉਣ ਤੱਕ ਹੀ ਸੀ (ਜਾਦੂਨਾਥ ਸਰਕਾਰ)। ਉਸ ਸਮੇਂ ਜਿਸ ਰਾਜੇ ਦੀ ਜਾਨ ਨੂੰ ਬਣਦੀ ਉਸ ਨੂੰ ਹੀ ਉਹਨਾਂ ਹਮਲਾਵਰਾਂ ਦਾ ਆਪਣੇ ਸੀਮਤ ਗਿਣਤੀ ਦੇ ਲੜਾਕੂ ਰਾਜਪੂਤਾਂ ਦੀ ਸਹਾਇਤਾ ਨਾਲ ਮੁਕਾਬਲਾ ਕਰਨਾ ਪੈਂਦਾ, ਜਿਸ ਵਿਚ ਕਿਸੇ ਹੋਰ ਤਬਕੇ ਦੀ ਨਾ ਸਾਂਝ ਅਤੇ ਨਾ ਸਰੋਕਾਰ ਹੁੰਦਾ ਬਲਕਿ ਉਹਨਾਂ ਨੂੰ ਤਾਂ ਹਥਿਆਰ ਧਾਰਨ ਜਾਂ ਚੁੱਕਣ ਦੀ ਹੀ ਮਨਾਹੀ ਸੀ। ਇਹਨਾਂ ਹਾਲਾਤਾਂ ਵਿਚ ਸ਼ਿਕਸਤ ਅਤੇ ਤਬਾਹੀ ਨਾ ਹੁੰਦੀ ਤਾਂ ਕੀ ਹੁੰਦਾ?

ਇਹ ਤਾਂ ਸੰਖੇਪ ਵਿਚ ਅਤੀਤ ਦੀ ਤਸਵੀਰ ਹੈ ਜਿਸ ਤੋਂ ਕੋਈ ਵੀ ਸਬਕ ਲਿਆ ਪ੍ਰਤੀਤ ਨਹੀਂ ਹੁੰਦਾ। ਹੁਣ ਤਾਂ ਸੰਪਰਦਾਇਕ ਨਫ਼ਰਤ ਦੇ ਨਾਲ ਨਾਲ ਬਦਲੇ ਦੀ ਭਾਵਨਾ ਵੀ ਜੁੜ ਗਈ ਹੈ ਅਤੇ ਹਰ ਕੋਈ ਇਸ ਨਫ਼ਰਤ ਦੀ ਅੱਗ ਵਿਚ ਆਪਣੇ ਲਈ ਰਾਜਨੀਤਿਕ ਰੋਟੀਆਂ ਸੇਕਣਾ ਚਾਹੁੰਦਾ ਹੈ। ਇਸ ਪਾਗਲਪਣ ਦੀ ਦੌੜ ਨੂੰ ਠੱਲ੍ਹ ਪਾਉਣ ਦੀ ਜੇ ਕਿਸੇ ਤੋਂ ਕੁਝ ਉਮੀਦ ਹੋ ਸਕਦੀ ਸੀ, ਉਹ ਕੇਵਲ ਆਪਣੇ ਆਪ ਨੂੰ ਪ੍ਰਗਤੀਸ਼ੀਲ, ਕ੍ਰਾਂਤੀਕਾਰੀ ਅਤੇ ਧਰਮ ਨਿਰਪੇਖ ਅਖਵਾਉਣ ਵਾਲੀਆਂ ਕਮਿਊਨਿਸਟ ਪਾਰਟੀਆਂ ਦਾ ਹੀ ਕੰਮ ਸੀ ਜਿਸ ਵਿਚ ਉਹ ਬੁਰੀ ਤਰ੍ਹਾਂ ਨਾਕਾਮਯਾਬ ਰਹੀਆਂ ਹਨ। ਉਹ ਵੀ ਆਪਣੇ ਕ੍ਰਾਂਤੀਕਾਰੀ ਸਿਧਾਂਤਾਂ ਸਮੇਤ ਉਸੇ ਬ੍ਰਾਹਮਣਵਾਦੀ ਗਰਕਣ ਵਿਚ ਡਿੱਗ ਪਏ ਪ੍ਰਤੀਤ ਹੁੰਦੇ ਹਨ ਜਿਸ ਵਿਚੋਂ ਹੁਣ ਤੱਕ ਕੋਈ ਬਾਹਰ ਨਹੀਂ ਨਿਕਲ ਸਕਿਆ। (ਇਹ ਇਕ ਧਿਆਨ ਯੋਗ ਵਿਸ਼ਾ ਹੈ) ਕੀ ਮਾਰਕਸਵਾਦੀਆਂ ਨੇ ਭਾਰਤੀ ਸਮਾਜ ਨੂੰ ਲੱਗੇ ਇਸ ਕੋਹੜ ਵੱਲ ਵੀ ਧਿਆਨ ਦਿੱਤਾ? ਫਿਰ ਇਹ ਕਹਿਣਾ ਕਿ ਮਾਰਕਸੀ ਸਿਧਾਂਤ ਜਾਂ ਕਹਿ ਲਓ ਕਿ ਉਹਨਾਂ ਦੀਆਂ ਵਿਹਾਰਕ ਰਣਨੀਤੀਆਂ ਭਾਰਤ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਸਨ ਤਾਂ ਇਸ ਵਿਚ ਕੀ ਗਲਤ ਸੀ? ਅੰਬੇਡਕਰਵਾਦੀ ਲਹਿਰ ਨੂੰ ਗੈਰ ਪ੍ਰਗਤੀਸ਼ੀਲ ਕਹਿ ਕੇ ਉਸ ਤੇ ਇਹ ਦੋਸ਼ ਲਗਾਉਣਾ ਕਿ ਉਹ ਕੋਈ ਹੋਰ ਲਹਿਰਾਂ ਦੀ ਤਰ੍ਹਾਂ ਦਲਿਤਾਂ ਦੇ ਵੱਡੇ ਹਿੱਸੇ ਨੂੰ ਸਮਾਜਿਕ ਅਤੇ ਆਰਥਿਕ ਬਰਾਬਰੀ ਦਿਵਾਉਣ ਵਿਚ ਨਾਕਾਮਯਾਬ ਰਹੀ ਹੈ, ਕੋਰਾ ਝੂਠ ਅਤੇ ਉੱਕਾ ਹੀ ਗਲਤ ਹੈ। ਪ੍ਰਗਤੀਸ਼ੀਲ ਨਹੀਂ ਤਾਂ ਕੀ ਅੰਬੇਡਕਰਵਾਦੀ ਅੰਦੋਲਨ ਰੂੜ੍ਹੀਵਾਦੀ ਹੈ? ਕੀ ਕਿਸੇ ਵਰਗ ਦਾ ਆਰਥਿਕ ਪੱਖੋਂ ਸਾਧਨਹੀਣ ਜਾਂ ਸਮਾਜਿਕ ਪੱਖੋਂ ਪ੍ਰਤਿਸ਼ਟਾਹੀਣ ਹੋਣਾ ਹੀ ਕਾਮਰੇਡ ਦੋਸਤਾਂ ਕੋਲ ਕਿਸੇ ਲਹਿਰ ਨੂੰ ਗੈਰ ਪ੍ਰਗਤੀਸ਼ੀਲ ਕਰਾਰ ਦੇਣ ਲਈ ਪੈਮਾਨਾ ਰਹਿ ਗਿਆ ਹੈ? ਜ਼ਾਹਿਰ ਹੈ ਕਿ ਇਹ ਇਹਨਾਂ ਦੋਸਤਾਂ ਦੀ ਸਮਾਜ ਪ੍ਰਤੀ ਦ੍ਰਿਸ਼ਟੀ ਦਾ ਹੀ ਕਸੂਰ ਹੋ ਸਕਦਾ ਹੈ ਕਿ ਉਹਨਾਂ ਨੂੰ ਹਾਲੇ ਵੀ ਅਸਲ ਮਾਅਨਿਆਂ ਵਿਚ ਅਗਾਂਹਵਧੂ ਅਤੇ ਕਿਸੇ ਹੋਰ ਪਿਛਾਂਹ ਖਿੱਚੂ ਲਹਿਰ ਵਿਚ ਫਰਕ ਨਹੀਂ ਦਿੱਸ ਰਿਹਾ। ਸਮੱਸਿਆ ਨੂੰ ਉਸ ਦੇ ਸਹੀ ਪਰਿਪੇਖ ਵਿਚ ਨਾ ਦੇਖਣ ਕਾਰਨ ਕਈ ਗਲਤ ਧਾਰਨਾਵਾਂ ਬਣ ਜਾਂਦੀਆਂ ਹਨ। ਅੰਬੇਡਕਰੀ ਲਹਿਰ ਨੂੰ ਨਾਕਾਮਯਾਬ ਕਹਿਣਾ ਵੀ ਅਜਿਹੀਆਂ ਗਲਤ ਧਾਰਨਾਵਾਂ ਦਾ ਹੀ ਨਤੀਜਾ ਹੋ ਸਕਦਾ ਹੈ। ਇਸ ਸਚਾਈ ਨੂੰ ਬਿਆਨ ਕਰਨ ਲਈ ਸ਼ਾਇਦ ਵਾਧੂ ਸ਼ਬਦਾਂ ਦੀ ਜ਼ਰੂਰਤ ਨਹੀਂ ਹੈ ਕਿ ਕੀੜੇ-ਮਕੌੜਿਆਂ ਦਾ ਜੀਵਨ ਗੁਜ਼ਾਰ ਰਹੀ ਦਲਿਤ ਜਾਤੀਆਂ ਦੇ ਜੀਵਨ ਵਿਚ ਹੁਣ ਤੱਕ ਜੋ ਤਬਦੀਲੀ ਆਈ ਹੈ ਉਹ ਸਭ ਇਸ ਲਹਿਰ ਅਤੇ ਇਸ ਲਹਿਰ ਦੇ ਜਨਮਦਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀਆਂ ਕੁਰਬਾਨੀਆਂ, ਦ੍ਰਿੜ੍ਹ ਇੱਛਾ ਸ਼ਕਤੀ ਅਤੇ ਉਮਰ ਭਰ ਦੀ ਲਗਾਤਾਰ ਜੱਦੋ ਜਹਿਦ ਦਾ ਹੀ ਫਲ ਹੈ। ਸਮਾਜ ਵਿਚ ਜ਼ਹਿਰ ਫੈਲਾ ਰਹੇ ਦਰਖਤ ਦੇ ਪੱਤਿਆਂ ਨੂੰ ਨਹੀਂ ਅੰਬੇਡਕਰ ਨੇ ਉਸ ਦੀਆਂ ਜੜ੍ਹਾਂ ਨੂੰ ਪਹਿਲ ਦੇ ਆਧਾਰ ਤੇ ਕੱਟਣਾ ਜ਼ਿਆਦਾ ਜ਼ਰੂਰੀ



ਸਮਝਿਆ। ਉਹਨਾਂ ਨੇ ਬੁੱਧ ਤੋਂ ਬਾਅਦ ਪਹਿਲੀ ਵਾਰ ਹਿੰਦੂਆਂ ਦੇ ਧਰਮ ਗ੍ਰੰਥਾਂ, ਵੇਦਾਂ, ਪੁਰਾਣਾਂ, ਗੀਤਾ, ਸਮ੍ਰਿਤੀਆਂ ਵਿਚ ਦਰਜ ਉਹਨਾਂ ਬੇਤੁਕੇ ਸਿਧਾਂਤਾਂ ਆਦੇਸ਼ਾਂ ਅਤੇ ਧਾਰਨਾਵਾਂ ਨੂੰ ਵੰਗਾਰ ਦਿੱਤੀ। ਜਿਹਨਾਂ ਦੇ ਅਨੁਸਾਰ ਸ਼ੂਦਰ/ਅਛੂਤ ਨੂੰ ਪਿਛਲੇ ਮਾੜੇ ਕਰਮਾਂ ਦਾ ਫਲ ਭੋਗਦਾ ਰਿਹਾ। ਪਾਪੀ, ਪਾਪ ਯੋਨੀ, ਚੰਡਾਲ ਕਰਾਰ ਦੇ ਕੇ ਉਹਨਾਂ ਨੂੰ ਸਮਾਜ ਵਿਚੋਂ ਹੀ ਛੇਕ ਦਿੱਤਾ ਸੀ। ਉਹੀ ਵਰਗ ਮੁਢਲੇ ਦੌਰ ਤੋਂ ਗੁਜ਼ਰ ਕੇ ਨਾ ਕੇਵਲ ਹੁਣ ਤਰੱਕੀ ਦੀ ਸੜਕ ਤੇ ਪੈ ਗਿਆ ਹੈ, ਸਗੋਂ ਉਸ ਮਹਾਂਪੁਰਸ਼ ਤੋਂ ਪ੍ਰਾਪਤ ਕੀਤੇ ਸਵੈਮਾਣ ਅਤੇ ਆਤਮ ਵਿਸ਼ਵਾਸ ਦੇ ਜੋਸ਼ ਦੀ ਬਦੌਲਤ ਉਹ ਅਗਲੀਆਂ ਮੰਜ਼ਿਲਾਂ ਵੱਲ ਵਧਣ ਦੇ ਵੀ ਕਾਬਲ ਹੋ ਗਿਆ ਹੈ। ਬਾਬਾ ਸਾਹਿਬ ਦੇ ਹੀ ਸ਼ਬਦਾਂ ਵਿਚ: 'ਰਾਜਨੀਤਿਕ ਅੱਤਿਆਚਾਰ ਸਮਾਜਿਕ ਅੱਤਿਆਚਾਰ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ। ਸਮਾਜਿਕ ਅੱਤਿਆਚਾਰੀ ਵਿਵਸਥਾ ਨੂੰ ਵੰਗਾਰ ਦੇਣ ਵਾਲਾ ਸੁਧਾਰਕ ਵਿਅਕਤੀ ਉਸ ਰਾਜ ਨੇਤਾ ਵਿਅਕਤੀ ਨਾਲੋਂ ਕਿਤੇ ਵੱਧ ਦਲੇਰ ਅਤੇ ਬਹਾਦਰ ਹੁੰਦਾ ਹੈ ਜੋ ਕੇਵਲ ਸਰਕਾਰ ਦੀ ਨਾ ਫੁਰਮਾਨੀ ਕਰਦਾ ਹੈ?'

(ਜਾਤਪਾਤ ਦਾ ਬੀਜ ਨਾਸ)

ਮਜ਼ਦੂਰ ਸੰਗਠਨ ਦੀ ਇਕ ਸਭਾ ਨੂੰ ਸੰਬੋਧਨ ਕਰਦੇ ਹੋਏ ਡਾ. ਅੰਬੇਡਕਰ ਨੇ ਕਿਹਾ ਸੀ ਕਿ 'ਭਾਰਤੀ ਸਮਾਜ ਦੇ ਜੇ ਕੋਈ ਦੋ ਦੁਸ਼ਮਣ ਹਨ ਤਾਂ ਉਹ ਹਨ ਪੂੰਜੀਵਾਦ ਅਤੇ ਬ੍ਰਾਹਮਣਵਾਦ' ਜ਼ਾਹਿਰ ਹੈ ਕਿ ਕਾਰਲ ਮਾਰਕਸ ਨੇ ਭਾਰਤੀ ਸਮਾਜ ਦੇ ਸੰਦਰਭ ਵਿਚ ਸਮਾਜ ਦੇ ਅਸਲੀ ਦੁਸ਼ਮਣ ਦੀ ਪਛਾਣ ਕਰਨ ਲੱਗਿਆਂ ਜੋ ਕਮੀ ਛੱਡ ਦਿੱਤੀ ਸੀ ਇਸ ਕਥਨ ਰਾਹੀਂ ਅੰਬੇਡਕਰ ਨੇ ਉਸਨੂੰ ਪੂਰਾ ਕਰ ਦਿੱਤਾ ਹੈ। ਇਕ ਮਾਨਵਵਾਦੀ ਮਹਾਂਪੁਰਸ਼ ਹੋਣ ਦੇ ਨਾਤੇ ਉਹ ਸਮਾਜ ਦੇ ਦੁਖਦਾਈ ਪਹਿਲੂ ਨੂੰ ਕਿਵੇਂ ਅੱਖੋਂ ਓਹਲੇ ਕਰ ਦਿੰਦੇ? ਇਸੇ ਸਬੰਧ ਵਿਚ ਉਹਨਾਂ ਨੇ ਬ੍ਰਾਹਮਣਵਾਦੀ ਮਜ਼ਦੂਰ ਯੂਨੀਅਨਾਂ ਨੂੰ ਲਤਾੜਦੇ ਹੋਏ ਕਿਹਾ ਸੀ, ਮਾਰਕਸੀ ਫਲਸਫੇ, ਅਨੁਸਾਰ ਸਮਾਜ ਕੇਵਲ ਦੋ ਸ਼੍ਰੇਣੀਆਂ, ਮਜ਼ਦੂਰ ਅਤੇ ਸਰਮਾਏਦਾਰ ਵਿਚ ਵੰਡਿਆ ਹੋਇਆ ਹੈ, ਲੇਕਿਨ ਨਹੀਂ। ਮਜ਼ਦੂਰ ਵੀ ਅੱਗੇ ਦੋ ਸ਼੍ਰੇਣੀਆਂ ਸਵਰਨ ਅਤੇ ਅਛੂਤ ਵਿਚ ਵੰਡਿਆ ਹੋਇਆ ਹੈ। ਇਹ ਨਿਰੀ ਕੰਮ ਦੀ ਹੀ ਵੰਡ ਨਹੀਂ ਬਲਕਿ ਇਹ ਕਾਮਿਆਂ ਦੀ ਵੀ ਵੰਡ ਹੈ। ਕਾਰਖਾਨਿਆਂ ਵਿਚ ਇਕੋ ਮਸ਼ੀਨ ਤੇ ਕੰਮ ਕਰਨ ਵਾਲੇ ਸਵਰਨ ਮਜ਼ਦੂਰ ਦੂਜੇ ਅਛੂਤ ਮਜ਼ਦੂਰ ਤੋਂ ਘੰਟੇ ਦੀ ਛੁੱਟੀ ਵੇਲੇ ਅਲੱਗ ਬੈਠ ਕੇ ਰੋਟੀ ਖਾਂਦੇ ਹਨ ਅਤੇ ਉਹਨਾਂ ਦੀ ਛੂਹ ਨਾਲ ਉਹ ਭਿੱਟੇ ਨਾ ਜਾਣ (ਇਹ ਭਿੱਟ-ਛੂਹ ਦਾ ਚਲਨ ਹੁਣ ਤੱਕ ਚਲਦਾ ਰਿਹਾ ਹੈ) ਕੀ ਇਹੀ ਕਾਰਲ ਮਾਰਕਸ ਦੇ ਦਾਸ ਕੈਪੀਟਲ ਦੀ ਵਿਆਖਿਆ ਹੈ?

ਪਿੰਡਾਂ ਵਿਚ ਜੱਟ ਜ਼ਿਮੀਦਾਰ ਅਤੇ ਖੇਤ ਮਜ਼ਦੂਰ ਦਲਿਤਾਂ ਵਿਚਕਾਰ ਉਚਿਤ ਮਜ਼ਦੂਰੀ ਦੇ ਸਵਾਲ ਤੇ ਝਗੜੇ ਹੋਣਾ ਇਕ ਆਮ ਜਿਹੀ ਗੱਲ ਬਣ ਗਈ ਹੈ ਜਿਸ ਦੀ ਕਈ ਵਾਰ ਮਾਰ ਕੁਟਾਈ, ਕਤਲ ਅਤੇ ਸ਼ੋਸ਼ਲ ਬਾਈਕਾਟ ਤੱਕ ਨੌਬਤ ਪਹੁੰਚ ਜਾਂਦੀ ਹੈ ਜਿਸ ਵਿਚ ਸਭ ਜ਼ਿਮੀਦਾਰ, ਕੀ ਸਧਾਰਨ, ਕੀ ਅਕਾਲੀ, ਕੀ ਕਾਮਰੇਡ, ਦਲਿਤ ਆਬਾਦੀ ਦੇ ਖ਼ਿਲਾਫ਼ ਇੱਕਮੁੱਠ ਇਕੱਠੇ ਹੋ ਜਾਂਦੇ ਹਨ। ਕੀ ਕਿਸੇ ਕਾਮਰੇਡ ਜਥੇਬੰਦੀ ਨੇ ਅਜਿਹੇ ਮੌਕਿਆਂ ਤੇ ਕਦੇ ਵੀ ਮਜ਼ਲੂਮ ਲੋਕਾਂ ਦਾ ਸਾਥ ਦਿੱਤਾ? ਪਿੱਪਰਾ, ਪਾਰਸ ਬਿਘਾ, ਆਗਰਾ, ਜਹਾਨਾਬਾਦ, ਕੁਮਰੇਹ, ਚਕਵਾੜਾ, ਹਰਸੋਲਾ, ਦੁਲੀਨਾ, ਤੱਲ੍ਹਣ, ਖੈਰਲਾਂਜੀ ਜਿਹੇ ਅਨੇਕ ਦਲਿਤ ਕਤਲ ਕਾਂਡਾਂ ਨੂੰ ਯਾਦ ਕਰਕੇ ਪੁਰਾਣੇ ਫੱਟ ਹੁਣ ਵੀ ਹਰੇ ਹੋ ਉਠਦੇ ਹਨ। ਕਿੱਥੇ ਚਲਿਆ ਜਾਂਦਾ ਹੈ ਮਾਰਕਸ ਦਾ ਉਹ ਨਾਰ੍ਹਾ ਕਿ 'ਐ ਦੁਨੀਆਂ ਦੇ ਮਜ਼ਦੂਰੋ ਇਕ ਹੋ ਜਾਓ?' ਭਾਰਤੀ ਕਾਮਰੇਡਾਂ ਦੇ ਕੱਟੜ ਸਿਧਾਂਤਵਾਦ ਤੋਂ ਥੋੜ੍ਹਾ ਹਟ ਕੇ ਦੇਸ਼ ਅਤੇ ਸਮਾਜ ਦੀਆਂ ਵਿਸ਼ੇਸ਼ ਪ੍ਰਸਥਿਤੀਆਂ ਨੂੰ ਮੁੱਖ ਰੱਖ ਕੇ ਸਮਾਜਵਾਦ ਦਾ ਜੋ ਚਿੱਤਰ ਡਾ. ਅੰਬੇਡਕਰ ਨੇ ਆਪਣੀਆਂ ਲਿਖਤਾਂ, ਸੰਮੇਲਨਾਂ ਵਿਚਾਰ ਗੋਸ਼ਟੀਆਂ ਅਤੇ ਭਾਸ਼ਣਾਂ ਰਾਹੀਂ ਪੇਸ਼ ਕੀਤਾ, ਜੇ ਉਸ ਨੂੰ ਇਮਾਨਦਾਰੀ ਨਾਲ ਵਿਵਹਾਰਿਕ ਰੂਪ ਦੇ ਦਿੱਤਾ ਜਾਂਦਾ, ਉਸ ਨਾਲ ਅੱਜ ਦੀਆਂ ਸਮੱਸਿਆਵਾਂ ਨੂੰ ਸੁਲਝਾਉਣਾ ਬਹੁਤ ਆਸਾਨ ਹੋ ਸਕਦਾ ਸੀ। ਹੋਰ ਸੁਝਾਵਾਂ ਦੇ ਨਾਲ ਨਾਲ ਉਹਨਾਂ ਦੇ ਰਾਜ ਸਮਾਜਵਾਦ ਦਾ ਸੁਝਾਅ ਢੁੱਕਵੇਂ ਭਾਵ ਵਿਚ ਜ਼ਿਕਰਯੋਗ ਹੈ। ਰਾਜ ਸਮਾਵਜਾਦ ਦੀ ਸਕੀਮ ਦੇ ਤਹਿਤ ਰਾਜ ਦੇ ਮੁੱਖ ਉਦਯੋਗਾਂ, ਬੀਮਾ ਕਾਰੋਬਾਰ, ਆਰਥਿਕਤਾ ਨਾਲ ਸਬੰਧਤ ਧੰਦੇ, ਖੇਤੀਬਾੜੀ ਨੂੰ ਇੰਡਸਟਰੀ ਕਰਾਰ ਦੇ ਕੇ ਜ਼ਮੀਨ ਨੂੰ ਬਰਾਬਰ ਟੁਕੜਿਆਂ ਵਿਚ ਕੱਟ ਕੇ ਪਿੰਡ ਦੇ ਵਸਨੀਕ ਵਾਹੀਕਾਰਾਂ ਵਿਚ ਕਿਰਾਏ ਦੇ ਆਧਾਰ ਤੇ ਵੰਡਣਾ, ਸਮੂਹਿਕ ਵਾਹੀ, ਉਪਜ ਦੀ ਨਿਆਂਸੰਗਤ ਵੰਡ ਪ੍ਰਮੁੱਖ ਵਿਸ਼ੇਸ਼ਤਾਵਾਂ ਸਨ। ਇਸ ਵਿਚ ਨਾ ਕੋਈ ਮਾਲਕ, ਨਾ ਮੁਜਾਰਾ ਅਤੇ ਨਾ ਹੀ ਕੋਈ ਬੇਜ਼ਮੀਨਾ ਅਤੇ ਮਜ਼ਦੂਰ ਹੁੰਦਾ (ਸਟੇਟਸ ਐਂਡ ਮਿਨਾਰਟੀਜ਼, ਲਿਖਤਾਂ ਅਤੇ ਭਾਸ਼ਣ-ਜਿਲਦ। ਪੰਨਾ 408) ਉਸ ਸਮੇਂ (1947) ਡਾ. ਅੰਬੇਡਕਰ ਜੀ ਦਾ ਸਾਰਾ ਜ਼ੋਰ ਅਨੁਸੂਚਿਤ ਜਾਤੀਆਂ ਨੂੰ ਹਿੰਦੂ ਜਾਤੀਆਂ ਦੀ ਜਗ੍ਹਾ ਮਿਨਾਰਟੀ (ਘੱਟ ਗਿਣਤੀ) ਦਾ ਦਰਜਾ ਦਿਵਾਉਣਾ ਸੀ ਤਾਂ ਜੋ ਉਹਨਾਂ ਨੂੰ ਹਿੰਦੂ ਦਾਬੇ ਤੋਂ ਆਜ਼ਾਦ ਕਰਵਾ ਕੇ ਵੱਧ ਤੋਂ ਵੱਧ ਸੁਰੱਖਿਆ ਅਤੇ ਵਿਕਾਸ ਦੇ ਅਧਿਕਾਰ ਮਿਲ ਸਕਣ। ਭਾਰਤ ਵੰਡ ਤੋਂ ਪਹਿਲਾਂ ਉਹਨਾਂ ਨੇ 1940 ਵਿਚ ਹਿੰਦੂ ਮੁਸਲਿਮ ਸਮੱਸਿਆ ਦੇ ਹੱਲ ਵਜੋਂ ਹਿੰਦੂ ਅਤੇ ਮੁਸਲਮਾਨ ਆਬਾਦੀਆਂ ਦੇ ਸ਼ਾਂਤਮਈ ਤਬਾਦਲੇ ਦਾ ਸੁਝਾਅ ਦਿੱਤਾ ਸੀ (ਬਾਟਸ ਆਨ ਪਾਕਿਸਤਾਨ, 1940) ਲੇਕਿਨ ਉਸ ਸਮੇਂ ਸੱਤਾ ਸ਼ਕਤੀ ਦੇ ਖੁਮਾਰ ਵਿਚ ਕਿਸੇ ਪਾਰਟੀ ਜਾਂ ਗੁੱਟ ਨੇ ਧਿਆਨ ਨਹੀਂ ਦਿੱਤਾ ਜਿਸ ਦੀ ਕੀਮਤ ਉਹਨਾਂ ਨੂੰ ਬਾਅਦ ਵਿਚ ਲੱਖਾਂ ਇਨਸਾਨੀ ਜਾਨਾਂ ਅਤੇ ਅਰਬਾਂ ਦੇ ਨੁਕਸਾਨ ਦੀ ਸ਼ਕਲ ਵਿਚ ਚੁਕਾਣੀ ਪਈ। ਇਸੇ ਤਰ੍ਹਾਂ ਆਪਣੀ ਆਰਥਿਕ ਠੇਕੇਦਾਰੀ ਗੁਆ ਕੇ ਅਜਿਹੇ ਰਾਜ ਸਮਾਜਵਾਦ ਨੂੰ ਕਿਸੇ ਨੇ ਕੀ ਕਰਨਾ ਸੀ? ਬਾਬਾ ਸਾਹਿਬ ਸਮਾਜੀ ਢਾਂਚੇ ਵਿਚ ਮੌਲਿਕ ਤਬਦੀਲੀ ਲਿਆਉਣ ਦੇ ਜਬਰਦਸਤ ਝੰਡਾ ਬਰਦਾਰ ਸਨ ਜਿਸ ਲਈ ਉਹਨਾਂ ਨੇ ਉਮਰ ਭਰ ਜੀ ਤੋੜ ਸੰਘਰਸ਼ ਕੀਤਾ। ਉਹਨਾਂ ਦੀ ਸਖਤ ਵਿਰੋਧਤਾ ਵੀ ਹੋਈ ਲੇਕਿਨ ਉਹ ਫਿਰ ਵੀ ਸੰਵਿਧਾਨਕ ਢੰਗ ਤਰੀਕਿਆਂ ਨੂੰ ਤਰਜੀਹ ਦਿੰਦੇ। ਇਸ ਦਾ ਸਪਸ਼ਟ ਕਾਰਨ ਸੀ ਦਲਿਤ ਵਰਗਾਂ ਦਾ ਅਤਿ ਗਰੀਬੀ, ਅਨਪੜ੍ਹਤਾ, ਸਮਾਜਿਕ ਉਤਪੀੜਨ ਅਤੇ ਸਾਧਨਹੀਣਤਾ।

ਆਪਣੀ ਜਾਨ ਅਤੇ ਇੱਜ਼ਤ ਤੇ ਹਮਲੇ ਦੇ ਜਵਾਬ ਵਿਚ ਕਿਸੇ ਗੁੰਡੇ ਬਦਮਾਸ਼ ਦੀ ਲੱਤ ਬਾਂਹ ਤੋੜ ਦੇਣ ਨੂੰ ਹਿੰਸਾ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਇਸ ਨੂੰ ਰਾਜ ਪਲਟੇ ਦੇ ਸੰਦਰਭ ਵਿਚ ਵਰਤੇ ਗਏ ਬਲ ਪ੍ਰਯੋਗ, ਹਿੰਸਾ ਜਾਂ ਅਰਾਜਕਤਾ ਦੇ ਬਰਾਬਰ ਮੰਨਿਆ ਜਾ ਸਕਦਾ ਹੈ। ਦਲਿਤ ਡੈਪੂਟੇਸ਼ਨ ਨੂੰ ਆਪਣੀ ਬਹੂ ਬੇਟੀਆਂ ਦੀ ਇੱਜ਼ਤ ਦੇ ਬਚਾਅ ਵਿਚ ਬਾਬਾ ਸਾਹਿਬ ਦਾ ਗੁੰਡੇ ਬਦਮਾਸ਼ਾਂ ਦੀਆਂ ਲੱਤਾਂ ਬਾਹਾਂ ਜਾਂ ਸਿਰ ਭੰਨਣ ਲਈ ਵੰਗਾਰਨਾ ਕੋਈ ਹੈਰਾਨੀ ਵਾਲੀ ਗੱਲ ਨਹੀ ਹੈ ਅਤੇ ਨਾ ਹੀ ਇਹ ਗੈਰ ਕਾਨੂੰਨੀ ਹੈ। ਆਤਮ ਰੱਖਿਆ ਲਈ ਬਲ ਪ੍ਰਯੋਗ ਦੀ ਵਰਤੋਂ ਹਰ ਇਕ ਦਾ ਸੰਵਿਧਾਨਕ ਅਧਿਕਾਰ ਹੈ। ਗੁੱਸੇ ਅਤੇ ਦੁੱਖ ਦੇ ਭਾਵ ਵਿਚ ਉਹਨਾਂ ਦੇ ਮੂੰਹੋਂ ਨਿਕਲੇ ਅਜਿਹੇ ਸ਼ਬਦਾਂ ਨੂੰ ਖੂਨੀ ਇਨਕਲਾਬ ਦੇ ਪੱਖ ਵਿਚ ਵਰਤਣਾ ਖਾਸ ਡੂੰਘੀ ਸੋਚ ਦੀ ਨਿਸ਼ਾਨੀ ਨਹੀਂ ਹੈ।

ਭਾਰਤੀ ਸਮਾਜ ਵਿਚ ਊਚ-ਨੀਚ, ਜਾਤੀ ਵਿਤਕਰਿਆਂ, ਆਰਥਿਕ ਨਾ ਬਰਾਬਰੀ ਨੂੰ ਮੁੱਖ ਰੱਖਦਿਆਂ ਕਿਹੜੇ ਸੁਧਾਰਾਂ (ਤਬਦੀਲੀਆਂ) ਦੀ ਜ਼ਰੂਰਤ ਹੈ? ਜੇ ਹੈ ਤਾਂ ਉਹ ਕਿਵੇਂ ਆ ਸਕਦੀ ਹੈ? ਤਾਕਤ ਰਾਹੀਂ ਜਾਂ ਆਪਸੀ ਸੂਝ ਬੂਝ ਅਤੇ ਸਹਿਮਤੀ ਰਾਹੀਂ? ਇਸ ਬਾਰੇ ਹਮੇਸ਼ਾ ਦੋ ਅਲੱਗ ਅਲੱਗ ਵਿਰੋਧੀ ਵਿਚਾਰ ਕੰਮ ਕਰ ਰਹੇ ਹਨ? ਬਾਬਾ ਸਾਹਿਬ ਅੰਬੇਡਕਰ ਜਿੱਥੇ ਖੁਸੇ ਹੋਏ ਅਧਿਕਾਰਾਂ ਨੂੰ ਮੁੜ ਪ੍ਰਾਪਤ ਕਰਨ ਲਈ ਦਲਿਤ ਵਰਗਾਂ ਨੂੰ ਨਿਰੰਤਰ ਪੂਰੀ ਸ਼ਕਤੀ ਨਾਲ ਸੰਘਰਸ਼ ਕਰਨ ਦੀ ਤਾੜਨਾ ਕਰਦੇ ਹਨ, ਉਥੇ ਉਹ ਮਾਰਕਸ ਦੇ ਖੂਨੀ ਇਨਕਲਾਬ ਦੇ ਮੁਕਾਬਲੇ ਵਿਚ ਉਸ ਤਬਦੀਲੀ ਨੂੰ ਸੰਵਿਧਾਨਕ ਢੰਗ ਤਰੀਕਿਆਂ/ਪ੍ਰਕਿਰਿਆ ਰਾਹੀਂ ਜਿੱਤਣ ਦੀ ਸਲਾਹ ਦਿੰਦੇ ਹਨ, ਕਿਉਂਕਿ ਸੰਵਿਧਾਨਕ ਪ੍ਰਕਿਰਿਆ ਰਾਹੀਂ ਬਿਨਾਂ ਖੂਨ ਖਰਾਬੇ ਪ੍ਰਾਪਤ ਕੀਤੀ ਤਬਦੀਲੀ ਹੀ ਅੰਤ ਤੱਕ ਪਾਏਦਾਰ ਅਤੇ ਚਿਰ ਸਥਾਈ ਹੋ ਸਕਦੀ ਹੈ।

# ਸ੍ਰੀ ਗੁਰੂ ਰਵਿਦਾਸ ਦੇ ਬੇਗ਼ਮਪੁਰੇ ਦਾ ਸੰਕਲਪ

ਫਤਿਹਜੰਗ ਸਿੰਘ

ਸ੍ਰੀ ਗੁਰੂ ਰਵਿਦਾਸ ਦਾ ਜੀਵਨ ਅਤੇ ਮਿਸ਼ਨ ਉਹਨਾਂ ਲੋਕਾਂ ਦੇ ਲੇਖੇ ਸੀ, ਜਿਹਨਾਂ ਨੂੰ ਇਸ ਸਮਾਜ ਦੇ ਠੇਕੇਦਾਰਾਂ ਨੇ ਲੰਮੇ ਅਰਸੇਤੋਂ ਕੋਹ ਕੋਹ ਕੇ ਤਰ੍ਹਾਂ ਤਰ੍ਹਾਂ ਦੀਆਂ ਯਾਤਨਾਵਾਂ ਦੇ ਕੇ ਉਹਨਾਂ ਤੋਂ ਕੰਮ ਵੀ ਲੈਂਦੇ ਆ ਰਹੇ ਸਨ ਅਤੇ ਬਦਲੇ ਵਿਚ ਰੋਟੀ ਅਤੇ ਕੱਪੜੇ ਦੀ ਬਜਾਏ ਭੁੱਖ ਅਤੇ ਗਰੀਬੀ ਵੀ ਦਿੰਦੇ ਆ ਰਹੇ ਸਨ। ਉਹਨਾਂ ਦਾ ਕੋਈ ਵਾਲੀ ਵਾਰਸ ਨਹੀਂ ਸੀ, ਕੋਈ ਬਾਂਹ ਫੜਨ ਵਾਲਾ ਨਹੀਂ ਸੀ। ਉਹਨਾਂ ਦੀ ਇਸ ਲਾਚਾਰੀ ਦੀ ਹਾਲਤ ਵਿਚ ਗੁਰੂ ਜੀ ਨੇ ਉਹਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਸਮਾਜ ਵੱਲੋਂ ਕੀਤੀਆਂ ਜਾ ਰਹੀਆਂ ਘੋਲ ਬੇਇਨਸਾਫ਼ੀਆਂ ਵਿਰੁੱਧ ਇਕ ਬਗਾਵਤ ਖੜ੍ਹੀ ਕਰ ਦਿੱਤੀ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਇਹਨਾਂ ਨਾਲ ਸਬੰਧਤ ਵਿਚਾਰਾਂ ਨਾਲ ਲਬਰੇਜ਼ ਹੈ। ਉਹ ਇਸ ਤਰ੍ਹਾਂ ਦੀ ਘਟੀਆ ਸਮਾਜਿਕ ਵਿਵਸਥਾ ਨੂੰ ਬਦਲਣਾ ਚਾਹੁੰਦੇ ਸਨ, ਨਿਤਾਣਿਆਂ ਨੂੰ ਤਾਣ ਅਤੇ ਨਿਆਸਰਿਆਂ ਨੂੰ ਆਸਰਾ ਪ੍ਰਦਾਨ ਕਰਨਾ ਚਾਹੁੰਦੇ ਸਨ। ਇਸ ਸੰਦਰਭ ਵਿਚ ਉਹਨਾਂ ਦੇ 'ਬੇਗਮਪੁਰੇ' ਦੇ ਸੰਕਲਪ ਦੀ ਖਾਸ ਮਹੱਤਤਾ ਬਣਦੀ ਹੈ।

ਸ੍ਰੀ ਗੁਰੂ ਰਵਿਦਾਸ ਦੇ ਫਲਸਫੇ ਵਿਚ ਆਇਆ ਇਹ 'ਬੇਗਮਪੁਰੇ' ਦਾ ਵਿਚਾਰ ਆਮ ਕਰਕੇ ਦੋ ਤਰ੍ਹਾਂ ਲਿਆ ਜਾਂਦਾ ਹੈ। ਪਹਿਲੀ ਸ਼੍ਰੇਣੀ ਦੇ ਨਿਰੋਲ ਧਾਰਮਿਕ ਵਿਚਾਰਾਂ ਵਾਲੇ ਇਸਨੂੰ ਬਹੁਤ ਉੱਚੀ ਮਾਨਸਿਕ ਅਵਸਥਾ ਮੰਨਦੇ ਹਨ, ਜਿੱਥੇ ਪਹੁੰਚ ਕੇ ਮਨੁੱਖ ਦੁੱਖਾਂ ਅਤੇ ਗ਼ਮਾਂ ਤੋਂ ਰਹਿਤ ਹੋ ਜਾਂਦਾ ਹੈ। ਦੂਜੀ ਸ਼੍ਰੇਣੀ ਦੇ ਲੋਕ ਇਸਨੂੰ ਸਮਾਜ ਦੀ ਉਹ ਅਵਸਥਾ ਮੰਨਦੇ ਹਨ, ਜਿਸ ਵਿਚ ਸਭ ਪਾਸਿਆਂ ਤੋਂ ਬਰਾਬਰਤਾ ਦਾ ਪਸਾਰ ਹੁੰਦਾ ਹੋਵੇ ਅਤੇ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੁੰਦੀ ਹੋਵੇ। ਬੇਗਮਪੁਰੇ ਦੀਆਂ ਇਹ ਦੋਵੇਂ ਅਵਸਥਾਵਾਂ ਆਦਰਸ਼ਕ ਹਨ। ਇਕ ਆਦਰਸ਼ ਵਿਅਕਤੀ ਸਿਰਜਦੀ ਹੈ ਤੇ ਦੂਜੀ ਆਦਰਸ਼ ਸਮਾਜ। ਦੋਵੇਂ ਇਕ ਦੂਜੇ ਨਾਲ ਰਲਦਾ ਮਿਲਦਾ ਮੰਤਵ ਪੈਦਾ ਕਰਦੇ ਹਨ। ਆਦਰਸ਼ ਵਿਅਕਤੀਆਂ ਦਾ ਜੋੜ ਜਮ੍ਹਾ ਹੀ ਵਧੀਆ ਸਮਾਜ ਸਿਰਜਦਾ ਹੈ ਅਤੇ ਵਧੀਆ ਸਮਾਜ ਹੀ ਆਦਰਸ਼ ਵਿਅਕਤੀ ਪੈਦਾ ਕਰੇਗਾ। ਦੋਹਾਂ ਦਾ ਆਖ਼ਰੀ ਮੰਤਵ ਤਾਂ ਮਨੁੱਖਤਾ ਦੀ ਭਲਾਈ ਹੈ ਜੋ ਖੁਸ਼ੀਆਂ ਖੇੜਿਆਂ ਵਾਲਾ ਜੀਵਨ ਬਖਸ਼ਦਾ ਹੈ।

ਉਂਝ ਤਾਂ ਗੁਰੂ ਰਵਿਦਾਸ ਦਾ ਫਲਸਫਾ ਹੀ ਮਨੁੱਖ ਮਾਤਰ ਦੀ ਸਮੁੱਚੀ ਭਲਾਈ ਨੂੰ ਸਮਰਪਿਤ ਹੈ ਪਰ ਉਹਨਾਂ ਦਾ ਇਹ 'ਬੇਗ਼ਮਪੁਰੇ' ਦਾ ਸੰਕਲਪ ਇਕ ਵੱਖਰੀ ਪਛਾਣ ਵਾਲਾ ਹੈ ਜੋ ਗੁਰੂ ਜੀ ਨੂੰ ਇਕ ਮਹਾਨ ਸਮਾਜਵਾਦੀ ਚਿੰਤਕ ਦੀ ਸ਼ਖਸੀਅਤ ਵਜੋਂ ਉਘਾੜਦਾ ਹੈ। ਉਹਨਾਂ ਦਾ ਸਮਾਂ ਇਤਿਹਾਸ ਦਾ ਉਹ ਭਿਆਨਕ ਦੌਰ ਸੀ ਜਿਸ ਵਿਚ ਸਮਾਜ ਦਾ ਵੱਡਾ ਹਿੱਸਾ ਮਨੁੱਖਤਾ ਦੀ ਪੱਧਰ ਤੋਂ ਹੇਠਾਂ ਗਿਰਾਇਆ ਗਿਆ। ਅਛੂਤ ਸਮਾਜ ਦੇ ਰੂਪ ਵਿਚ ਤਰ੍ਹਾਂ ਤਰ੍ਹਾਂ ਦੇ ਸੰਤਾਪ ਭੋਗ ਰਿਹਾ ਸੀ। ਮਨੁੱਖਾਂ ਤੋਂ ਹੇਠਲੀ ਪੱਧਰ ਜਾਨਵਰਾਂ ਦੀ ਹੁੰਦੀ ਹੈ ਪਰ ਇਹ ਅਛੂਤ ਮਨੁੱਖ ਅਜਿਹਾ ਜਾਨਵਰ ਸੀ ਜੋ ਜਾਨਵਰਾਂ ਤੋਂ ਵੀ ਹੇਠਲੀ ਪੱਧਰ ਤੇ ਜਿਊਣ ਲਈ ਮਜਬੂਰ ਸੀ। ਜਾਨਵਰਾਂ ਨੂੰ ਤਾਂ ਪਾਲਿਆ ਜਾਂਦਾ ਸੀ, ਲਾਡ ਪਿਆਰ ਕੀਤਾ ਜਾਂਦਾ ਸੀ, ਚੁੰਮਿਆ ਚੱਟਿਆ ਜਾਂਦਾ ਸੀ, ਪਰ ਅਛੂਤ ਨੂੰ ਛੂਹਣਾ ਤੇ ਪਿਆਰ ਕਰਨਾ ਤਾਂ ਦੂਰ ਦੀ ਗੱਲ ਸੀ ਉਸਦੇ ਪਰਛਾਵੇਂ ਤੋਂ ਵੀ ਉੱਚ ਜਾਤੀਆਂ ਨੂੰ ਭਿੱਟ ਚੜ੍ਹਦੀ ਸੀ ਤੇ ਉਸ ਤੋਂ ਦੂਰ ਹੋ ਕੇ ਲੰਘਿਆ ਜਾਂਦਾ ਸੀ। ਪਾਲਤੂ ਜਾਨਵਰ ਨੂੰ ਜਿੱਥੇ ਲਾਡ ਪਿਆਰ ਦੇ ਨਾਲ ਨਾਲ ਖਾਣ ਨੂੰ ਵੀ ਵਧੀਆ ਦਿੱਤਾ ਜਾਂਦਾ ਸੀ ਤੇ ਦੇਖਭਾਲ ਵੀ ਪੂਰੀ ਕੀਤੀ ਜਾਂਦੀ ਸੀ ਪਰ ਇਸ ਘਟੀਆ ਤੇ ਨੀਚ ਬਣਾਏ ਜਾਨਵਰ ਰੂਪੀ ਮਨੁੱਖ ਨੂੰ ਤਾਂ ਬਚੀ ਖੁਚੀ ਤੇ ਗੰਦੀ ਮੰਦੀ ਜੂਠ ਜਾਂ ਮਰੇ ਡੰਗਰ ਦਾ ਬਿਮਾਰ ਮਾਸ ਅਤੇ ਫਟੀ ਪੁਰਾਣੀ ਉਤਰਨ ਦੇਣ ਉਪਰੰਤ ਵੀ ਉਸਨੂੰ ਫਿਟਕਾਰਾਂ, ਗਾਲ੍ਹਾਂ, ਲਾਹਨਤਾਂ ਤੇ ਕੁੱਟਮਾਰ ਨਾਲ ਨਿਵਾਜਿਆ ਜਾਂਦਾ ਸੀ। ਇਹੋ ਜਿਹੀ ਗ਼ੈਰ-ਮਨੁੱਖੀ ਸਮਾਜਿਕ ਵਿਵਸਥਾ ਦੇ ਵਿਰੁੱਧ ਇਕ ਬੁਲੰਦ ਆਵਾਜ਼ ਸੀ ਗੁਰੂ ਜੀ ਦਾ ਇਹ ਸੰਕਲਪ। ਇਕ ਇਨਕਲਾਬ, ਇਕ ਬਗਾਵਤ ਦਾ ਝੰਡਾ ਸੀ ਗੁਰੂ ਜੀ ਦੇ ਇਹ ਕੜਕਦੇ ਬੋਲ। ਇਕ ਸਿੰਘ ਗਰਜਣਾ ਸੀ ਵਕਤ ਦੇ ਡਾਢੇ ਹਾਕਮਾਂ ਵਿਰੁੱਧ ਅਤੇ ਇਕ ਬਿਜਲੀ ਦੀ ਲਿਸ਼ਕ ਦੀ ਚਕਾਚੌਂਧ ਸੀ ਡੂੰਘੀਆਂ ਖਾਈਆਂ ਦੇ ਹਨੇਰਿਆਂ ਲਈ। ਬ੍ਰਾਹਮਣਵਾਦ ਵੱਲੋਂ ਪੈਦਾ ਕੀਤੀ ਗਈ ਵਰਣ ਵਿਵਸਥਾ, ਜਾਤ-ਪਾਤ, ਊਚ-ਨੀਚ, ਘਿਰਣਾ-ਨਫ਼ਰਤ ਵਾਲੇ ਸਮਾਜ ਵਿਚ ਬੁਰੀ ਤਰ੍ਹਾਂ ਠੋਕਰਾਂ ਖਾ ਰਹੇ ਤੇ ਨਿੱਤ ਸੂਲੀ ਚੜ੍ਹ ਰਹੇ ਅਛੂਤ ਨੂੰ ਜਗ੍ਹਾ ਕੇ ਉਸਨੂੰ ਮਨੁੱਖਾਂ ਵਾਲਾ ਦਰਜਾ ਦੁਆ ਕੇ ਇਕ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਵਾਲਾ ਸਮਾਜ ਸਿਰਜਣ ਦਾ ਸੁਪਨਾ ਸੀ ਗੁਰੂ ਰਵਿਦਾਸ ਦਾ। ਜਿਸ ਸਮਾਜ ਵਿਚ ਨਾ ਟੋਏ ਟਿੱਬੇ ਰਹਿਣ, ਨਾ ਛੋਟਾ-ਵੱਡਾ ਰਹੇ, ਨਾ ਮਾਲਕ-ਗ਼ੁਲਾਮ ਰਹੇ। ਇਸ ਸਾਰੇ ਸੰਕਲਪ ਨੂੰ ਇੰਝ ਵਿਚਾਰਿਆ ਤੇ ਉਤਾਰਿਆ ਹੈ ਬੇਗ਼ਮਪੁਰੇ ਵਿਚ ਗੁਰੂ ਜੀ ਨੇ:-

ਬੇਗਮਪੁਰਾ ਸਹਰ ਕੋ ਨਾਉ।<br>
ਦੂਖ ਅੰਦੋਹ ਨਹੀਂ ਤਿਹਿ ਠਾਉ।

ਇਕ ਅਜਿਹੇ ਸ਼ਹਿਰ ਜਾਂ ਦੇਸ਼ ਦੀ ਕਲਪਨਾ ਕੀਤੀ, ਜਿਸ ਵਿਚ ਕਿਸੇ ਨੂੰ ਕੋਈ ਗ਼ਮ ਨਾ ਹੋਵੇ, ਦੁੱਖ-ਦਰਦ ਜਾਂ ਸੰਤਾਪ ਨਾ ਹੰਢਾਉਣਾ ਪਵੇ। ਇਹ ਸਾਰੀਆਂ ਅਲਾਮਤਾਂ ਅਛੂਤਾਂ ਨੂੰ ਹੀ ਚਿੰਬੜੀਆਂ ਹੋਈਆਂ ਸਨ, ਜਿਹਨਾਂ ਤੋਂ ਅਵਾਜ਼ਾਰ ਹੋਇਆ ਗੁਰੂ ਜੀ ਦਾ ਦਿਲ ਇਕ ਸੁਪਨਮਈ ਨਗਰੀ ਵਸਾਉਣਾ ਲੋਚਦਾ ਹੈ, ਜਿਸ ਵਿਚ ਉਹ ਦੁੱਖਾਂ ਮਾਰੇ ਇਨਸਾਨ ਕੋਈ ਸੁਖ ਦਾ ਸਾਹ ਲੈ ਸਕਣ।

ਨਾ ਤਸਵੀਸ ਖਿਰਾਜ ਨਾ ਮਾਲ।<br>
ਖਉਫ਼ ਨ ਖਤਾ ਨ ਤਰਸ ਜਵਾਲ।

ਉਹ ਖਿਆਲ ਕਰਦੇ ਹਨ ਕਿ ਉਸ ਨਗਰੀ ਵਿਚ




ਨਾ ਕੋਈ ਫ਼ਿਕਰ (ਤਸਵੀਸ) ਹੋਵੇਗਾ, ਨਾ ਕਿਸੇ ਦੇ ਅਸਬਾਬ (ਮਾਲ) ਤੇ ਅਸੂਲ (ਖਿਰਾਜ) ਹੋਵੇਗਾ। ਨਾ ਡਰ (ਖਉਫ) ਹੋਵੇਗਾ, ਨਾ ਫਿਰ ਕੋਈ ਗਲਤੀ (ਖਤਾ) ਕਰੇਗਾ। ਨਾਫਿਰ ਕਿਸੇ ਦੀ ਤਰਸਯੋਗ ਹਾਲਤ ਹੋਣ ਨਾਲ ਉਸਦਾ ਮਾਣ ਸਤਿਕਾਰ ਢਹਿੰਦੀਆਂ ਕਲਾਂ ਵਿਚ ਜਾਵੇਗਾ। ਆਮ ਤੌਰ 'ਤੇ ਬਹੁਤੀਆਂ ਗਲਤੀਆਂ ਜ਼ਿਆਦਾ ਡਰ ਨਾਲ ਵੀ ਹੋ ਜਾਂਦੀਆਂ ਹਨ ਤੇ ਉਹਨਾਂ ਦੀਆਂ ਸਜ਼ਾਵਾਂ ਭੁਗਤਦਿਆਂ ਬੜੀ ਤਰਸਯੋਗ ਹਾਲਤ ਬਣ ਜਾਂਦੀ ਹੈ। ਜਿਵੇਂ ਕਿ ਅਛੂਤਾਂ ਨਾਲ ਹੁੰਦਾ ਰਿਹਾ ਹੈ। ਉਹਨਾਂ ਉਤੇ ਇੰਨੀਆਂ ਪਾਬੰਦੀਆਂ ਦਾ ਡਰ ਭੈਅ ਸੀ ਕਿ ਉਹ ਡਰ ਡਰ ਕੇ ਚਲਦਿਆਂ ਵੀ ਸਜ਼ਾ ਦੇ ਭਾਗੀ ਬਣ ਜਾਂਦੇ ਸਨ। ਸਜ਼ਾ ਵੀ ਗਾਲ੍ਹਾਂ, ਲੱਤਾਂ, ਠੇਡਿਆਂ ਦੀ ਤਾਂ ਆਮ ਹੈ ਹੀ ਸੀ ਪਰ ਕਈ ਵਾਰੀ ਕੰਨਾਂ ਵਿਚ ਗਰਮ ਗਰਮ ਤੇਲ ਜਾਂ ਢਾਲਿਆ ਸਿੱਕਾ ਪਾ ਕੇ ਸਦਾ ਲਈ ਬੋਲ਼ੇ ਕਰ ਦੇਣਾ ਜਾਂ ਜੀਭ ਕੱਟ ਕੇ ਗੂੰਗਾ ਬਣਾ ਦੇਣਾ ਵੀ ਸ਼ਾਮਲ ਹੋ ਜਾਂਦਾ ਸੀ। ਇਹੋ ਜਿਹੀ ਹਾਲਤ ਤਰਸਯੋਗ ਹੀ ਨਹੀਂ ਜ਼ਾਰੋ ਜ਼ਾਰ ਰੋਣ ਵਾਲੀ ਵੀ ਬਣਦੀ ਸੀ। ਉਹ ਜੀਵੇ ਤਾਂ ਸਹੀ ਪਰ ਨਾ ਕੁਝ ਕਹਿ ਸਕੇ ਤੇ ਨਾ ਸੁਣ ਸਕੇ, ਬੱਸ ਜ਼ੁਲਮ ਸਹਿੰਦਾ ਰਹੇ, ਵਗਾਰਾਂ ਕਰਦਾ ਰਹੇ ਇਕ ਸੀਲ ਜਾਨਵਰ ਦੀ ਤਰ੍ਹਾਂ। ਅੱਗੇ ਆਖਦੇ ਹਨ:-

ਅਬ ਮੋਹਿ ਖੂਬ ਵਤਨ ਗਹਿ ਪਾਈ।<br>
ਊਹਾਂ ਖੈਰ ਸਦਾ ਮੇਰੇ ਭਾਈ।

ਹੁਣ ਮੈਂ ਉਸ ਵਤਨ ਬਾਰੇ ਖੂਬ ਚੰਗੀ ਤਰ੍ਹਾਂ ਜਾਣ ਲਿਆ ਹੈ। ਉਥੇ ਹਮੇਸ਼ਾ ਹੀ ਸੱਤੇ ਖ਼ੈਰਾਂ ਹਨ। ਇਹ ਗੁਰੂ ਜੀ ਦਾ ਉਹਨਾਂ ਦੁੱਖਾਂ ਮਾਰੇ ਲੋਕਾਂ ਲਈ ਇਕ ਪਿਆਰ ਦੀ ਭਾਵਨਾ ਦਾ ਪ੍ਰਗਟਾਅ ਜਾਪਦਾ ਹੈ, ਜਿਹਨਾਂ ਦੇ ਹਿੱਸੇ ਸੁੱਖ ਨਾਂ ਦੀ ਕੋਈ ਚੀਜ਼ ਕਦੇ ਆਈ ਹੀ ਨਹੀਂ- ਕਿ ਉਹ ਹਮੇਸ਼ਾ ਸੁੱਖੀ ਵੱਸਣ।

ਕਾਇਮ ਦਾਇਮ ਸਦਾ ਪਾਤਸ਼ਾਹੀ।<br>
ਦੋਮ ਨਾ ਸੋਮ ਏਕ ਸੋ ਆਹੀ।

ਗੁਰੂ ਜੀ ਤਸੱਵਰ ਕਰਦੇ ਹਨ ਕਿ ਉਸ ਨਗਰੀ ਵਿਚ ਸਦਾ ਇਕ ਹੀ ਪਾਤਸ਼ਾਹੀ ਹੋਵੇਗੀ। ਕੋਈ ਦੂਜੀ (ਕੌਮ) ਜਾਂ ਤੀਜੀ (ਸੋਮ) ਦਾ ਰੌਲਾ ਨਹੀਂ ਹੋਵੇਗਾ। ਅੱਜ ਦਾ ਅਛੂਤ ਵੀ ਦੂਜੇ, ਤੀਜੇ ਦਰਜੇ ਦਾ ਗਿਣਿਆ ਜਾਂਦਾ ਹੈ। ਅੱਜ ਵੀ ਉਸਨੂੰ ਤਰ੍ਹਾਂ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਗਿਣਤੀ ਤਾਂ ਅੱਜ ਵੀ ਗਰੀਬੀ ਅਤੇ ਭੁੱਖਮਰੀ ਨਾਲ ਜੂਝ ਰਹੀ ਹੈ।

ਅਬਾਦਾਨ ਸਦਾ ਮਸ਼ਹੂਰ।<br>
ਊਹਾਂ ਗਨੀ ਬਸਹਿ ਮਾਮੂਰ।

ਇਹ ਨਗਰੀ ਸਦਾ ਆਬਾਦ (ਅਬਾਦਾਨ) ਰਹੇਗੀ ਅਤੇ ਮਸ਼ਹੂਰ ਰਹੇਗੀ ਕਿਉਂਕਿ ਇਸ ਵਿਚ ਰਹਿਣ ਵਾਲੇ ਸਾਰੇ ਲੋਕ ਸਰਬ ਸੰਪੰਨ ਅਮੀਰ (ਗਨੀ) ਹੋਣਗੇ, ਕੋਈ ਗਰੀਬ ਨਹੀਂ ਹੋਵੇਗਾ। ਅਮੀਰੀ ਨਾਲ ਹੀ ਭਰਪੂਰ (ਮਾਮੂਰ) ਇਹ ਨਗਰੀ ਰਹੇਗੀ।

ਤਿਉ ਤਿਉ ਸੈਲ ਕਰਹਿ ਜਿਉ ਭਾਵੈ।<br>
ਮਹਿਰਮ ਮਹਲ ਨ ਕੋ ਅਟਕਾਵੈ।

ਬੇਗ਼ਮਪੁਰੇ ਵਿਚ ਇਹ ਸਭ ਨੂੰ ਸਹੂਲਤ ਹੋਵੇਗੀ ਕਿ ਉਹ ਜਿੱਥੇ ਚਾਹੁਣ ਜਾ ਸਕਦੇ ਹਨ, ਘੁੰਮ ਫਿਰ ਸਕਦੇ ਹਨ, ਸੈਰ ਸਪਾਟਾ ਕਰ ਸਕਦੇ ਹਨ। ਵੇਖਣ ਨੂੰ ਭਾਵੇਂ ਇਹ ਘੁੰਮਣ ਫਿਰਨ ਦੀ ਗੱਲ ਸਧਾਰਨ ਜਾਪਦੀ ਹੈ ਪਰ ਗੁਰੂ ਜੀ ਦੇ ਹਰ ਵਿਚਾਰ ਵਿਚ ਇਕ ਸਮਾਜਿਕ ਇਤਿਹਾਸ ਛੁਪਿਆ ਹੋਇਆ ਹੈ। ਇਸਦਾ ਪਿਛੋਕੜ ਇਹ ਹੈ ਕਿ ਉਸ ਵੇਲੇ ਹਰ ਕਿਸੇ ਨੂੰ ਹਰ ਥਾਂ ਜਾਣ ਦੀ ਆਜ਼ਾਦੀ ਨਹੀਂ ਸੀ। ਇਹ ਅਛੂਤ ਹੀ ਸੀ ਜਿਸਦੇ ਖਾਣ ਪੀਣ ਅਤੇ ਪਹਿਨਣ ਤੇ ਤਾਂ ਪਾਬੰਦੀਆਂ ਹੈ ਹੀ ਸਨ, ਉਸਦੇ ਕਈ ਥਾਂਵਾਂ ਤੇ ਦਾਖ਼ਲੇ ਵੀ ਬੰਦ ਸਨ। ਖੂਹਾਂ, ਤਲਾਬਾਂ ਤੇ ਉਹ ਨਹੀਂ ਸੀ ਜਾ ਸਕਦਾ, ਮੰਦਰ ਜਾਂ ਕਿਸੇ ਧਾਰਮਿਕ ਸਥਾਨ ਦੇ ਨੇੜੇ ਨਹੀਂ ਸੀ ਫਟਕਣ ਦਿੱਤਾ ਜਾਂਦਾ। ਗਲੀਆਂ ਬਾਜ਼ਾਰਾਂ ਵਿਚ ਦਾਖਲਾ ਬੰਦ। ਜੇ ਕਿਤੇ ਬਾਹਰ ਨਿਕਲਣਾ ਹੀ ਹੈ ਤਾਂ ਸਿਖਰ ਦੁਪਹਿਰ ਵੇਲੇ ਜਦੋਂ ਪਰਛਾਵਾਂ ਸਭ ਤੋਂ ਛੋਟਾ ਹੁੰਦਾ ਹੈ ਉਸ ਵੇਲੇ ਨਿਕਲਣ ਦੀ ਆਗਿਆ ਸੀ ਤਾਂ ਜੋ ਇਸ ਨੀਚ ਦਾ ਪਰਛਾਵਾਂ ਕਿਸੇ ਊਚ ਨੂੰ ਭਿੱਟ ਨਾ ਸਕੇ।

ਕਹਿ ਰਵਿਦਾਸ ਖਲਾਸ ਚਮਾਰਾ।<br>
ਜੋ ਹਮ ਸਹਰੀ ਸੁ ਮੀਤ ਹਮਾਰਾ।

ਗੁਰੂ ਜੀ ਦਾ ਆਪਣੇ ਨਾਂ ਨਾਲ ਚਮਾਰ ਲਿਖਣਾ ਤੇ ਬਾਰ ਬਾਰ ਲਿਖਣਾ ਉਹਨਾਂ ਦੀ ਦਲੇਰੀ, ਬਗ਼ਾਵਤ ਅਤੇ ਦ੍ਰਿੜਤਾ ਦੀ ਲਖਾਇਕ ਹੈ। ਦਲੇਰੀ ਇਸ ਲਈ ਕਿ ਬ੍ਰਾਹਮਣਵਾਦ ਨੇ ਪ੍ਰਚਾਰ ਰਾਹੀਂ ਨੀਚ ਗਰਦਾਨੀ ਗਈ ਜਾਤੀਆਂ ਜਿਹਨਾਂ ਵਿਚੋਂ ਚਮਾਰ ਵੀ ਇਕ ਸੀ, ਉਹਨਾਂ ਨੂੰ ਇੰਨਾ ਘਟੀਆ ਅਤੇ ਨੀਚ ਬਣਾ ਦਿੱਤਾ ਸੀ ਕਿ ਉਹ ਆਪਣੇ ਆਪ ਨੂੰ ਉਸ ਜਾਤੀ ਨਾਲ ਸੰਬੋਧਿਤ ਹੋਣ ਦੇ ਅਹਿਸਾਸ ਨਾਲ ਹੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੇ ਸਨ। ਅਜਿਹੀ ਹੀਣ ਭਾਵਨਾ ਨੂੰ ਦੂਰ ਕਰਨ ਲਈ ਗੁਰੂ ਜੀ ਨੇ ਇਸ ਸ਼ਬਦ ਨੂੰ ਵਾਰ ਵਾਰ ਬੜੀ ਦਲੇਰੀ ਨਾਲ ਵਰਤ ਕੇ ਉਹਨਾਂ ਲੋਕਾਂ ਵਿਚੋਂ ਹੀਣ ਭਾਵਨਾ ਦੂਰ ਕਰਨ ਦਾ ਯਤਨ ਕੀਤਾ। ਇਹ ਕਵਾਇਦ ਅੱਜ ਵੀ ਪੰਜਾਬ ਦੇ ਦੁਆਬਾ ਇਲਾਕੇ ਵਿਚ ਆਪਣੇ ਸਿਖਰ 'ਤੇ ਹੈ, ਜਿੱਥੇ ਆਪਣੇ ਆਪ ਨੂੰ ਚਮਾਰ ਅਖਵਾਉਣਾ ਮਾਣ ਨਾਲ ਸਵੀਕਾਰ ਕੀਤਾ ਜਾਂਦਾ ਹੈ।

ਬਗਾਵਤ ਇਸ ਲਈ ਆਖੀ ਜਾ ਸਕਦੀ ਹੈ ਕਿ ਗੁਰੂ ਜੀ ਦੇ ਵੇਲੇ ਹਰ ਜਾਤੀ ਦੇ ਕੰਮ ਨਿਸ਼ਚਿਤ ਸਨ। ਚਮਾਰ ਦਾ ਕੰਮ ਚਮੜੇ ਨਾਲ ਸਬੰਧਤ ਸੀ ਪਰ ਗੁਰੂ ਜੀ ਤਾਂ ਆਪਣੇ ਕੰਮ ਦੇ ਨਾਲ ਨਾਲ ਲੋਕਾਂ ਨੂੰ ਉਸ ਬ੍ਰਾਹਮਣਵਾਦੀ ਪ੍ਰਚਾਰ ਵਿਰੁੱਧ ਜਾਗਰਿਤ ਵੀ ਕਰ ਰਹੇ ਸਨ, ਜਿਸਨੇ ਉਹਨਾਂ ਨੂੰ ਨੀਚ ਬਣਾ ਧਰਿਆ ਸੀ।

ਬ੍ਰਾਹਮਣਵਾਦ ਨਹੀਂ ਸੀ ਚਾਹੁੰਦਾ ਉਹ ਜਾਗਣ ਪਰ ਗੁਰੂ ਜੀ ਉਹਨਾਂ ਨੂੰ ਜਗਾ ਕੇ ਇਕ ਪ੍ਰਚੱਲਿਤ ਵਿਵਸਥਾ ਵਿਰੁੱਧ ਬਗ਼ਾਵਤ ਦਾ ਕੰਮ ਹੀ ਕਰ ਰਹੇ ਸਨ। ਦ੍ਰਿੜ੍ਹਤਾ ਇਸ ਲਈ ਕਿ ਗੁਰੂ ਜੀ ਨੂੰ ਪਤਾ ਸੀ ਕਿ ਉਹ ਜਾਬਰ ਨਾਲ ਟੱਕਰ ਲੈਣ ਦਾ ਕੰਮ ਕਰ ਰਹੇ ਹਨ, ਗਲਤ ਕਦਰਾਂ ਕੀਮਤਾਂ ਨੂੰ ਵੰਗਾਰ ਰਹੇ ਹਨ, ਆਪਣੀਆਂ ਨਿਸ਼ਚਿਤ ਹੱਦਾਂ ਨੂੰ ਤੋੜ ਰਹੇ ਹਨ, ਜਿਸਦਾ ਨਤੀਜਾ ਭੈੜੇ ਤੋਂ ਭੈੜਾ ਵੀ ਹੋ ਸਕਦਾ ਹੈ। ਪਰ ਫਿਰ ਵੀ ਉਹ ਪੂਰੀ ਸ਼ਿੱਦਤ ਨਾਲ ਮਨੁੱਖਤਾ ਲਈ ਆਪਣਾ ਸਭ ਕੁਝ ਲੇਖੇ ਲਾਉਣ ਲਈ ਦ੍ਰਿੜ੍ਹ ਹਨ। ਦ੍ਰਿੜ੍ਹਤਾ ਨਾਲ ਆਪਣੇ ਆਪ ਨੂੰ ਖਾਲਸ ਮੰਨਦੇ ਹਨ, ਸਹੀ ਮੰਨਦੇ ਹਨ ਤੇ ਆਪਣੇ ਵਰਗੇ ਵਿਚਾਰਾਂ ਵਾਲਿਆਂ ਨੂੰ ਹੀ ਆਪਣਾ ਹਮ-ਸ਼ਹਿਰੀ ਅਤੇ ਮਿੱਤਰ ਮੰਨਦੇ ਹਨ। ਉਹਨਾਂ ਨੇ ਪੂਰੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਦੋ ਵੱਖ ਵੱਖ ਸਭਿਅਤਾਵਾਂ ਵਿਚਕਾਰ ਇਕ ਲਕੀਰ ਖਿੱਚ ਦਿੱਤੀ, ਨਤੀਜਾ ਕੁਝ ਵੀ ਹੋਵੇ ਇਸਦੀ ਪ੍ਰਵਾਹ ਕੀਤੇ ਬਗੈਰ। ਉਹਨਾਂ ਦਾ ਟੀਚਾ ਸਾਫ ਸੀ:-

ਐਸਾ ਚਾਹੂੰ ਰਾਜ ਮੈਂ<br>
ਜਹਾਂ ਮਿਲੇ ਸਭਨ ਕੋ ਅੰਨ<br>
ਛੋਟ ਬੜੇ ਸਭ ਸਮ ਵਸੇ<br>
ਰਹੇ ਰਵਿਦਾਸ ਪ੍ਰਸੰਨ।

ਗੁਰੂ ਰਵਿਦਾਸ ਨੇ ਛੇ ਸਦੀਆਂ ਪਹਿਲਾਂ ਕਿੰਨੇ ਸੁਹਣੇ ਸਮਰੱਥ ਲੋਕਰਾਜ, ਸਮਾਜਵਾਦ ਤੇ ਖੁਸ਼ਹਾਲ ਰਾਜ ਦੀ ਕਲਪਨਾ ਕੀਤੀ। ਉਹਨਾਂ ਤੋਂ ਸਦੀਆਂ ਬਾਅਦ ਕਾਰਲ ਮਾਰਕਸ ਦਾ ਸਮਾਜਵਾਦ ਦਾ ਵਿਚਾਰ ਹੋਂਦ ਵਿਚ ਆਇਆ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਵੀ ਜਦੋਂ ਭਾਰਤੀ ਸਮਾਜ ਦਾ ਡੂੰਘਾ ਅਧਿਐਨ ਕੀਤਾ ਤਾਂ ਉਹ ਵੀ ਇਸੇ ਨਤੀਜੇ 'ਤੇ ਪਹੁੰਚੇ ਸਨ ਕਿ ਬ੍ਰਾਹਮਣਵਾਦ ਵੱਲੋਂ ਪੈਦਾ ਕੀਤੇ ਦੁੱਖਾਂ ਨਾਲ ਝੰਬੇ ਇਹਨਾਂ ਲੋਕਾਂ ਲਈ ਉਹ ਸੁਖ ਸੁਵਿਧਾਵਾਂ ਪੈਦਾ ਕੀਤੀਆਂ ਜਾਣ ਤੇ ਇਹਨਾਂ ਦੇ ਉਹ ਮਨੁੱਖੀ ਅਧਿਕਾਰ ਬਹਾਲ ਕਰਵਾਏ ਜਾਣ ਜਿਹਨਾਂ ਤੋਂ ਇਹਨਾਂ ਲੋਕਾਂ ਨੂੰ ਇਕ ਲੰਬੇ ਸਮੇਂ ਤੋਂ ਜਾਣ ਬੁੱਝ ਕੇ ਮਹਿਰੂਮ ਕੀਤਾ ਹੋਇਆ ਹੈ। ਇਸ ਲਈ ਜਦੋਂ ਉਹਨਾਂ ਨੂੰ ਭਾਰਤ ਦਾ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਉਸ ਵੇਲੇ ਇਹਨਾਂ ਲੋਕਾਂ ਲਈ ਕਈ ਬੇਗ਼ਮਪੁਰੇ ਵਰਗੀ ਹੀ ਕਲਪਨਾ ਕੀਤੀ ਹੋਵੇਗੀ ਕਿਉਂਕਿ ਭਾਰਤੀ ਸੰਵਿਧਾਨ ਦੀ ਰੂਪ ਰੇਖਾ ਵਿਚ ਬੇਗ਼ਮਪੁਰੇ ਦੀ ਛਵੀ ਹੀ ਉਭਰਦੀ ਜਾਪਦੀ ਹੈ। ਬੇਗ਼ਮਪੁਰੇ ਵਿਚ ਉਹਨਾਂ ਸਾਰੇ ਮਨੁੱਖੀ ਅਧਿਕਾਰਾਂ ਦੇ ਸਭ ਨੂੰ ਬਰਾਬਰ ਮਿਲਣ ਦੀ ਗੱਲ ਕੀਤੀ ਗਈ ਹੈ ਜੋ ਕਈਆਂ ਤੋਂ ਖੋਹ ਲਏ ਗਏ ਸਨ ਤੇ ਬਾਬਾ ਸਾਹਿਬ ਨੇ ਵੀ ਇਹੀ ਮਨੁੱਖੀ ਅਧਿਕਾਰ ਹਰ ਇਕ ਲਈ ਅਤਿਅੰਤ ਜ਼ਰੂਰੀ ਮੰਨ ਕੇ ਇਹਨਾਂ ਨੂੰ ਸੰਵਿਧਾਨ ਦੇ ਮੁਢਲੇ ਅਧਿਕਾਰਾਂ ਵਿਚ ਸ਼ਾਮਲ ਕਰ ਦਿੱਤਾ ਹੈ।

ਸਭ ਨੂੰ ਬਿਨਾਂ ਜਾਤ-ਪਾਤ, ਰੰਗ, ਨਸਲ, ਲਿੰਗ ਭੇਦ ਦੇ ਬਰਾਬਰੀ ਦਾ ਅਧਿਕਾਰ, ਪੜ੍ਹਨ ਲਿਖਣ ਦਾ ਅਧਿਕਾਰ, ਕੋਈ ਵੀ ਕਿੱਤਾ ਅਪਣਾਉਣ ਦਾ ਅਧਿਕਾਰ, ਸਾਰੇ ਦੇਸ਼ ਵਿਚ ਆਜ਼ਾਦੀ ਨਾਲ ਘੁੰਮਣ ਫਿਰਨ ਦਾ ਅਧਿਕਾਰ ਆਦਿ ਸਾਰੇ ਇਹ ਗੁਰੂ ਜੀ ਦੇ ਬੇਗ਼ਮਪੁਰੇ ਵੱਲ ਹੀ ਤਾਂ ਇਸ਼ਾਰਾ ਕਰ ਰਹੇ ਹਨ। ਜੇ ਇਹਨਾਂ ਅਧਿਕਾਰਾਂ ਨੂੰ ਅੱਜ ਦੇ ਲੋਕ ਰਾਜ ਵਿਚ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ ਜੋ ਕਿ ਨਹੀਂ ਕੀਤਾ ਜਾ ਰਿਹਾ ਤਾਂ ਇਹ ਇਕ ਆਦਰਸ਼ ਰਾਜ ਹੋਵੇਗਾ, ਆਦਰਸ਼ ਸਮਾਜ ਹੋਵੇਗਾ ਅਤੇ ਆਦਰਸ਼ ਸਮਾਜਵਾਦ ਹੋਵੇਗਾ। ਇਹੀ ਗੁਰੂ ਜੀ ਦਾ ਬੇਗ਼ਮਪੁਰਾ ਹੈ ਜੋ ਬਾਬਾ ਸਾਹਿਬ ਦੇ ਸੰਵਿਧਾਨ ਵਿਚ ਉਲੀਕੇ ਸੰਭਾਵੀ ਲੋਕਰਾਜ ਨਾਲ ਮੇਲ ਖਾਂਦਾ ਹੈ।

ਹੁਣ ਉਸ ਸਦੀਆਂ ਲਤਾੜੇ ਸਮਾਜ ਨੇ ਇਹ ਵੇਖਣਾ ਹੈ, ਲੁੱਟੇ ਪੁੱਟੇ ਤੇ ਲੁੱਟ ਪੁੱਟ ਰਹੇ ਸਮਾਜ ਨੇ ਵੇਖਣਾ ਹੈ, ਜਾਨਵਰਾਂ ਦੀ ਜੂਨੀ ਭੁਗਤ ਰਹੇ ਲੋਕਾਂ ਨੇ ਵੇਖਣਾ ਹੈ, ਗ਼ੈਰ-ਬਰਾਬਰੀ ਤੇ ਭੁੱਖ ਨੰਗ ਨਾਲ ਲੜਦੇ ਆਏ ਤੇ ਲੜ ਰਹੇ ਲੋਕਾਂ ਨੇ ਵੇਖਣਾ ਹੈ ਕਿ ਗੁਰੂ ਰਵਿਦਾਸ ਦਾ ਬੇਗ਼ਮਪੁਰਾ ਕਿਵੇਂ ਵਸਾਉਣਾ ਹੈ ਤੇ ਕਦੋਂ ਵਸਾਉਣਾ ਹੈ। ਡਾ. ਅੰਬੇਡਕਰ ਦੇ ਵਰੋਸਾਏ ਕੁਝ ਸਾਧਨ ਸੰਪੰਨ ਲੋਕਾਂ ਨੇ ਵੀ ਆਪਣੇ ਆਪ ਨੂੰ ਹਲੂਣ ਕੇ ਪੁੱਛਣਾ ਹੈ ਕਿ ਬਾਬਾ ਸਾਹਿਬ ਨੇ ਬੇਗ਼ਮਪੁਰਾ ਵਸਾਉਣ ਲਈ ਇਕ ਸੇਧ ਵੀ ਦੇ ਦਿੱਤੀ ਹੈ, ਰਾਹ ਤੇ ਚੱਲਣਾ ਵੀ ਦੱਸ ਦਿੱਤਾ ਹੈ, ਸਾਧਨ ਵੀ ਜੁਟਾ ਦਿੱਤੇ ਹਨ, ਤਮੰਨਾ ਵੀ ਭਰ ਦਿੱਤੀ ਹੈ ਫਿਰ ਹੁਣ ਕੀ ਵੇਖਣਾ ਬਾਕੀ ਰਹਿ ਗਿਆ ਹੈ? ਬੱਸ ਵੇਖਣਾ ਇਹ ਰਹਿ ਗਿਆ ਹੈ ਕਿ ਹੁਣ ਸਮਾਂ ਕਿੰਨਾ ਲੱਗਦਾ ਹੈ ਕਿ ਇਹ ਪੱਛੜਿਆ ਸਮਾਜ ਆਪਣੇ ਗੁਰੂਆਂ ਅਤੇ ਮਹਾਂਪੁਰਖਾਂ ਦੀ ਆਵਾਜ਼ ਸੁਣੇ ਅਤੇ ਮੰਨੇ। ਨਹੀਂ ਤਾਂ ਸਮਾਂ ਇੰਤਜ਼ਾਰ ਨਹੀਂ ਕਰਦਾ ਤੇ ਇਤਿਹਾਸ ਵੀ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਪਤਾ ਨਹੀ ਫਿਰ ਕਿਹੋ ਜਿਹੇ ਦਿਨ ਆਉਣ, ਕੀ ਸਮਾਂ ਆਵੇ।

*# ਮਕਾਨ ਨੰ: 255, ਸੈਕਟਰ 15-ਏ, ਚੰਡੀਗੜ੍ਹ*<br>
*ਮੋਬਾਇਲ 9872670278*

## ਲੋਕ ਗਾਇਕਾ ਬੀਬੀ ਰਣਜੀਤ ਕੌਰ ਦਾ ਬਾਬਾ ਰਾਮ ਚੰਦ ਯਾਦਗਾਰੀ ਮੇਲੇ ਵਿਚ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ

ਰੋਮ - ਸਮਾਜ ਦੇ ਹਰ ਪਹਿਲੂ ਤੋਂ ਸੇਵਾ ਹਿੱਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋਂ ਐਨ ਆਰ ਆਈਜ਼ ਦੇ ਸਹਿਯੋਗ ਨਾਲ ਟਰੱਸਟ ਦੇ ਪ੍ਰਧਾਨ ਟੇਕ ਚੰਦ ਜਗਤਪੁਰ (ਇਟਲੀ), ਸਰਪਪ੍ਰਸਤ ਸ ਬਲਵਿੰਦਰ ਸਿੰਘ ਸ਼ੇਰਗਿੱਲ ਬੈਲਜੀਅਮ ਅਤੇ ਮੀਤ ਪ੍ਰਧਾਨ ਗਾਇਕ ਪਵਿੱਤਰ ਥਿਆੜਾ ਫਰਾਂਸ ਅਤੇ ਇੰਜੀ ਦਰਸ਼ਨ ਮੁਕੰਦਪੁਰ ਦੀ ਸਰਪ੍ਰਸਤੀ ਹੇਠ 14 ਫਰਵਰੀ ਦਿਨ ਵੀਰਵਾਰ ਨੂੰ ਪਿੰਡ ਮੁਕੰਦਪੁਰ( ਸ਼ਹੀਦ ਭਗਤ ਸਿੰਘ ਨਗਰ) ਨਵਾਂ ਸ਼ਹਿਰ ਵਿਖੇ ਕਰਵਾਏ ਜਾ ਰਹੇ ਪੰਜਵੇਂ ਵਿਸ਼ਾਲ ਬਾਬਾ ਰਾਮ ਚੰਦ ਯਾਦਗਾਰੀ ਮੇਲੇ ਚ ਪੰਜਾਬੀ ਗਾਇਕੀ ਚ ਆਪਣੀ ਮਾਖਿਓ ਮਿਠੇ ਖੁਬਸੂਰਤ ਬੋਲਾਂ ਰਾਹੀ ਨਾਮਣਾ ਖੱਟਣ ਵਾਲੀ ਲੋਕ



ਗਾਇਕਾ ਬੀਬੀ ਰਣਜੀਤ ਕੌਰ ਦਾ ਪੰਜਾਬੀ ਸਭਿਆਚਾਰ ਅਤੇ ਸੰਗੀਤਕ ਖੇਤਰ ਚ ਅਹਿਮ ਯੋਗਦਾਨ ਪਾਉਣ ਸਦਕਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਉਪਰੋਕਤ ਵਿਚਾਰਾਂ ਦਾ ਪ੍ਰਗਟ-ਾਵਾ ਟਰੱਸਟ ਦੇ ਸਲਾਹਕਾਰ ਸ ਸਰਬ-ਜੀਤ ਸਿਘ ਜਗਤਪੁਰ (ਇਟਲੀ) ਅਤੇ ਸ ਕੁਲਵਿੰਦਰ ਸਿੰਘ ਅਟਵਾਲ ਸਰਪ੍ਰਸਤ ਸ਼ਹੀਦ ਭਗਤ ਸਿੰਘ ਸਭਾ ਇਟਲੀ ਨੇ ਪ੍ਰੈਸ ਨਾਲ ਵਿਸ਼ੇਸ਼ ਗਲਬਾਤ ਦੋਰਾਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਮੇਲੇ ਚ ਜਿਥੇ ਹੋਰ ਵੱਖ -ਵੱਖ ਖੇਤਰ ਚ ਨਾਮਣਾ ਖੱਟਣ ਵਾਲੀਆਂ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

# ਜੋਤਿਸ਼ ਵਿਦਿਆ ਗੈਰ ਵਿਗਿਆਨਕ ਕਿਵੇਂ?



ਮੇਘ ਰਾਜ ਮਿੱਤਰ
(98887-87440)

ਮੈਂ ਬਰਨਾਲੇ ਦੇ ਚਿੰਟੂ ਪਾਰਕ ਵਿਚ ਸੈਰ ਕਰਨ ਗਿਆ ਹੋਇਆ ਸਾਂ। ਫ਼ੋਨ ਦੀ ਘੰਟੀ ਵੱਜੀ, ''ਅੰਕਲ ਮੈਂ ਰਾਜਪੁਰੇ ਤੋਂ ਬੋਲ ਰਹੀ ਹਾਂ। ਮੈਂ ਇੱਕ ਲੜਕੇ ਨੂੰ ਪਿਆਰ ਕਰਦੀ ਹਾਂ ਅਤੇ ਉਸ ਨਾਲ ਹੀ ਵਿਆਹ ਕਰਵਾਉਣਾ ਚਾਹੁੰਦੀ ਹਾਂ। ਮੇਰੇ ਤੇ ਉਸਦੇ ਪਰਿਵਾਰ ਵਾਲੇ ਬੜੀ ਮੁਸ਼ਕਲ ਨਾਲ ਤਿਆਰ ਹੋਏ ਹਨ। ਪਰ ਹੁਣ ਇੱਕ ਹੋਰ ਹੀ ਰੰਗ ਵਿਚ ਭੰਗ ਪੈ ਗਿਆ ਹੈ। ਜਨਮ ਕੁੰਡਲੀਆਂ ਮਿਲਾਉਣ ਲਈ ਮੈਂ ਇੱਕ ਪ੍ਰਸਿੱਧ ਜੋਤਸ਼ੀ ਕੋਲ ਗਈ ਤਾਂ ਉਸ ਨੇ ਕਹਿ ਦਿੱਤਾ ਹੈ ਕਿ ਮੈਂ ਮੰਗਲੀਕ ਹਾਂ। ਹੁਣ ਦੱਸੋ ਮੈਂ ਕੀ ਕਰਾਂ?'' ਖ਼ੈਰ ਜਿਵੇਂ ਹੁੰਦਾ ਹੈ ਕਾਫ਼ੀ ਲੰਬੀ ਗੱਲਬਾਤ ਤੋਂ ਬਾਅਦ ਮੈਂ ਕਿਵੇਂ ਨਾ ਕਿਵੇਂ ਉਸਦੇ ਦਿਮਾਗ਼ ਦੀ ਸਫ਼ਾਈ ਕੀਤੀ ਤੇ ਉਸਨੂੰ ਮੰਗਲੀਕ ਹੋਣ ਦੇ ਵਹਿਮ ਵਿਚੋਂ ਬਾਹਰ ਕੱਢਿਆ। ਜੋਤਿਸ਼ ਬਾਰੇ ਇਹ ਮੈਨੂੰ ਕੋਈ ਪਹਿਲੀ ਕਾਲ ਨਹੀਂ ਸੀ। ਤਰਕਸ਼ੀਲ ਲਹਿਰ ਦੇ ਇਤਿਹਾਸ ਦੇ ਪਿਛਲੇ 25 ਵਰ੍ਹਿਆਂ ਵਿਚ ਹਜ਼ਾਰਾਂ ਵਿਅਕਤੀ ਚਿੱਠੀਆਂ, ਫ਼ੋਨਾਂ ਰਾਹੀਂ ਅਤੇ ਨਿਜੀ ਤੌਰ ਤੇ ਮਿਲਕੇ ਵੀ ਇਸ ਵਿਸ਼ੇ ਤੇ ਗੱਲਬਾਤ ਕਰ ਚੁੱਕੇ ਹਨ ਅਤੇ ਇਹ ਸਿਲਸਿਲਾ ਅੱਜ ਵੀ ਜਾਰੀ ਹੈ।

### ਮੈਂ ਭਵਿੱਖਬਾਣੀਆਂ ਵਿਚ ਯਕੀਨ ਕਰਦਾ ਹਾਂ

ਜੇ ਤੁਸੀਂ ਮੈਨੂੰ ਪੁੱਛੋ ਕਿ ਕੀ ਮੈਂ ਭਵਿੱਖਬਾਣੀਆਂ ਵਿਚ ਯਕੀਨ ਨਹੀਂ ਕਰਦਾ ਤਾਂ ਮੇਰਾ ਜੁਆਬ ਹਾਂ ਵਿਚ ਹੋਵੇਗਾ। ਮੈਂ ਉਨ੍ਹਾਂ ਭਵਿੱਖ ਬਾਣੀਆਂ ਵਿਚ ਯਕੀਨ ਕਰਦਾ ਹਾਂ ਜਿਨ੍ਹਾਂ ਦਾ ਆਧਾਰ ਵਿਗਿਆਨਕ ਹੁੰਦਾ ਹੈ। ਮੈਂ ਅਧਿਆਪਕ ਰਿਹਾ ਹਾਂ ਮੈਂ ਦੱਸ ਸਕਦਾ ਸਾਂ ਕਿ ਮੇਰਾ ਕਿਹੜਾ ਵਿਦਿਆਰਥੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਆਵੇਗਾ ਅਤੇ ਕਿੰਨੇ ਵਿਦਿਆਰਥੀ ਪਾਸ ਹੋਣਗੇ। ਮੈਂ ਉਨ੍ਹਾਂ ਦੇ ਟੈਸਟ ਲਏ ਸਨ ਅਤੇ ਉਨ੍ਹਾਂ ਦੇ ਪੇਪਰ ਮਾਰਕ ਕੀਤੇ ਸਨ ਜਿਨ੍ਹਾਂ ਦੇ ਆਧਾਰ ਤੇ ਮੈਂ ਉਨ੍ਹਾਂ ਦੀ ਪ੍ਰੀਖਿਆ ਵਿਚੋਂ ਕਾਰਗੁਜਾਰੀ ਦੀ ਭਵਿੱਖ ਬਾਣੀ ਕਰ ਸਕਦਾ ਸਾਂ। ਇੱਕ ਮੌਸਮ ਵਿਗਿਆਨੀ ਬੱਦਲਾਂ ਦੀ ਦਿਸ਼ਾ, ਸੰਘਣਤਾ, ਦਬਾਓ ਅਤੇ ਤਾਪਮਾਨ ਦਾ ਮਾਪ ਕਰਕੇ ਦੱਸ ਸਕਦਾ ਹੈ ਕਿ ਅਗਲੇ ਕੁੱਝ ਦਿਨਾਂ ਵਿਚ ਕਿਸੇ ਇਲਾਕੇ ਵਿਚ ਬਰਸਾਤ ਹੋਣ ਦੀ ਸੰਭਾਵਨਾ ਹੈ ਜਾਂ ਨਹੀਂ।

ਇੱਕ ਇੰਜਨੀਅਰ ਇਹ ਦੱਸ ਸਕਦਾ ਹੈ ਕਿ ਉਸਦੀ ਕਾਰ ਇੱਕ ਲੀਟਰ ਪੈਟਰੋਲ ਵਿਚ ਅੰਦਾਜ਼ਣ ਕਿੰਨੀ ਦੂਰੀ ਤੈਅ ਕਰੇਗੀ ਅਤੇ ਉਸਦਾ ਇੰਜਣ ਬਗ਼ੈਰ ਖੁੱਲ੍ਹੇ ਤੋਂ ਕਿੰਨੇ ਲੱਖ ਕਿਲੋਮੀਟਰ ਦਾ ਸਫ਼ਰ ਕਰ ਸਕੇਗਾ।

ਇੱਕ ਅੰਕੜਾ ਵਿਗਿਆਨੀ ਇਹ ਦੱਸ ਸਕੇਗਾ ਕਿ ਭਾਰਤ ਦੇ ਇੱਕ ਅਰਬ ਚਾਲੀ ਕਰੋੜ ਲੋਕਾਂ ਲਈ ਆਉਣ ਵਾਲੇ ਸਾਲ ਵਿੱਚ ਕਿੰਨੇ ਅੰਨ ਦੀ ਜ਼ਰੂਰਤ ਪਵੇਗੀ ਅਤੇ ਦੇਸ਼ ਦੇ ਅੰਨ ਭੰਡਾਰਾਂ ਦੀ ਸਥਿਤੀ ਵੇਖ ਕੇ ਉਹ ਵੀ ਦੱਸ ਸਕਦਾ ਹੈ ਕਿ ਕਿੰਨੇ ਭਾਰਤਵਾਸੀ ਕਿੰਨੀਆਂ ਰਾਤਾਂ ਭੁੱਖੇ ਢਿੱਡਾਂ ਨਾਲ ਸੌਣ ਦਾ ਯਤਨ ਕਰਨਗੇ?

ਇਸ ਲਈ ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਭਵਿੱਖ ਬਾਣੀਆਂ ਕਰਨਾ ਸੰਭਵ ਹੈ ਪਰ ਭਵਿੱਖ ਬਾਣੀਆਂ ਕਰਨ ਦਾ ਆਧਾਰ ਵਿਗਿਆਨਕ ਹੋਣਾ ਬਹੁਤ ਜ਼ਰੂਰੀ ਹੈ। ਜੇ ਕਿਸੇ ਗੱਲ ਦਾ ਆਧਾਰ ਵਿਗਿਆਨਕ ਨਹੀਂ ਤਾਂ ਉਸ ਆਧਾਰ ਤੇ ਕੀਤੀਆਂ ਭਵਿੱਖ ਬਾਣੀਆਂ ਵੀ ਸਹੀ ਨਹੀਂ ਹੋ ਸਕਦੀਆਂ।

### ਜੋਤਿਸ਼ ਗ਼ੈਰ ਵਿਗਿਆਨਕ ਕਿਵੇਂ?

ਜੋਤਿਸ਼ ਵਿਦਿਆ ਦਾ ਆਧਾਰ ਬਿਲਕੁਲ ਹੀ ਗ਼ੈਰ ਵਿਗਿਆਨਕ ਹੈ। ਇਸ ਲਈ ਜੋਤਿਸ਼ ਦੀਆਂ ਭਵਿੱਖ ਬਾਣੀਆਂ ਬਿਲਕੁਲ ਹੀ ਗ਼ਲਤ ਹੁੰਦੀਆਂ ਹਨ। ਹੁਣ ਤੁਸੀਂ ਜਾਨਣਾ ਚਾਹੋਗੇ ਕਿ ਜੋਤਿਸ਼ ਦਾ ਆਧਾਰ ਗ਼ੈਰ ਵਿਗਿਆਨਕ ਕਿਵੇਂ ਹੈ?

ਜੋਤਿਸ਼ ਦੇ ਗਰੰਥਾਂ ਦੀ ਰਚਨਾ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਹੋਈ ਹੈ। ਇਨ੍ਹਾਂ ਗਰੰਥਾਂ ਦੇ ਰਚਨਹਾਰੇ ਬੁੱਧੀਮਾਨ ਵਿਅਕਤੀ ਸਨ ਅਤੇ ਸਾਨੂੰ ਭਾਰਤ ਵਾਸੀਆਂ ਨੂੰ ਉਨ੍ਹਾਂ ਤੇ ਮਾਣ ਹੈ ਪਰ ਉਸ ਸਮੇਂ ਵਿਗਿਆਨਕ ਜਾਣਕਾਰੀ ਤੇ ਉਪਕਰਣ ਹੀ ਉਪਲਬਧ ਨਹੀਂ ਸਨ। ਇਸ ਲਈ ਉਨ੍ਹਾਂ ਨੇ ਜੋ ਵੀ ਅੰਦਾਜ਼ੇ ਲਗਾਏ ਉਹ ਠੀਕ ਹੋ ਹੀ ਨਹੀਂ ਸਕਦੇ ਸਨ। ਕਿਉਂਕਿ ਦੂਰਬੀਨ ਦੀ ਖੋਜ ਨੂੰ ਤਾਂ ਅਜੇ ਪੰਜ ਸੌ ਵਰ੍ਹੇ ਵੀ ਨਹੀਂ ਹੋਏ।

### ਜੋਤਿਸ਼ ਦੇ ਗ੍ਰਹਿ ਤੇ ਵਿਗਿਆਨ ਦੇ ਗ੍ਰਹਿ

ਜੋਤਿਸ਼ੀਆਂ ਅਨੁਸਾਰ ਤਾਂ ਸੂਰਜ, ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤੀ, ਸ਼ਨੀ ਅਤੇ ਚੰਨ ਸੱਤ ਗ੍ਰਹਿ ਹਨ ਇਹ ਸਾਰੇ ਧਰਤੀ ਦੁਆਲੇ ਚੱਕਰ ਲਾ ਰਹੇ ਹਨ। ਪਰ ਅਸਲੀਅਤ ਇਹ ਨਹੀਂ ਸਗੋਂ ਇਹ ਹੈ ਕਿ ਚੰਦ ਤੋਂ ਬਗ਼ੈਰ ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ ਚੱਕਰ ਲਾ ਰਹੇ ਹਨ। ਦੂਸਰੀ ਗੱਲ ਜੋਤਸ਼ੀਆਂ ਅਨੁਸਾਰ ਸੂਰਜ ਇੱਕ ਗ੍ਰਹਿ ਹੈ ਪਰ ਅੱਜ ਪੰਜਵੀਂ ਜਮਾਤ ਦਾ ਵਿਦਿਆਰਥੀ ਜਾਣਦਾ ਹੈ ਕਿ ਸੂਰਜ ਇੱਕ ਗ੍ਰਹਿ ਨਹੀਂ ਸਗੋਂ ਇੱਕ ਤਾਰਾ ਹੈ। ਇਸੇ ਤਰ੍ਹਾਂ ਜੋਤਿਸ਼ੀ ਚੰਦਰਮਾ ਨੂੰ ਵੀ ਇੱਕ ਗ੍ਰਹਿ ਮੰਨ ਕੇ ਤੁਰਦੇ ਹਨ ਪਰ ਵਿਗਿਆਨ ਅਨੁਸਾਰ ਤਾਂ ਚੰਦਰਮਾ ਇੱਕ ਉਪਗ੍ਰਹਿ ਹੈ ਜੋ ਧਰਤੀ ਦੁਆਲੇ ਚੱਕਰ ਲਾਉਂਦਾ ਹੈ।

### ਰਾਹੂ ਕੇਤੂ

ਅਗਲੀ ਗੱਲ ਜੋ ਜੋਤਸ਼ੀਆਂ ਦੀ ਗ਼ਲਤ ਹੈ ਉਹ ਰਾਹੂ ਤੇ ਕੇਤੂ ਦੀ ਹੈ ਜਿਸਨੂੰ ਉਹ ਕਹਿੰਦੇ ਹਨ ਕਿ ਇਹ ਗ੍ਰਹਿ ਮਨੁੱਖ ਦੀ ਕਿਸਮਤ ਤੇ ਮਾੜਾ ਅਸਰ ਪਾਉਂਦੇ ਹਨ। ਪਰ ਮੈਂ ਤੀਹ ਸਾਲ ਸਾਇੰਸ ਪੜ੍ਹਾਉਂਦਾ ਰਿਹਾ ਹਾਂ ਪਰ ਰਾਹੂ ਤੇ ਕੇਤੂ ਕਿਤੇ ਵੀ ਵਿਗਿਆਨ ਦੇ 9 ਗ੍ਰਹਿਆਂ ਦੀ ਸੂਚੀ ਵਿਚ ਸ਼ਾਮਿਲ ਹੀ ਨਹੀਂ ਹਨ। ਜਦੋਂ ਜੋਤਿਸ਼ੀਆਂ ਨਾਲ ਇਸ ਵਿਸ਼ੇ ਤੇ ਗੱਲ ਕਰਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਰਾਹੂ ਤੇ ਕੇਤੂ ਸਾਡੇ ਕਾਲਪਨਿਕ ਗ੍ਰਹਿ ਹਨ। ਇਸ ਲਈ ਇਨ੍ਹਾਂ ਦੀ ਹੋਂਦ ਤਾਂ ਹੈ ਹੀ ਨਹੀਂ। ਫਿਰ ਇਹ ਮਾੜਾ ਪ੍ਰਭਾਵ ਕਿਵੇਂ ਪਾਉਣਗੇ?

### ਗ੍ਰਹਿ ਜੋ ਨਵੇਂ ਲੱਭੇ ਗਏ

ਇਸੇ ਤਰ੍ਹਾਂ ਜਦੋਂ 1781 ਵਿੱਚ ਯੂਰੇਨਸ ਦੀ ਖੋਜ ਹੋਈ ਤਾਂ ਜੋਤਿਸ਼ੀਆਂ ਦੀ ਪੁਜੀਸ਼ਨ ਬੜੀ ਹਾਸੋਹੀਣੀ ਹੋ ਗਈ। ਕੁੱਝ ਚਲਾਕ ਜੋਤਿਸ਼ੀਆਂ ਨੇ ਇਸ ਨੂੰ ਆਪਣੀਆਂ ਕਿਤਾਬਾਂ ਵਿਚ ਸ਼ਾਮਿਲ ਕਰ ਲਿਆ। ਫਿਰ 1846 ਵਿਚ ਵਿਗਿਆਨੀਆਂ ਨੂੰ ਨੈਪਚੂਨ ਦੇ ਦਰਸ਼ਨ ਹੋ ਗਏ ਜੋਤਿਸ਼ੀਆਂ ਨੂੰ ਫਿਰ ਆਪਣੀਆਂ ਕਿਤਾਬਾਂ ਬਦਲਣੀਆਂ ਪੈ ਗਈਆਂ। 1930 ਵਿਚ ਵਿਗਿਆਨਕਾਂ ਨੂੰ ਪਲੂਟੋ ਮਿਲ ਗਿਆ। ਕਿਵੇਂ ਨਾ ਕਿਵੇਂ ਕਰਕੇ ਜੋਤਿਸ਼ੀਆਂ ਨੇ ਇਸ ਨੂੰ ਵੀ ਆਪਣੀਆਂ ਕਿਤਾਬਾਂ ਵਿਚ ਦਰਸਾਉਣਾ ਸ਼ੁਰੂ ਕਰ ਦਿੱਤਾ। 2005 ਵਿਚ ਵਿਗਿਆਨਕਾਂ ਨੇ ਪਲੂਟੋ ਦੇ ਗੁਣਾਂ ਦਾ ਅਧਿਐਨ ਕੀਤਾ ਤਾਂ ਉਹ ਬਾਕੀ ਗ੍ਰਹਿਆਂ ਨਾਲੋਂ ਕੁੱਝ ਵੱਖਰੇ ਸਨ। ਇਸ ਲਈ ਹੁਣ ਉਹਨਾਂ ਨੇ ਪਲੂਟੋ ਤੋਂ ਨੌਵੇਂ ਗ੍ਰਹਿ ਹੋਣ ਦਾ ਦਰਜਾ ਖੋਹ ਲਿਆ ਹੈ ਸਗੋਂ ਉਸ ਨੂੰ ਉਸਦੇ ਨਜ਼ਦੀਕੀ ਕੁੱਝ ਹੋਰ ਸਮਾਨ ਗੁਣਾਂ ਵਾਲੇ ਆਕਾਸ਼ੀ ਪਿੰਡਾਂ ਦੀ ਇੱਕ ਲੜੀ ਵਿਚ ਸ਼ਾਮਿਲ ਕਰ ਦਿੱਤਾ ਗਿਆ ਹੈ।

ਇਸ ਤਰ੍ਹਾਂ ਵਿਗਿਆਨਕ ਜਾਣਕਾਰੀਆਂ ਵਿਚ ਤਬਦੀਲੀਆਂ ਹੁੰਦੀਆਂ ਹੀ ਰਹਿੰਦੀਆਂ ਹਨ ਪਰ ਜੋਤਿਸ਼ੀਆਂ ਨੇ ਤਾਂ ਆਪਣੇ ਗਿਆਨ ਦਾ ਆਧਾਰ ਪ੍ਰਾਚੀਨ ਗਰੰਥਾਂ ਨੂੰ ਬਣਾਇਆ ਹੈ ਜਿਨ੍ਹਾਂ ਨੂੰ ਬਦਲਣਾ ਉਨ੍ਹਾਂ ਲਈ ਬੜਾ ਮੁਸ਼ਕਲ ਹੁੰਦਾ ਹੈ। ਇਸ ਤਰ੍ਹਾਂ ਵਿਗਿਆਨ ਦੀ ਹਰ ਖੋਜ ਜੋਤਿਸ਼ੀਆਂ ਨੂੰ ਉਸਲਵੱਟੇ ਲੈਣ ਲਈ ਮਜ਼ਬੂਰ ਕਰ ਦਿੰਦੀ ਹੈ।

### ਅਸਲੀ ਸਥਿਤੀ ਤੇ ਵਿਖਾਈ ਦੇਣ ਵਾਲੀ ਸਥਿਤੀ

ਜੋਤਸ਼ੀਆਂ ਅਨੁਸਾਰ ਜੇ ਬੱਚੇ ਦੇ ਜਨਮ ਸਮੇਂ ਵਿਚ ਇੱਕ ਸੈਕਿੰਡ ਦਾ ਫ਼ਰਕ ਵੀ ਪੈ ਜਾਵੇ ਤਾਂ ਉਨ੍ਹਾਂ ਦਾ ਸਾਰਾ ਟੇਵਾ ਗ਼ਲਤ ਹੋ ਜਾਂਦਾ ਹੈ ਪਰ ਜੋਤਸ਼ੀਆਂ ਨੂੰ ਇਹ ਨਹੀਂ ਪਤਾ ਕਿ ਉਹ ਜਨਮ ਸਮੇਂ ਦੀ ਲਗਨ ਵਿਚ ਜਿਹੜੇ ਗ੍ਰਹਿਆਂ ਦੀ ਪੁਜੀਸ਼ਨ ਵੇਖਦੇ ਹਨ ਉਹ ਨਕਲੀ ਹੁੰਦੀ ਹੈ ਅਸਲੀ ਨਹੀਂ। ਉਦਾਹਰਣ ਦੇ ਤੌਰ ਤੇ ਸੂਰਜ ਦੀ ਦੂਰੀ ਸਾਥੋਂ ਪੰਦਰਾਂ ਕਰੋੜ ਕਿਲੋਮੀਟਰ ਹੈ। ਪ੍ਰਕਾਸ਼ ਤਿੰਨ ਲੱਖ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ ਚਲਦਾ ਹੋਇਆ ਧਰਤੀ ਤੇ ਪਹੁੰਚਣ ਲਈ 500 ਸੈਕਿੰਡ ਭਾਵ 8 ਮਿੰਟ 20 ਸੈਕਿੰਡ ਲਾ ਦਿੰਦਾ ਹੈ। ਹੁਣ ਸੂਰਜ ਦੀ ਅਸਲੀ ਪੁਜੀਸ਼ਨ ਤਾਂ 8 ਮਿੰਟ 20 ਸੈਕਿੰਡ ਪਹਿਲਾਂ ਵਾਲੀ ਹੋਈ ਨਾ ਕਿ ਜੋ ਵਿਖਾਈ ਦਿੰਦੀ ਹੈ। ਇਸ ਤਰ੍ਹਾਂ ਜੁਪੀਟਰ ਤੇ ਨੈਪਚੂਨ ਤੋਂ ਪ੍ਰਕਾਸ਼ ਪਹੁੰਚਣ ਨੂੰ ਘੰਟੇ ਲੱਗ ਜਾਂਦੇ ਨੇ।

### ਗ੍ਰਹਿ ਦਾ ਮਨੁੱਖ ਤੇ ਪ੍ਰਭਾਵ

ਹੁਣ ਅਗਲਾ ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਗ੍ਰਹਿ ਮਨੁੱਖੀ ਕਿਸਮਤ ਤੇ ਕੋਈ ਪ੍ਰਭਾਵ ਨਹੀਂ ਪਾਉਂਦੇ? ਮੈਂ ਇਹ ਸਵੀਕਾਰ ਕਰਦਾ ਹਾਂ ਕਿ ਗ੍ਰਹਿਆਂ ਦਾ ਮਨੁੱਖੀ ਕਿਸਮਤ ਤੇ ਪ੍ਰਭਾਵ ਵੀ ਜ਼ਰੂਰ ਪੈਂਦਾ ਹੈ। ਜੇ ਚੰਦਰਮਾ ਧਰਤੀ ਦੇ ਸਮੁੰਦਰਾਂ ਵਿਚ ਆਪਣੀ ਗੁਰੂਤਾ ਸ਼ਕਤੀ ਨਾਲ ਜਵਾਰਭਾਟੇ ਲਿਆ ਸਕਦਾ ਹੈ ਤਾਂ ਮਨੁੱਖੀ ਮਨ ਵਿਚ ਵੀ ਤਰਲ ਭਰਿਆ ਹੋਇਆ ਹੈ। ਉਸਦੇ ਉੱਪਰ ਚੰਦਰਮਾ ਦੀ ਖਿੱਚ ਸ਼ਕਤੀ ਦਾ ਕੋਈ ਪ੍ਰਭਾਵ ਨਹੀਂ ਹੋਊ ਇਹ ਕਿਵੇਂ ਹੋ ਸਕਦਾ ਹੈ? ਪਰ ਮੇਰਾ ਸੁਆਲ ਇਹ ਹੈ ਕਿ ਕੁੱਤੇ ਨੂੰ 21 ਦਿਨ ਰੋਟੀ ਪਾਉਣ ਨਾਲ ਇਹ ਗੁਰੂਤਾ ਆਕਰਸ਼ਣ ਦਾ ਪ੍ਰਭਾਵ ਕਿਵੇਂ ਘਟ ਜਾਵੇਗਾ। ਮੈਂ ਤਾਂ ਆਪਣੀ ਪੜ੍ਹਾਈ ਦੇ ਦੌਰਾਨ ਇਹ ਪੜ੍ਹਿਆ ਸੀ ਕਿ ਇਸ ਪ੍ਰਭਾਵ ਨੂੰ ਘਟਾਉਣ ਲਈ ਜਾਂ ਤਾਂ ਚੰਦਰਮਾ ਦਾ ਭਾਰ ਘਟਾਉਣਾ ਪਊ ਜਾਂ ਉਸਦੀ ਦੂਰੀ ਨੂੰ ਵਧਾਉਣਾ ਪਊ। ਕਿਉਂਕਿ ਖਿੱਚ ਸ਼ਕਤੀ ਇਨ੍ਹਾਂ ਦੋ ਚੀਜ਼ਾਂ ਤੇ ਹੀ ਨਿਰਭਰ ਹੁੰਦੀ ਹੈ। ਇੱਕ ਭਾਰ ਤੇ ਦੂਸਰੀ ਉਨ੍ਹਾਂ ਦੇ ਕੇਂਦਰਾਂ ਵਿਚਕਾਰਲੀ ਦੂਰੀ। ਹੁਣ ਇਸ ਕੁੱਤੇ ਨੂੰ ਰੋਟੀ ਪਾਉਣ ਵਾਲੀ ਗੱਲ ਨੂੰ ਮੈਂ ਕਿਵੇਂ ਆਪਣੇ ਦਿਮਾਗ਼ ਵਿਚ ਪਾਵਾਂ। ਇਹ ਤਾਂ ਨਿਊਟਨ ਦੇ ਗੁਰੂਤਾ ਖਿੱਚ ਦੇ ਨਿਯਮ ਦੀਆਂ ਧੱਜੀਆਂ ਉਡਾਉਣ ਵਾਲੀ ਗੱਲ ਹੋਈ। ਵਿਗਿਆਨਕ ਗੱਲਾਂ ਦੀ ਜਾਣਕਾਰੀ ਹੋਣ ਕਰਕੇ ਮੇਰੇ ਤਾਂ ਇਹ ਗੱਲ ਹਜ਼ਮ ਹੋ ਹੀ ਨਹੀਂ ਸਕਦੀ।

ਫਿਰ ਦੂਸਰੀ ਗੱਲ ਵੀ ਲੈ ਲਈਏ। ਇਨ੍ਹਾਂ ਗ੍ਰਹਿਆਂ ਦਾ ਪ੍ਰਭਾਵ ਮੇਰੇ ਤੇ ਕਿਵੇਂ ਵੱਧ ਹੈ ਕਿਸੇ ਹੋਰ ਤੇ ਇਹ ਕਿਵੇਂ ਘੱਟ ਹੈ? ਕਦੇ ਵੀ ਕੋਈ ਜੋਤਿਸ਼ੀ ਇਸ ਗੱਲ ਦਾ ਤਸੱਲੀਬਖਸ਼ ਜੁਆਬ ਨਹੀਂ ਦੇ ਸਕਦਾ। ਜੇ ਅਗਾਂਹ ਵੀ ਗੱਲ ਤੋਰੀਏ ਤਾਂ ਜੇ ਮੇਰੀ ਜੇਬ ਵਿਚੋਂ ਕੁੱਝ ਪੈਸੇ ਨਿਕਲ ਕੇ ਜਦੋਂ ਜੋਤਿਸ਼ੀ ਦੀ ਜੇਬ ਵਿਚ ਚਲੇ ਜਾਣਗੇ ਤਾਂ ਇਹ ਪ੍ਰਭਾਵ ਕਿਵੇਂ ਖ਼ਤਮ ਹੋ ਜਾਵੇਗਾ। ਇਸ ਤੋਂ ਅਗਲੀ ਗੱਲ ਰਾਹੂ ਤੇ ਕੇਤੂ ਤੇ ਕੇਤੂ ਤਾਂ ਕੋਈ ਗ੍ਰਹਿ ਹੀ ਨਹੀਂ ਫਿਰ ਉਹ ਕਿਵੇਂ ਪ੍ਰਭਾਵ ਪਾਉਣਗੇ। ਨਿਊਟਨ ਦੇ ਗੁਰੂਤਾ ਖਿੱਚ ਅਨੁਸਾਰ ਤਾਂ ਜੇ ਕਿਸੇ ਚੀਜ਼ ਦਾ ਭਾਰ ਜ਼ੀਰੋ ਹੋਵੇਗਾ ਤਾਂ ਉਸਦਾ ਆਕਰਸ਼ਣ ਬਲ ਵੀ ਜ਼ੀਰੋ ਹੀ ਹੋਵੇਗਾ।

### ਜਨਮ ਕੁੰਡਲੀਆਂ

ਜਨਮ ਕੁੰਡਲੀਆਂ ਤਿਆਰ ਕਰਨ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ। ਬੱਚੇ ਦਾ ਜਨਮ ਸਮਾਂ, ਸਥਾਨ ਅਤੇ ਰਾਸ਼ੀ ਚੱਕਰ। ਰਾਸ਼ੀ ਚੱਕਰ ਤਾਂ ਕਿਸੇ ਵੀ ਜੋਤਿਸ਼ ਦੀ ਕਿਤਾਬ ਵਿਚ ਹੁੰਦਾ ਹੈ ਤੇ ਉਸ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਨਮ ਸਮਾਂ ਅੱਜ ਕੱਲ੍ਹ ਡਾਕਟਰਾਂ ਤੇ ਨਿਰਭਰ ਹੈ ਉਹ ਛੇਵੇਂ ਮਹੀਨੇ ਤੋਂ ਬਾਅਦ ਬੱਚੇ ਦਾ ਜਨਮ ਸੀਜੇਰੀਅਨ ਉਪਰੇਸ਼ਨ ਰਾਹੀਂ ਕਰ ਸਕਦੇ ਹਨ। ਜਨਮ ਸਥਾਨ ਗਰਭਵਤੀ ਇਸਤਰੀ ਦੀ ਦੇਖਭਾਲ ਕਰਨ ਵਾਲੇ ਮਾਪਿਆਂ ਜਾਂ ਪਤੀ ਉੱਪਰ ਨਿਰਭਰ ਕਰਦਾ ਹੈ ਉਹ ਜਦੋਂ ਵੀ ਤੇ ਜਿੱਥੇ ਵੀ ਚਾਹੇ ਬੱਚੇ ਦਾ ਜਨਮ ਕਰਵਾ ਸਕਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਇਹ ਤਿੰਨੇ ਚੀਜ਼ਾਂ ਮਨੁੱਖ ਤੇ ਨਿਰਭਰ ਹਨ ਇਨ੍ਹਾਂ ਵਿਚ ਕੋਈ ਵੀ ਚੀਜ਼ ਅਜਿਹੀ ਨਹੀਂ ਜਿਹੜੀ ਕੁਦਰਤ ਤੇ ਨਿਰਭਰ ਹੈ।

ਇਸ ਲਈ ਜੇ ਜੋਤਸ਼ੀਆਂ ਨੂੰ ਪਤਾ ਹੈ ਕਿ ਫਲਾਨੇ ਸਮੇਂ ਅਤੇ ਸਥਾਨ ਤੇ ਪੈਦਾ ਹੋਇਆ ਬੱਚਾ ਭਾਰਤ ਦਾ ਪ੍ਰਧਾਨ ਮੰਤਰੀ ਬਣੇਗਾ ਤਾਂ ਜਲੰਧਰ ਦਾ ਇੰਦਰ ਕੁਮਾਰ ਗੁਜਰਾਲ ਕਦੇ ਵੀ ਭਾਰਤ ਦਾ ਪ੍ਰਧਾਨ ਮੰਤਰੀ ਨਾ ਬਣਦਾ ਕਿਉਂਕਿ ਉਸਨੂੰ ਤਾਂ ਜੋਤਿਸ਼ ਵਿਚ ਹੀ ਭੋਰਾ ਭਰ ਯਕੀਨ ਨਹੀਂ ਸੀ ਅਤੇ ਨਾ ਹੀ ਜੋਤਿਸ਼ ਨੂੰ ਨਾ ਮੰਨਣ ਵਾਲਾ ਅੰਮ੍ਰਿਤਸਰ ਦਾ ਵਸਨੀਕ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਤੇ ਜਾ ਬੈਠਦਾ। ਹੁਣ ਜੇ ਇੰਦਰਾ ਗਾਂਧੀ ਭਾਰਤ ਦੀ ਪ੍ਰਧਾਨ ਮੰਤਰੀ ਬਣੀ ਸੀ ਇਹ ਇਸ ਲਈ ਥੋੜੇ ਪ੍ਰਧਾਨ ਮੰਤਰੀ ਬਣੀ ਸੀ ਕਿ ਉਸਦੀ ਕਿਸਮਤ ਵਿਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ। ਸਗੋਂ ਉਹ ਤਾਂ ਪ੍ਰਧਾਨ ਮੰਤਰੀ ਇਸ ਲਈ ਬਣੀ ਸੀ ਕਿ ਉਹ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਧੀ ਸੀ ਤੇ ਜੇ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਿਆ ਸੀ ਕੀ ਉਹ ਇਸ ਕਰਕੇ ਥੋੜੇ ਪ੍ਰਧਾਨ ਮੰਤਰੀ ਬਣਿਆ ਸੀ ਕਿ ਉਸਦੀ ਕਿਸਮਤ ਵਿਚ ਪ੍ਰਧਾਨ ਮੰਤਰੀ ਬਣਨਾ ਲਿਖਿਆ ਸੀ ਸਗੋਂ ਉਹ ਤਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦਾ ਦੋਹਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਦਾ ਸਪੁੱਤਰ ਸੀ। ਹੁਣ ਜੇ ਕਲ੍ਹ ਨੂੰ ਸੋਨੀਆ ਗਾਂਧੀ ਜਾਂ ਰਾਹੁਲ ਵਿਚੋਂ ਕੋਈ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਉਹ ਸਿਰਫ ਇਸ ਕਰਕੇ ਬਣੇਗਾ ਕਿ ਉਹ ਭਾਰਤ ਦੇ ਇੱਕ ਸਥਾਪਤ ਪਰਿਵਾਰ ਦੇ ਮੈਂਬਰ ਹਨ।

### ਫਰਾਂਸੀਸੀ ਵਿਗਿਆਨਕ ਦਾ ਤਜਰਬਾ

ਇਥੋਂ ਮੈਂ ਤੁਹਾਨੂੰ ਫਰਾਂਸ ਦੇ ਇਕ ਵਿਗਿਆਨਕ ਗਾਕੂਲਿਨ ਦੁਆਰਾ ਕੀਤੇ ਤਜਰਬੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ। ਉਸਨੇ ਅਖ਼ਬਾਰ ਵਿਚ ਇੱਕ ਇਸ਼ਤਿਹਾਰ ਦਿੱਤਾ, ''ਤੁਸੀਂ ਮੈਨੂੰ ਆਪਣਾ ਨਾਂ, ਪਤਾ, ਜਨਮ ਸਮਾਂ ਅਤੇ ਸਥਾਨ ਲਿਖ ਕੇ ਭੇਜੋ, ਮੈਂ ਤੁਹਾਨੂੰ ਤੁਹਾਡੀ ਜਨਮ ਪੱਤਰੀ ਬਣਾ ਕੇ ਭੇਜਾਗਾਂ।''

ਲੱਗਭੱਗ 1500 ਦੇ ਕਰੀਬ ਵਿਅਕਤੀਆਂ ਨੇ ਉਸਨੂੰ ਆਪਣੇ ਵੇਰਵੇ ਭੇਜੇ। ਉਸਨੇ ਸਭ ਨੂੰ ਪੱਤਰੀਆਂ ਬਣਾ ਕੇ ਭੇਜ ਦਿੱਤੀਆਂ ਅਤੇ ਉਨ੍ਹਾਂ ਦੇ ਹੇਠਾਂ ਇੱਕ ਲਾਈਨ ਲਿਖ ਦਿੱਤੀ ਕਿ ''ਕਿ ਮੇਰੇ ਦੁਆਰਾ ਭੇਜੀ ਗਈ ਜਨਮ ਪੱਤਰੀ ਤੁਹਾਡੀ ਸਖਸ਼ੀਅਤ ਤੇ ਕਿੰਨੀ ਕੁ ਢੁਕਦੀ ਹੈ? ਕ੍ਰਿਪਾ ਕਰਕੇ ਵਾਪਸੀ ਪੱਤਰ ਰਾਹੀ ਮੈਨੂੰ ਇਹ ਦੱਸਣ ਦੀ ਖੇਚਲ ਕਰਨਾ।'' ਲੱਗਭੱਗ 94% ਵਿਅਕਤੀਆਂ ਨੇ ਉਸਦੇ ਪੱਤਰ ਦਾ ਜੁਆਬ ਭੇਜ ਕੇ ਲਿਖਿਆ ਕਿ ''ਉਸ ਦੁਆਰਾ ਭੇਜੀ ਗਈ ਜਨਮ ਪੱਤਰੀ ਦੀਆਂ ਬਹੁਤ ਸਾਰੀਆਂ ਗੱਲਾਂ ਬਿਲਕੁਲ ਸਾਡੀ ਸਖਸ਼ੀਅਤ ਅਨੁਸਾਰ ਹਨ।''

ਫਿਰ ਉਸ ਨੇ ਉਨ੍ਹਾਂ ਸਾਰਿਆਂ ਨੂੰ ਲਿਖਿਆ ਕਿ ''ਮੈਂ ਤੁਹਾਨੂੰ ਜੋ ਜਨਮ ਪੱਤਰੀਆਂ ਭੇਜੀਆਂ ਸਨ, ਉਹ ਇੱਕੋ ਹੀ ਸਨ ਤੇ ਇਹ ਉਸ ਅਪਰਾਧੀ ਦੀਆਂ ਸਨ ਜਿਸਨੇ 27 ਵਿਅਕਤੀਆਂ ਨੂੰ ਚੂਨੇ ਦੇ ਟੱਬ ਵਿਚ ਡੁਬੋ ਕੇ ਮਾਰਿਆ ਸੀ ਅਤੇ ਉਸਨੂੰ 1946 ਵਿਚ ਫਾਂਸੀ ਤੇ ਲਟਕਾਇਆ ਗਿਆ ਸੀ।''

ਸੋ ਜੋਤਿਸ਼ੀ ਜਨਮ ਪੱਤਰੀਆਂ ਵਿਚ ਕਦੇ ਵੀ ਕਿਸੇ ਵਿਸ਼ੇਸ਼ ਵਾਪਰਨ ਵਾਲੀ ਘਟਨਾ ਦਾ ਜ਼ਿਕਰ ਨਹੀਂ ਕਰਨਗੇ। ਉਹ ਤਾਂ ਆਮ ਜਿਹੀਆਂ ਗੱਲਾਂ ਲਿਖਣਗੇ ਕਿ ''ਤੇਰੇ ਕੋਲ ਪੈਸਾ ਬਹੁਤ ਆਵੇਗਾ ਪਰ ਟਿਕੇਗਾ ਨਹੀਂ। ਤੂੰ ਵਿਦੇਸ਼ ਦੀ ਯਾਤਰਾ ਕਰੇਗਾ।''

ਹੁਣ ਹਰ ਰੋਜ਼ 200 ਰੁਪਏ ਕਮਾਉਣ ਵਾਲਾ ਵਿਅਕਤੀ ਵੀ ਸੋਚੇਗਾ ਕਿ ਮੇਰੇ ਕੋਲ ਪੈਸਾ ਆਉਂਦਾ ਤਾਂ ਬਹੁਤ ਹੈ ਅਤੇ ਜਾਂਦਾ ਬਹੁਤ ਹੈ, ਹਰ ਨੇਪਾਲ ਦੀ ਯਾਤਰਾ ਕਰਨ ਵਾਲਾ ਸੋਚੇਗਾ ਕਿ ਜੋਤਿਸ਼ੀ ਦੀ ਗੱਲ ਸਹੀ ਸਿੱਧ ਹੋਈ ਹੈ।'' ਇਸ ਤਰ੍ਹਾਂ ਇਹ ਵਿਅਕਤੀ ਤਾਂ ਕੋਠੇ ਤੇ ਖੜੇ ਹੋ ਜਾਣਗੇ ਅਤੇ ਦੋਵੇਂ ਹੱਥ ਖੜੇ ਕਰ ਲੈਣਗੇ ਕਿ ਜੋਤਿਸ਼ੀ ਦੀਆਂ ਸਾਡੀ ਜਨਮ ਪੱਤਰੀ ਵਿਚ ਲਿਖੀਆਂ ਗੱਲਾਂ ਸਹੀ ਸਿੱਧ ਹੋਈਆਂ ਹਨ। ਪਰ ਜਿਨ੍ਹਾਂ ਨੂੰ ਦੱਸੀਆਂ ਹੋਈਆਂ ਗੱਲਾਂ ਗਲਤ ਨਿਕਲ ਜਾਂਦੀਆਂ ਹਨ ਉਨ੍ਹਾਂ ਨੇ ਕਿਹੜਾ ਕਿਸੇ ਨੂੰ ਦੱਸਣੀਆਂ ਹਨ।

ਪ੍ਰਸਿੱਧ ਨਾਟਕਾਕਾਰ ਸੈਕਸਪੀਅਰ ਆਪਣੇ ਕਿਸੇ ਨਾਟਕ ਵਿਚ ਆਪਣੇ ਇੱਕ ਪਾਤਰ ਬਰੂਟਸ ਤੋਂ ਕਹਾਉਂਦਾ ਹੈ ਕਿ ''ਜੋਤਸ਼ੀ ਕਿਸਮਤ ਵਾਲੇ ਹੁੰਦੇ ਹਨ ਉਨ੍ਹਾਂ ਦੀਆਂ ਕਹੀਆਂ 100 ਗੱਲਾਂ ਵਿਚੋਂ ਜੇ 99 ਝੂਠ ਵੀ ਨਿਕਲ ਜਾਣ ਤਾਂ ਉਨ੍ਹਾਂ ਦੀ ਕੋਈ ਬੇਇੱਜਤੀ ਨਹੀਂ ਹੁੰਦੀ ਪਰ ਇੱਕ ਸੱਚੀ ਗੱਲ ਨਾਲ ਹੀ ਉਨ੍ਹਾਂ ਦੀ ਗੁੱਡੀ ਅਸਮਾਨੀ ਚੜ ਜਾਂਦੀ ਹੈ।''

### ਝੰਡੀਆਂ ਵਾਲਾ ਜੋਤਸ਼ੀ

ਇਥੇ ਮੈਂ ਆਪਣੇ ਬਚਪਨ ਵਿਚ ਵਾਪਰੀ ਇੱਕ ਘਟਨਾ ਦੀ ਜ਼ਿਕਰ ਵੀ ਜ਼ਰੂਰ ਕਰਨਾ ਚਾਹਾਗਾਂ ਧੂਰੀ ਦੇ ਨਜ਼ਦੀਕ ਇੱਕ ਪਿੰਡ ਰਾਜੋ ਮਾਜਰਾ ਹੈ। ਮੇਰੇ ਚਾਚਾ ਜੀ ਇਸ ਪਿੰਡ ਵਿਚ ਪਟਵਾਰੀ ਲੱਗੇ ਹੋਏ ਸਨ। ਇੱਕ ਜੋਤਸ਼ੀ ਸੰਤ ਨੇ ਉੱਥੇ ਦੇ ਰੇਲਵੇ ਸਟੇਸ਼ਨ ਦੇ ਨੇੜੇ ਡੇਰੇ ਲਾਏ ਹੋਏ ਹਨ। ਬਹੁਤ ਸਾਰੀਆਂ ਗਰਭਵਤੀ ਇਸਤਰੀਆਂ ਉਸ ਕੋਲ ਜਾਂਦੀਆਂ ਤਾਂ ਉਹ ਹਰੇਕ ਨੂੰ ਕਹਿ ਦਿੰਦਾ, ''ਬੀਬੀ ਤੇਰੇ ਲੜਕਾ ਹੋਵੇਗਾ ਇੱਥੇ ਝੰਡੀ ਗੱਡ ਜਾਵੀਂ ਬੱਸ ਫਿਰ ਕੀ ਸੀ ਸਾਲ ਭਰ ਵਿਚ ਹੀ ਝੰਡੀਆਂ ਹੀ ਝੰਡੀਆਂ ਨਜ਼ਰ ਆਉਣ ਲੱਗ ਪਈਆਂ। ਜਿਨ੍ਹਾਂ ਦੇ ਲੜਕੇ ਹੋ ਜਾਂਦੇ ਉਹ ਜਥਾ ਲੈ ਕੇ ਝੰਡੀ ਲਾਉਣ ਲਈ ਤੁਰ ਪੈਂਦੀਆਂ। ਲੜਕੀ ਪੈਦਾ ਹੋਣ ਵਾਲਾ ਕੋਈ ਪਰਿਵਾਰ ਝੰਡੀ ਪੁੱਟਣ ਲਈ ਨਹੀਂ ਗਿਆ।

ਇਸ ਤਰ੍ਹਾਂ ਜੋਤਸ਼ੀ ਕੋਲ ਜੇ ਦੋ ਇਸਤਰੀਆਂ ਜਾਂਦੀਆਂ ਹਨ ਤਾਂ ਉਹ ਗਰਭਵਤੀ ਇਸਤਰੀ ਨੂੰ ਕਹਿ ਦਿੰਦਾ ਹੈ ਕਿ ਤੇਰੇ ਲੜਕਾ ਪੈਦਾ ਹੋਵੇਗਾ ਪਰ ਨਾਲ ਦੀ ਨੂੰ ਕਹਿ ਦਿੰਦਾ ਹੈ ਕਿ ਇਸਦੇ ਲੜਕੀ ਪੈਦਾ ਹੋਵੇਗੀ। ਹੁਣ ਸੰਭਾਵਨਾਵਾਂ ਦੋ ਹੀ ਹਨ ਇਨ੍ਹਾਂ ਵਿਚੋਂ ਇੱਕ ਨੇ ਤਾਂ ਠੀਕ ਹੋਣਾ ਹੀ ਹੈ, ਜੇ ਗਰਭਵਤੀ ਨੂੰ ਦੱਸੀ ਗੱਲ ਠੀਕ ਹੋ ਜਾਂਦੀ ਹੈ ਤਾਂ ਉਹ ਕੁਝ ਸਾਥਣਾਂ ਨਾਲ ਜੋਤਿਸ਼ੀ ਜੀ ਲਈ ਦਕਸ਼ਣਾ ਲੈ ਕੇ ਪੁੱਜ ਜਾਂਦੀ ਹੈ ਨਹੀਂ ਦੂਸਰੀ ਨੇ ਤੇ ਇਹ ਪ੍ਰਚਾਰ ਕਰਨਾ ਹੀ ਹੈ ਕਿ ਜੋਤਸ਼ੀ ਜੀ ਨੇ ਮੈਨੂੰ ਤਾਂ ਪਹਿਲਾ ਹੀ ਠੀਕ ਦੱਸ ਦਿੱਤਾ ਸੀ।

# ਏਅਰ ਇੰਡੀਆ ਦੁਨੀਆਂ ਦੀ ਤੀਜੀ ਸਭ ਤੋਂ ਘੱਟ ਸੁਰੱਖਿਅਤ ਏਅਰਲਾਈਨਜ਼

ਨਵੀਂ ਦਿੱਲੀ- ਏਅਰ ਇੰਡੀਆ ਨੂੰ ਚੀਨ ਏਅਰਲਾਈਨਜ਼ ਅਤੇ ਟੀ. ਏ. ਐਮ. ਏਅਰਲਾਈਨਜ਼ ਤੋਂ ਬਾਅਦ ਦੁਨੀਆਂ ਦੀ ਤੀਜੀ ਸਭ ਤੋਂ ਘੱਟ ਸੁਰੱਖਿਅਤ ਏਅਰਲਾਈਨਜ਼ ਕਰਾਰ ਦਿੱਤਾ ਗਿਆ ਹੈ। ਦੁਨੀਆਂ ਭਰ ਵਿਚ ਹੁੰਦੇ ਹਵਾਈ ਹਾਦਸਿਆਂ 'ਤੇ ਨਜ਼ਰ ਰੱਖਣ ਵਾਲੀ ਵੈਬਸਾਈਟ ਜੇ. ਏ. ਸੀ. ਡੀ. ਈ. ਸੀ. ਦੀ 2012 ਦੀ ਸੇਫਟੀ ਰੈਕਿੰਗ ਵਿਚ ਫਿਨ ਏਅਰ ਨੂੰ ਦੁਨੀਆਂ ਦੀ ਸਭ ਤੋਂ ਸੁਰੱਖਿਅਤ ਏਅਰਲਾਈਨਜ਼ ਮੰਨਿਆ ਗਿਆ ਹੈ ਜਦਕਿ ਏਅਰ ਨਿਊਜ਼ੀਲੈਂਡ ਅਤੇ ਕੈਥੇ ਪੈਸੇਫਿਕ ਨੂੰ ਕ੍ਰਮਵਾਰ ਦੂਜਾ ਅਤੇ ਤੀਜਾ ਦਰਜਾ ਦਿੱਤਾ ਗਿਆ ਹੈ। ਇਸ ਦਰਜਾਬੰਦੀ ਦੇ ਆਧਾਰ ਤੇ ਏਅਰ ਇੰਡੀਆ ਨੂੰ ਕੌਮਾਂਤਰੀ ਪੱਧਰ 'ਤੇ ਰਜਿਸਟਰਡ 60 ਏਅਰਲਾਈਨਾਂ ਵਿਚੋਂ 58ਵਾਂ ਸਥਾਨ ਮਿਲਿਆ ਹੈ। ਪਹਿਲੇ ਸਥਾਨਾਂ 'ਤੇ ਆਈਆਂ ਏਅਰਲਾਈਨ ਕੰਪਨੀਆਂ ਨੇ ਪਿਛਲੇ 30 ਸਾਲ ਵਿਚ ਕਦੇ ਕੋਈ ਹਵਾਈ ਹਾਦਸੇ ਵਿਚ ਨਹੀਂ ਗਵਾਇਆ ਪਰ ਇਨ੍ਹਾਂ ਵਿਚੋਂ ਕਈ ਤਾਂ 30 ਸਾਲ ਤੋਂ ਘੱਟ ਸਮੇਂ ਤੋਂ ਹੀ ਹੋਂਦ ਵਿਚ ਹਨ। ਉੱਤਰੀ ਅਮਰੀਕਾ ਦੀ ਕੋਈ ਏਅਰਲਾਈਨ ਕੰਪਨੀ ਪਹਿਲੀਆਂ 10 ਕੰਪਨੀਆਂ ਵਿਚ ਆਉਣ 'ਚ ਸਫਲ ਨਹੀਂ ਹੋ ਸਕੀ ਪਰ ਇਨ੍ਹਾਂ ਵਿਚੋਂ ਕੋਈ ਵੀ ਆਖਰੀ 10 ਵਿਚ ਵੀ ਨਹੀਂ ਆਈ। ਜੈਟ ਏਅਰਲਈਲਰ ਕਰੈਸ਼ ਡਾਟਾ ਇਵੈਲੂਏਸ਼ਨ ਸੈਂਟਰ ਵੱਲੋਂ ਪਿਛਲੇ 30 ਸਾਲ ਦੌਰਾਨ ਵਾਪਰੇ ਹਵਾਈ ਹਾਦਸਿਆਂ ਅਤੇ ਇਸੇ ਸਮੇਂ ਦੌਰਾਨ ਕੰਪਨੀ ਨੂੰ ਪ੍ਰਤੀ ਯਾਤਰੀ ਹੋਈ ਆਮਦਨ ਦੇ ਆਧਾਰ 'ਤੇ ਅੰਕੜੇ ਤਿਆਰ ਕੀਤੇ ਗਏ ਹਨ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਿਛਲੇ ਇਕ ਸਾਲ ਦੌਰਾਨ ਦੁਨੀਆਂ ਵਿਚ ਹਵਾਈ ਹਾਦਸਿਆਂ ਕਾਰਨ 496 ਜਾਨਾਂ ਗਈਆਂ ਜੋ 2011 ਵਿਚ ਹਵਾਈ ਹਾਦਸਿਆਂ ਵਿਚ ਮਾਰੇ ਗਏ ਲੋਕਾਂ ਤੋਂ ਸਿਰਫ ਦੋ ਘੱਟ ਹਨ। ਸਭ ਤੋਂ ਤਬਾਹਕੁੰਨ ਹਵਾਈ ਹਾਦਸਿਆਂ ਵਿਚ ਨਾਈਜੀਰੀਆ ਵਿਚ ਵਾਪਰਿਆ ਹਾਦਸਾ ਮੰਨਿਆ ਗਿਆ ਜਿਸ ਵਿਚ ਦਾਨਾ ਏਅਰਲਾਈਨ ਦਾ ਜਹਾਜ਼ ਡਿੱਗਣ ਕਾਰਨ 169 ਲੋਕਾਂ ਦੀ ਮੌਤ ਹੋ ਗਈ ਸੀ। ਇਸੇ ਤਰ੍ਹਾਂ ਦੂਜਾ ਵੱਡਾ ਹਾਦਸਾ ਪਾਕਿਸਤਾਨ ਦਾ ਮੰਨਿਆ ਗਿਆ ਜਿੱਥੇ ਭੋਜਾ ਏਅਰਲਾਈਨ ਦਾ ਜਹਾਜ਼ ਡਿੱਗਣ ਕਾਰਨ 127 ਵਿਅਕਤੀ ਮਾਰੇ ਗਏ ਸਨ।

# ਧੀਆਂ ਬਚਾ ਲਵੋ



ਉੱਠੋ ਵੇ ਪੰਜਾਬ ਦਿਓ ਸੁੱਤੇ ਪਏ ਵਾਰਸੋ,
ਸਮਾਂ ਬੜਾ ਖਰਾਬ ਹੈ ਵੇ ਧੀਆਂ ਬਚਾ ਲਵੋ
ਜਾਗੋ ਵੇ ਪੰਜਾਬੀਓ ਤੁਹਾਡੇ ਦਰਿਆਵਾਂ ਵਿਚ,
ਵੱਗ ਰਹੀ ਸ਼ਰਾਬ ਹੈ ਵੇ ਧੀਆਂ ਬਚਾ ਲਵੋ

ਜੋ ਘਰ ਅੰਦਰ ਬਲਕੇ ਤੇ ਕਰਦਾ ਸੀ ਚਾਨਣ,
ਉਹ ਬੁਝ ਰਿਹਾ ਚਿਰਾਗ ਹੈ ਵੇ ਧੀਆਂ ਬਚਾ ਲਵੋ
ਬਣਾਵੋ ਕਾਨੂੰਨ ਕੋਈ ਪੂਰੇ ਕੱਪੜੇ ਪਾਉਣ ਲਈ,
ਹੋਇਆ ਨੰਗਾ ਪੰਜਾਬ ਹੈ ਵੇ ਧੀਆਂ ਬਚਾ ਲਵੋ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (916) 687-3536**

ਸ਼ਰਮਾਂ ਧਰਮਾਂ ਵਿਚ ਸੀ ਜੋ ਜਿਊਣਾ ਸਿਖਾਉਂਦੀ ਪਈ ਰੋਂਦੀ ਕਿਤਾਬ ਹੈ ਵੇ ਧੀਆਂ ਬਚਾ ਲਵੋ
ਬਿਆਸਾ ਵੀ ਰੋਵੇ ਤੇ ਸਤਲੁਜ ਵੀ ਰੋਵੇ, ਪਿਆ ਰੋਂਦਾ ਝਨਾਬ ਹੈ ਵੇ ਧੀਆਂ ਬਚਾ ਲਵੋ

ਧਰਤੀ ਪਈ ਪਿੱਟਦੀ ਅਸਮਾਨ ਢਾਹਾਂ ਮਾਰਦਾ, ਪਿਆ ਰੋਂਦ ਮਹਿਤਾਬ ਹੈ ਵੇ ਧੀਆਂ ਬਚਾ ਲਵੋ
ਉਠੋ ਵੇ ਬੇ ਗ਼ੈਰਤੋ ਤੇ ਬੇ ਅਣਖੀ ਲੀਡਰੋ, ਵਕਤ ਮੰਗ ਰਿਹਾ ਜਵਾਬ ਹੈ ਵੇ ਧੀਆਂ ਬਚਾ ਲਵੋ

ਜਾਗੋ ਵੇ ਰਣਜੀਤ ਤੇ ਨਲੂਏ ਦੇ ਵਾਰਸੋ, ਟੁੱਟ ਰਿਹਾ ਖਵਾਬ ਹੈ ਵੇ ਧੀਆਂ ਬਚਾ ਲਵੋ
ਨਸ਼ਿਆਂ ਤੇ ਫੈਸ਼ਨ ਨੂੰ ਬੰਨ੍ਹ ਕੋਈ ਲਾ ਦਿਓ, ਪਿਆਰ ਵਧਦਾ ਸੈਲਾਬ ਹੈ ਵੇ ਧੀਆਂ ਬਚਾ ਲਵੋ

ਅੱਧ ਖਿੜੀਆਂ ਕਲੀਆਂ ਨੇ ਜਿਸਮਾਂ ਤੋਂ ਨੰਗੀਆਂ, ਪਿਆਰ ਵੇਂਹਦਾ ਓਕਾਬ ਹੈ ਵੇ ਧੀਆਂ ਬਚਾ ਲਵੋ
ਜੋ ਧਰਮਾਂ ਦਾ ਰਾਖਾ ਤੇ ਬੇ ਤਾਜ ਬਾਦਸ਼ਾਹ, ਬੈਠਾ ਬਣਕੇ ਨਵਾਬ ਹੈ ਵੇ ਧੀਆਂ ਬਚਾ ਲਵੋ

ਜੋ ਕੁੜੀਆਂ ਗ਼ੈਰਤ ਤੇ ਅਣਖਾਂ ਨਾਲ ਭਰੀਆਂ, ਪਿਆ ਸਾੜਦਾ ਤਜਾਬ ਹੈ ਵੇ ਧੀਆਂ ਬਚਾ ਲਵੋ
ਸੁਨਾਲੀ ਤੇ ਸ਼ਰੂਤੀ ਦੀ ਹੋਈ ਬਰਬਾਦੀ ਦਾ, ਲੋਕਾਂ ਮੰਗਣਾ ਹਿਸਾਬ ਹੈ ਵੇ ਧੀਆਂ ਬਚਾ ਲਵੋ

ਵੱਡੇ ਘਰਾਂ ਦਿਆਂ ਕਾਕਿਆਂ ਇਉਂ ਊਧਮ ਮਚਾਇਆ, ਫੁੰਕਾਰਦਾ ਜਿਉਂ ਨਾਗ ਹੈ ਵੇ ਧੀਆਂ ਬਚਾ ਲਵੋ
ਮਾਲੀਆਂ ਦੇ ਹੱਥਾਂ ਵਿਚ ਫੜੇ ਹੋਏ ਕੁਹਾੜੇ, ਤਕ ਰੋਂਦਾ ਪਿਆਰ ਬਾਗ ਹੈ ਵੇ ਧੀਆਂ ਬਚਾ ਲਵੋ

ਸ਼ਰਮ ਕਰੋ ਕੁੜੀਓ ਨੀ ਤਨ ਨੂੰ ਲੁਕੋਵੋ, ਦੁਸ਼ਮਣ ਬੜਾ ਘਾਗ ਹੈ ਵੇ ਧੀਆਂ ਬਚਾ ਲਵੋ
ਇੱਜ਼ਤਾਂ ਤੇ ਲੱਗਿਆ ਕਦੀ ਵੀ ਨਹੀਂ ਲਹਿੰਦਾ, ਇਹ ਬਦਨੁਮਾ ਦਾਗ ਹੈ ਵੇ ਧੀਆਂ ਬਚਾ ਲਵੋ

ਜਦੋਂ ਧੀਆਂ ਬਣੀਆਂ ਮਾਂ ਭਾਗੋ ਤੇ ਝਾਂਸੀ, ਕਿਸੇ ਝੱਲਣੀ ਨਾ ਤਾਬ ਹੈ ਵੇ ਧੀਆਂ ਬਚਾ ਲਵੋ
ਸੁਰਜੀਤ ਵਾਜਾਂ ਮਾਰੇ ਵੇ ਉਠ ਪਵੋ ਸਾਰੇ, ਜੇ ਲੈਣਾ ਸਵਾਬ ਹੈ ਵੇ ਧੀਆਂ ਬਚਾ ਲਵੋ।

# ਆਦਿ-ਧਰਮ ਦੇ ਝੰਡੇ ਝਲੌਣ ਵਾਲਾ

**ਲੇਖਕ: ਕਵੀ ਭਗਤ ਰਾਮ ਦੀਵਾਨਾ**
**ਬੁਰਜ਼ ਕੰਧਾਰੀ (ਜਲੰਧਰ)**

ਮੁਗੋਵਾਲ ਵਿਚ ਪੈਦਾ ਇਕ ਸ਼ੇਰ ਹੋਇਆ,
ਖਿੜਿਆ ਵਾਂਗ ਗੁਲਾਬ ਜਿਉਂ ਫੂਲ ਹੋਇਆ
ਸਚਾ ਕੌਮ ਦਾ ਆਗੂ ਸਿਪਾਹੀ ਸੀ ਉਹ,
ਕੋਈ ਦੂਜਾ ਨਾ ਓਸ ਦੇ ਤੋਲ ਹੋਇਆ
ਸੁਤੀ ਕੌਮ ਜਗਾਈ ਸੀ ਦੇ ਹੋਕਾ,
ਸਾਥੋਂ ਤਾਰ ਨਾ ਉਸ ਦਾ ਮੁਲ ਹੋਇਆ
ਜਦ ਸਟੇਜਾਂ ਤੇ ਖੜ੍ਹਕੇ ਗਰਜਦਾ ਸੀ,
ਬੇੜਾ ਦੂਤੀਆਂ ਦਾ ਜਾਂਦਾ ਗੁਲ ਹੋਇਆ
ਜਿੰਦਾ ਜੀ ਨਾ ਕਿਸੇ ਦੀ ਈਨ ਮੰਨੀ,
ਈਨ ਦੂਸਰੇ ਤਾਈਂ ਮਨੌਣ ਵਾਲਾ
ਬਾਨੀ ਕੌਮ ਦਾ ਸੀ ਨਿਧੜਕ ਯੋਧਾ,
ਆਦਿ-ਧਰਮ ਦੇ ਝੰਡੇ ਝਲੌਣ ਵਾਲਾ



ਗੋਲਮੇਜ਼ ਕਾਨਫਰੰਸਾਂ ਹੋਈਆਂ ਜਦੋਂ,
ਪਾਰਟੀਆਂ ਕੁਲ ਇੰਗਲੈਂਡ ਮੰਗਵਾਈਆਂ ਸੀ।
ਡਾਕਟਰ ਅੰਬੇਦਕਰ ਵੱਖਰੇ ਹੱਕ ਮੰਗੇ,
ਗਾਂਧੀ ਲੱਗਾ ਜਦ ਦੇਣ ਦੁਹਾਈਆਂ ਸੀ।
ਲੀਡਰ ਨਹੀਂ ਅਛੂਤਾਂ ਦਾ ਇਹ ਕਹਿੰਦਾ,
ਊਂਜਾਂ ਗਾਂਧੀ ਨੇ ਝੂਠੀਆਂ ਲਾਈਆਂ ਸੀ।
ਮੰਗੂ ਰਾਮ ਨੂੰ ਜਦੋਂ ਪਤਾ ਲੱਗਾ,
ਤਾਰਾਂ ਥਾਂ ਥਾਂ ਤੋਂ ਲਿਖ ਕੇ ਪਾਈਆਂ ਸੀ।
ਨਾਲ ਏਕਤਾ ਹੋਈਆਂ ਰਿਜ਼ਰਵ ਸੀਟਾਂ,
'ਦੀਵਾਨੇ' ਤਾਂਹੀਓਂ ਸੀ ਬਾਨੀ ਕਹੌਣ ਵਾਲਾ।
ਬਾਨੀ ਕੌਮ ਦਾ ਸੀ ਨਿਧੜਕ ਯੋਧਾ,
ਆਦਿ-ਧਰਮ ਦੇ ਝੰਡੇ ਝਲੌਣ ਵਾਲਾ।

# ਸਿਵਿਆਂ ਤੇ ਰੋਟੀਆਂ ਸੇਕਣ ਵਾਲੇ

ਸ਼ਹਿਰ ਦੇ ਨਾਲ ਲੱਗਦੀ ਗੰਦੀ ਬਸਤੀ ਵਿਚ ਮਕਾਨ ਕੋਈ ਨਹੀਂ ਸੀ, ਸਿਰਫ ਝੁੱਗੀਆਂ ਝੌਂਪੜੀਆਂ ਹੀ ਸਨ। ਝੁੱਗੀਆਂ ਝੌਂਪੜੀਆਂ ਵੀ ਕਈ ਤਰ੍ਹਾਂ ਦੀਆਂ ਸਨ। ਕਈ ਝੁੱਗੀਆਂ ਤੇ ਕੱਖ ਕਾਨੇ ਜਿਹੇ ਲਮਕਦੇ ਰਹਿੰਦੇ ਤੇ ਕਈਆਂ ਤੇ ਗੰਦੇ ਮੰਦੇ ਤੇ ਅੱਧ ਫਟੇ ਹੋਏ ਕੱਪੜੇ ਤੇ ਕਿਸੇ ਝੁੱਗੀ 'ਤੇ ਕੱਚੇ ਪੱਕੇ ਰੋੜੇ ਤੇ ਲੀਰਾਂ ਲਟਕਾਈਆਂ ਹੁੰਦੀਆਂ। ਥਾਂ-ਥਾਂ ਗੰਦਗੀ ਦੇ ਢੇਰ, ਇਸ ਬਸਤੀ ਵਾਲਿਆਂ ਦੀ ਵੀ ਆਪਣੀ ਇਕ ਵੱਖਰੀ ਹੀ ਦੁਨੀਆਂ ਸੀ ਤੇ ਵੱਖਰੀ ਹੀ ਜ਼ਿੰਦਗੀ। ਥੱਲੇ ਉਭੜ ਖਾਬੜ ਧਰਤੀ ਤੇ ਉਤੇ ਖੁੱਲ੍ਹਾ ਅਸਮਾਨ। ਚਾਰ ਚੁਫੇਰੇ ਖਿਲਰੇ ਹੋਏ ਇੱਟਾਂ ਦੇ ਟੋਟੇ ਇੰਝ ਲੱਗਦਾ ਜਿਵੇਂ ਕਦੀ ਕਿਸੇ ਸਮੇਂ ਨੇੜੇ ਤੇੜੇ ਕਿਤੇ ਇੱਟਾਂ ਦਾ ਭੱਠਾ ਇੱਟਾਂ ਦੇ ਟੋਟੇ ਵੀ ਤੇ ਖੰਘਰਾਂ ਵਰਗੇ ਵਿੰਗੇ ਟੇਢੇ ਤੇ ਕਾਲੇ ਸੜੇ ਹੋਏ, ਝੁੱਗੀਆਂ ਵਾਲੇ ਵੀ ਕਿਤੇ ਨਾ ਕਿਤੇ ਇਹਨਾਂ ਖੰਘਰਾਂ ਦੇ ਟੋਟਿਆਂ ਨੂੰ ਵਰਤ ਹੀ ਲੈਂਦੇ। ਝੁੱਗੀਆਂ ਕੋਲੇ ਚੁੱਲ੍ਹੇ ਬਣਾਉਣ ਤੇ ਝੁੱਗੀਆਂ 'ਤੇ ਪਏ ਗੰਦੇ ਕੱਪੜੇ ਕਿਤੇ ਉੱਡ ਨਾ ਜਾਣ। ਇਸ ਕੰਮ ਲਈ ਖੰਘਰ ਰੋੜੇ ਵਰਤੇ ਜਾਂਦੇ। ਝੁੱਗੀਆਂ ਵਿਚ ਰਹਿੰਦੇ ਸਾਰੇ ਨਿਆਣੇ ਮੁੰਡੇ ਤੇ ਕੁੜੀਆਂ ਸਵੇਰੇ-ਸਵੇਰੇ ਪਲਾਸਟਿਕ ਦੇ ਵੱਡੇ ਵੱਡੇ ਬੋਰੇ ਜਿਹੇ ਮੋਢਿਆਂ 'ਤੇ ਲਟਕਾ ਕੇ ਤੁਰ ਪੈਂਦੇ ਤੇ ਸ਼ਹਿਰ ਵਿਚ ਗੰਦਗੀ ਦਿਆਂ ਢੇਰਾਂ ਤੋਂ ਕੁਝ ਨਾ ਕੁਝ ਲੱਭ ਲੱਭ ਕੇ ਬੋਰਿਆਂ ਵਿਚ ਪਾਈ ਜਾਂਦੇ ਤੇ ਦਿਨ ਡੁੱਬਣ ਤੋਂ ਪਹਿਲਾਂ ਬਸਤੀ ਵੱਲ ਨੂੰ ਮੁੜ ਪੈਂਦੇ। ਜਵਾਨ ਹੋ ਰਹੀਆਂ ਕੁੜੀਆਂ ਆਪਣੇ ਨਿੱਕੇ ਨਿੱਕੇ ਭੈਣ ਭਰਾਵਾਂ ਨੂੰ ਕੁੱਛੜ ਚੁੱਕ ਮੰਗਣ ਤੁਰ ਪੈਂਦੀਆਂ ਤੇ ਬਾਲਾਂ ਦਾ ਵਾਸਤਾ ਪਾ ਪਾ ਸਾਰਾ ਦਿਨ ਭੀਖ ਮੰਗਦੀਆਂ। ਬਹੁਤੇ ਮਰਦ ਤੇ ਔਰਤਾਂ ਕਿਤੇ ਮਿਹਨਤ ਮਜ਼ਦੂਰੀ ਕਰਨ ਲਈ ਨਿਕਲ ਜਾਂਦੇ ਤੇ ਸਾਰਾ ਦਿਨ ਟੋਕਰੀਆਂ ਢੋਂਦੇ ਰਹਿੰਦੇ। ਬਸਤੀ ਵਾਲੇ ਲੋਕਾਂ ਦਾ ਧਰਮ, ਸਮਾਜ ਤੇ ਮੁਲਕ ਸਭ ਕੁਝ ਰੋਟੀ ਹੀ ਸੀ। ਬਿਜਲੀ ਤੇ ਪਾਣੀ ਉਹਨਾਂ ਕਰਨਾ ਵੀ ਕੀ ਸੀ ਤੇ ਨਾ ਹੀ ਉਹਨਾਂ ਨੂੰ ਕਦੀ ਮਿਲਣਾ ਸੀ। ਸੋ ਗੰਦੀ ਬਸਤੀ ਕੋਲੋਂ ਲੰਘਦੀ ਨਹਿਰ ਦੇ ਪਾਣੀ ਨੂੰ ਹੀ ਰੱਬ ਦਾ ਵਰਦਾਨ ਸਮਝ ਕੇ ਪੀਣ ਲਈ ਤੇ ਨਹਾਉਣ ਧੋਣ ਲਈ ਵਰਤ ਲੈਂਦੇ। ਬਸਤੀ ਵਿਚੋਂ ਦੋ ਚਾਰ ਅੱਧਖੜ੍ਹ ਉਮਰ ਦੇ ਆਦਮੀ ਸ਼ਹਿਰ ਜਾ ਕੇ ਰਿਕਸ਼ਾ ਵੀ ਚਲਾਉਂਦੇ ਤੇ ਸਾਰਾ ਦਿਨ ਰਿਕਸ਼ੇ ਤੇ ਬਿਠਾ ਕੇ ਬੰਦਿਆਂ ਨੂੰ ਇੱਧਰੋਂ ਉਧਰ ਤੇ ਉਧਰੋਂ ਇੱਧਰ ਢੋਂਦੇ ਰਹਿੰਦੇ। ਬਸਤੀ ਵਾਲੇ ਲੋਕਾਂ ਦੀ ਜ਼ਿੰਦਗੀ ਰੋਟੀ ਕਮਾ ਕੇ ਢਿੱਡ ਭਰਨ ਤੱਕ ਹੀ ਸੀਮਤ ਸੀ, ਜੋ ਉਹਨਾਂ ਨੂੰ ਬੜੀ ਮੁਸ਼ਕਿਲ ਨਾਲ ਮਿਲਦੀ। ਸਰਦੀਆਂ ਦੇ ਦਿਨ, ਧੁੰਦ ਨਾਲ ਲੁਕਿਆ ਹੋਇਆ ਚਾਰ ਚੁਫੇਰਾ, ਠੰਡ ਨਾਲ ਕੰਬਦਾ ਹੋਇਆ ਸਰੀਰ ਤੇ ਢਿੱਡ ਭਰਨ ਲਈ ਆਟੇ ਜੋਗੇ ਚਾਹੀਦੇ ਪੈਸੇ ਇਹ ਸਭ ਉਧੇੜ ਬੁਣ ਕਰਦਾ ਹੋਇਆ ਧਰਮਾ ਰਿਕਸ਼ਾ ਲੈ ਕੇ ਸ਼ਹਿਰ ਜਾ ਅੱਪੜਿਆ। ਪਿਛਲੇ ਕੁਝ ਦਿਨਾਂ ਤੋਂ ਸ਼ਹਿਰ ਦਾ ਮਾਹੌਲ ਵੀ ਬਹੁਤਾ ਚੰਗਾ ਨਹੀਂ ਸੀ। ਧਰਮ ਦੇ ਨਾਮ ਤੇ ਥਾਂ ਥਾਂ ਨਾਅਰੇਬਾਜ਼ੀ ਹੁੰਦੀ ਤੇ ਧਰਮ ਦੀ ਆੜ ਵਿਚ ਗੁੰਡਾਗਰਦੀ, ਸੜਕਾਂ ਤੇ ਗੇੜੇ ਕੱਢਦੀ ਫਿਰਦੀ। ਧਰਮ ਦੇ ਨਾਂ ਤੇ ਟਾਹਰਾਂ ਮਾਰਨ ਵਾਲੇ ਸ਼ਰੇਆਮ ਰੱਜ ਕੇ ਲੁੱਟਾਂ ਖੋਹਾਂ ਵੀ ਕਰਦੇ ਤੇ ਧਰਮ ਨੂੰ ਬਚਾਉਣ ਲਈ ਹੱਥਾਂ ਵਿਚ ਡਾਂਗਾਂ ਸੋਟੇ ਵੀ ਚੁੱਕੀ ਫਿਰਦੇ, ਜਿਵੇਂ ਧਰਮ ਦੀ ਕੋਈ ਇੱਜ਼ਤ ਲੁੱਟ ਰਿਹਾ ਹੋਵੇ ਜਾਂ ਧਰਮ ਨੂੰ ਕੋਈ ਮਾਰ ਮੁਕਾਉਣ ਲੱਗਾ ਹੋਵੇ। ਸਰਕਾਰ ਤੇ ਉਸਦੇ ਸਭ ਮੂੰਹਾਂ ਤੇ ਪੱਟੀ ਬੰਨੀ ਬੈਠੇ ਸਨ ਤੇ ਧਾਰਮਿਕ ਅਹੁਦਿਆਂ ਵਾਲੇ ਆਪਣੇ ਆਪਣੇ ਭੜਕਾਊ ਭਾਸ਼ਣ ਦੇ ਰਹੇ ਸਨ। ਅੱਗਾਂ ਲਾਉਣ ਵਾਲੇ ਭਾਸ਼ਣ, ਮਰ ਜਾਓ ਜਾਂ ਮਾਰ ਦਿਓ ਦੇ ਭਾਸ਼ਣ ਆਪਣੇ ਧਰਮ ਦੀ ਖਾਤਰ ਮਰ ਮਿਟਣ ਦੇ ਭਾਸ਼ਣਾਂ ਤੇ ਦੂਜਿਆਂ ਦੇ ਧਰਮ ਨੂੰ ਖਤਮ ਕਰਕੇ ਆਪਣੇ ਧਰਮ ਦਾ ਪਰਚਮ ਲਹਿਰਾਉਣ ਦੇ ਭਾਸ਼ਣ ਰੱਬ ਤੋਂ ਡਰਨ ਵਾਲੇ ਤੇ ਮਾਨਵਤਾ ਨੂੰ ਪਿਆਰ ਕਰਨ ਵਾਲੇ ਲੋਕ ਪ੍ਰੇਸ਼ਾਨ ਸਨ ਤੇ ਸੋਚ ਰਹੇ ਸਨ ਇਹ ਧਰਮ ਦੇ ਨਾਂ ਤੇ ਮਾਨਵਤਾ ਦਾ ਘਾਣ ਕਰਨਾ ਤੇ ਬੰਦਿਆਂ ਨੂੰ ਗਾਜਰ ਮੂਲੀਆਂ ਵਾਂਗ ਕੱਟ ਵੱਢ ਕੇ ਸੁੱਟੀ ਜਾਣਾ, ਇਹ ਕਿਹੜਾ ਧਰਮ ਹੈ ਤੇ ਇਹ ਕਿੱਥੋਂ ਆਇਆ ਹੈ। ਦਿਨ ਰਾਤ ਗਲੀਆਂ ਤੇ ਬਾਜ਼ਾਰਾਂ ਵਿਚ ਅਵਾਰਾ ਜਿਹੇ ਲੋਕ ਦਨਦਨਾਉਂਦੇ ਫਿਰਦੇ। ਪਰ ਸਰਕਾਰ ਤੇ ਉਸਦੀ ਸਾਰੀ ਸਰਕਾਰੀ ਮਸ਼ੀਨਰੀ ਅੰਨ੍ਹੀ ਬੋਲੀ ਤੇ ਗੂੰਗੀ ਹੋ ਕੇ ਜਿਵੇਂ ਕਿਤੇ ਖੁੱਡਾਂ ਵਿਚ ਵੜ ਗਈ ਸੀ ਪਰ ਸਾਰੇ ਦੇ ਸਾਰੇ ਸ਼ੈਤਾਨ ਤੇ ਹੈਵਾਨ ਖੂਨ ਦੀ ਹੋਲੀ ਖੇਡਣ ਲਈ ਉਤਾਵਲੇ ਹੋ ਰਹੇ ਸਨ। ਕੜਾਕੇ ਦੀ ਸਰਦੀ ਦੇ ਬਾਵਜੂਦ ਵੀ ਡਰਾਉਣੀਆਂ ਆਵਾਜ਼ਾਂ ਤੇ ਸ਼ੋਰ ਸੁਣ ਕੇ ਘਰਾਂ ਵਿਚ ਬੈਠੇ ਲੋਕਾਂ ਨੂੰ ਪਸੀਨੇ ਆ ਰਹੇ ਸਨ। ਧਰਮਾਂ ਵਿਚਾਰਾ ਵੀ ਸਾਰਾ ਦਿਨ ਧੱਕੇ ਖਾਂਦਾ ਰਿਹਾ ਪਰ ਭੈੜੇ ਮਾਹੌਲ ਕਰਕੇ ਨਾ ਲੋਕ ਬਾਹਰ ਨਿਕਲੇ ਤੇ ਨਾ ਹੀ ਧਰਮੇ ਦੇ ਕੁਝ ਪੱਲੇ ਪਿਆ। ਆਪਣੇ ਖਾਲੀ ਹੱਥਾਂ ਵੱਲ ਵੇਖਦਾ ਧਰਮਾ ਹਨੇਰਾ ਹੋਣ ਦੇ ਡਰੋਂ ਕਾਹਲੀ ਕਾਹਲੀ ਪੈਡਲ ਮਾਰਦਾ ਬਸਤੀ ਵੱਲ ਨੂੰ ਜਾ ਰਿਹਾ ਸੀ ਤੇ ਸੋਚ ਰਿਹਾ ਸੀ ਅੱਜ ਭੁੱਖੇ ਢਿੱਡ ਹੀ ਰਾਤ ਕੱਟਣੀ ਪਵੇਗੀ। ਧਰਮੇ ਦੇ ਘਰ ਵਿਚ ਬੁੱਢੀ ਮਾਂ ਤੇ ਧਰਮੇ ਦੇ ਦੋ ਨਿਆਣੇ ਧਰਮੇ ਦਾ ਰਾਹ ਵੇਖਦੇ ਰਹਿੰਦੇ ਪਰ ਅੱਜ ਧਰਮੇ ਦੇ ਖਾਲੀ ਹੱਥ ਵੇਖ ਕੇ ਨਾ ਹੀ ਮਾਂ ਕੁਝ ਬੋਲੀ ਤੇ ਨਾ ਹੀ ਨਿਆਣੇ। ਦਿਨ ਚੜ੍ਹਿਆ ਧਰਮਾ ਨਹਿਰ 'ਚੋਂ ਪਾਣੀ ਪੀ ਰਿਕਸ਼ਾ ਲੈ ਕੇ ਟੁਰ ਪਿਆ ਮਜ਼ਦੂਰੀ ਦੀ ਭਾਲ ਵਿਚ, ਧਰਮਾ ਅਜੇ ਸ਼ਹਿਰ ਵਿਚ ਵੜਿਆ ਹੀ ਸੀ ਕਿ ਉਸਨੂੰ ਅੱਗ ਦੀਆਂ ਲਪਟਾਂ ਦਿਖਾਈ ਦਿੱਤੀਆਂ। ਚਾਂਬਲੇ ਹੋਏ ਲੋਕੀ ਇਕ ਦੂਜੇ ਨੂੰ ਮਾਰ ਰਹੇ ਸਨ ਤੇ ਉਧਰ ਹੀ ਆ ਰਹੇ ਸਨ। ਭੁੱਖ ਦਾ ਮਾਰਿਆ ਧਰਮਾ ਦੌੜ ਵੀ ਨਾ ਸਕਿਆ ਤੇ ਅੰਨ੍ਹੀ ਬੋਲੀ ਭੀੜ ਉਤੇ ਆ ਚੜ੍ਹੀ। ਇਕ ਦਿਲ ਚੀਰਵੀਂ ਚੀਕ ਨਿਕਲੀ ਤੇ ਧਰਮਾ ਉਸ ਧਰਮ ਦੀ ਲੜਾਈ ਦੀ ਭੇਟ ਚੜ੍ਹ ਗਿਆ। ਸਿਰ ਵਿਚ ਵੱਜਾ ਪੱਥਰ ਧਰਮੇ ਨੂੰ ਥਾਂਏ ਮਾਰ ਗਿਆ ਨਾ ਕੋਈ ਧਰਮੇ ਨੂੰ ਜਾਨਣ ਵਾਲਾ ਤੇ ਨਾ ਹੀ ਪਛਾਨਣ ਵਾਲਾ। ਅਚਾਨਕ ਹੀ ਕੁਝ ਧਾਰਮਿਕ ਲੋਕਾਂ ਨੇ ਧਰਮੇ ਦੀ ਲਾਸ਼ ਤੇ ਕਬਜ਼ਾ ਆ ਕੀਤਾ ਤੇ ਲੱਗੇ ਨਾਅਰੇ ਲੱਗਣ, ਉਧਰੋਂ ਭੀੜ ਵਿਚੋਂ ਕਿਸੇ ਦੀ ਆਵਾਜ਼ ਆਈ, ਇਹ ਤਾਂ ਗੰਦੀ ਬਸਤੀ ਦਾ ਰਹਿਣ ਵਾਲਾ ਧਰਮਾ ਹੈ, ਮਰ ਗਿਆ ਵਿਚਾਰਾ। ਬੱਸ ਫਿਰ ਕੀ ਸੀ ਲੱਗੀ ਧਰਮੇ ਦੀ ਜੈ ਜੈ ਕਾਰ ਹੋਣ। ਵੇਖਦਿਆਂ ਹੀ ਵੇਖਦਿਆਂ ਧਰਮੇ ਦੀ ਭੁੱਖੀ ਭਾਣੀ ਤੇ ਗਰੀਬੀ ਦੀ ਮਾਰੀ ਲਾਸ਼ ਨੂੰ ਰਾਜ ਦੇ ਕੱਟੜ ਤੇ ਧਾਰਮਿਕ ਲੋਕਾਂ ਨੇ ਇਕ ਗੱਡੀ ਵਿਚ ਸਵਾਰ ਕੇ ਰੱਖਿਆ ਤੇ ਜਲੂਸ ਦੀ ਸ਼ਕਲ ਵਿਚ ਲੈ ਤੁਰੇ ਗੰਦੀ ਬਸਤੀ ਵੱਲ ਨੂੰ। ਲੋਕੀ ਹੈਰਾਨ ਸਨ ਕਿ ਅੱਜ ਸਾਫ ਸੁਥਰੇ ਤੇ ਚਿੱਟੇ ਕੱਪੜਿਆਂ ਵਾਲੇ ਧਾਰਮਿਕ ਦਿਸਦੇ ਲੋਕ ਗੰਦੀ ਬਸਤੀ ਵੱਲ ਨੂੰ ਕੀ ਕਰਨ ਜਾ ਰਹੇ ਹਨ। ਧਰਮੇ ਦੀ ਝੁੱਗੀ ਕੋਲ ਜਾ ਕੇ ਜਲੂਸ ਰੁਕਿਆ ਤੇ ਧਰਮੇ ਦੀ ਲਾਸ਼ ਨੂੰ ਬੜੇ ਸਤਿਕਾਰ ਨਾਲ ਗੱਡੀ ਵਿਚੋਂ ਉਤਾਰ ਕੇ ਦਰਸ਼ਨਾਂ ਲਈ ਰੱਖ ਦਿੱਤਾ। ਧਰਮੇ ਦੀ ਬੁੱਢੀ ਮਾਂ ਦੌੜੀ ਆਈ ਤੇ ਲੱਗੀ ਕੀਰਨੇ ਪਾਉਣ ਪਰ ਇਕ ਨੇਤਾ ਬੋਲਿਆ ਮਾਤਾ ਜੀ ਰੋਵੋ ਨਾ, ਧਰਮਾ ਮਰਿਆ ਨਹੀਂ ਆਪਣੇ ਧਰਮ ਦੀ ਖਾਤਰ ਸ਼ਹੀਦ ਹੋਇਆ ਹੈ ਅਤੇ ਕੌਮ ਹੁਣ ਧਰਮੇ ਦੀ ਸ਼ਹਾਦਤ ਨੂੰ ਅਜਾਈਂ ਨਹੀਂ ਜਾਣ ਦੇਵੇਗੀ। ਧਰਮਾ ਹੁਣ ਕੌਮ ਦਾ ਸਰਮਾਇਆ ਹੈ ਅਤੇ ਅਸੀਂ ਇਸਦੇ ਵਾਰ ਸ ਹਾਂ। ਵੇਖਦੇ ਹੀ ਵੇਖਦਿਆਂ ਕੌਮ ਦੇ ਲੀਡਰਾਂ ਦੀਆਂ ਗੱਡੀਆਂ ਦੇ ਹੂਟਰ ਗੂੰਜਣ ਲੱਗ ਪਏ ਤੇ ਧਰਮ ਅਤੇ ਸਮਾਜ ਦੇ ਰਖਵਾਲੇ ਖੁੰਭਾਂ ਵਾਂਗ ਪ੍ਰਗਟ ਹੋਏ ਦਿਖਾਈ ਦੇਣ ਲੱਗੇ। ਇਕ ਨੇਤਾ ਦੀ ਆਵਾਜ਼ ਗੂੰਜੀ ਕਿ ਰਾਜ ਦੇ ਮੁੱਖ ਮੰਤਰੀ ਸਾਹਿਬ ਜੀ ਆਪਣੇ ਸਾਰੇ ਰੁਝੇਵੇਂ ਛੱਡ ਕੇ ਧਰਮੇ ਦੇ ਸਸਕਾਰ ਤੇ ਆਪ ਪਹੁੰਚ ਰਹੇ ਹਨ ਅਤੇ ਸਸਕਾਰ ਵੀ ਇਸੇ ਬਸਤੀ ਵਿਚ ਕੀਤਾ ਜਾਵੇਗਾ। ਇਹ ਮਾਣਯੋਗ ਮੁੱਖ ਮੰਤਰੀ ਜੀ ਦਾ ਆਦੇਸ਼ ਹੈ। ਧਰਮੇ ਦੀ ਮਾਂ ਤੇ ਨਿੱਕੇ ਨਿੱਕੇ ਬੱਚੇ ਸਣੇ ਸਾਰੀ ਬਸਤੀ ਦੇ ਇਕ ਦੂਜੇ ਵੱਲ ਵੇਖ ਰਹੇ ਸਨ ਕਿ ਇਹ ਲੋਕ ਕੌਣ ਹਨ ਤੇ ਕਿੱਥੋਂ ਆਏ ਹਨ ਪਰ ਪਤਾ ਕਿਸੇ ਨੂੰ ਕੁਝ ਨਾ ਲੱਗਿਆ। ਧਰਮੇ ਦੀ ਚਿਖਾ ਨੂੰ ਲੀਡਰ ਲੋਕ ਆਪਣੇ ਹੱਥਾਂ ਨਾਲ ਤਿਆਰ ਕਰ ਰਹੇ ਸਨ। ਕੁਝ ਲੀਡਰ ਧਰਮੇ ਨੂੰ ਦਹੀਂ ਨਾਲ ਇਸ਼ਨਾਨ ਕਰਵਾ ਰਹੇ ਸਨ ਤੇ ਕੁਝ 'ਧਰਮਾ ਅਮਰ ਰਹੇ' ਦੇ ਨਾਅਰੇ ਲਾ ਰਹੇ ਸਨ। ਜਿਸ ਧਰਮੇ ਨੂੰ ਜਿਉਂਦੇ ਜੀਅ ਰੱਜ ਕੇ ਰੋਟੀ ਨਸੀਬ ਨਾ ਹੋਈ, ਅੱਜ ਉਹਦੀ ਚੰਦਨ ਦੀ ਚਿਖਾ ਤਿਆਰ ਕੀਤੀ ਗਈ ਤੇ ਧਰਮੇ ਨੂੰ ਕੀਮਤੀ ਦੁਸ਼ਾਲਿਆਂ ਵਿਚ ਲਪੇਟਿਆ ਗਿਆ।

ਸ਼ਹਿਰ ਦੇ ਚਾਰੇ ਪਾਸਿਉਂ ਧੜਾਧੜ ਤੇ ਬੇਸ਼ੁਮਾਰ ਸੰਗਤਾਂ ਆ ਰਹੀਆਂ ਸਨ ਕਿ ਰਾਜ ਦੇ ਮੁੱਖ ਮੰਤਰੀ ਵੀ ਸਰਕਾਰੀ ਅਮਲੇ ਨਾਲ ਆ ਪਹੁੰਚੇ, ਇਕ ਵੱਡਾ ਸਾਰਾ ਫੁੱਲਾਂ ਦਾ ਹਾਰ ਧਰਮੇ ਦੀ ਦੇਹ ਤੇ ਚੜ੍ਹਾ ਕੇ ਮੱਥਾ ਟੇਕਿਆ ਤੇ ਸਰੀਰ ਨੂੰ ਅਗਨੀ ਭੇਂਟ ਕਰ ਦਿੱਤਾ। ਉਧਰ ਨਾਲ ਹੀ ਸੰਗਤਾਂ ਸ਼ਰਧ-ਾਂਜਲੀ ਸਮਾਰੋਹ ਲਈ ਵੀ ਉਤਾਵਲੀਆਂ ਸਨ ਤੇ ਮੁੱਖ ਮੰਤਰੀ ਜੀ ਦੇ ਵਿਚਾਰ ਸੁਣਨ ਲਈ ਬੇਤਾਬ ਸਨ। ਮੁੱਖ ਮੰਤਰੀ ਜੀ ਨੇ ਸਟੇਜ ਤੇ ਆਉਂਦੇ ਹੀ ਗਿੱਲੀਆਂ ਅੱਖਾਂ ਨਾਲ ਇਹ ਸ਼ਬਦ ਬੋਲੇ ਕਿ ਸਾਡੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਅੱਜ ਤੋਂ ਧਰਮੇ ਦੇ ਨਾਮ ਨਾਲ ਕੌਮੀ ਸ਼ਹੀਦ ਸ਼ਬਦ ਦੀ ਉਪਾਧੀ ਲਗਾਈ ਜਾਵੇਗੀ ਤੇ ਸਾਰੀ ਕੌਮ ਉਹਨਾਂ ਨੂੰ ਸ਼ਹੀਦ ਧਰਮਾ ਜੀ ਆਖ ਕੇ ਯਾਦ ਕਰਿਆ ਕਰੇਗੀ ਤੇ ਨਾਲ ਹੀ ਐਲਾਨ ਕੀਤਾ ਜਾਂਦਾ ਹੈ ਕਿ ਸਰਕਾਰ ਇਸ ਸਤੀ ਵਿਚ ਸ਼ਹੀਦ ਧਰਮ ਦੇ ਨਾਮ ਤੇ ਯਾਦਗਾਰ ਬਣਾਵੇਗੀ, ਜਿਸਦਾ ਕੰਮ ਅਗਲੇ ਥੋੜ੍ਹੇ ਦਿਨਾਂ ਵਿਚ ਹੀ ਸ਼ੁਰੂ ਹੋ ਜਾਵੇਗਾ। ਐਲਾਨ ਸੁਣਦੇ ਹੀ ਸਾਰ ਮੁੱਖ ਮੰਤਰੀ ਜ਼ਿੰਦਾਬਾਦ ਤੇ ਕੌਮੀ ਸ਼ਹੀਦ ਧਰਮਾ ਅਮਰ ਰਹੇ ਦੇ ਨਾਂ ਤੇ ਨਾਅਰਿਆਂ ਨਾਲ ਅਸਮਾਨ ਗੂੰਜ ਉਠਿਆ।

ਪਲਾਂ ਵਿਚ ਹੀ ਸਾਰੇ ਲੋਕ ਉਥੋਂ ਜਾ ਚੁੱਕੇ ਸਨ ਪਰ ਧਰਮੇ ਦੀ ਮਾਂ ਅਤੇ ਯਤੀਮ ਹੋਏ ਬੱਚੇ ਧਰਮੇ ਦੇ ਸਿਵੇ ਵੱਲ ਬਿਟ ਬਿਟ ਵੇਖ ਰਹੇ ਸਨ।

-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ
916-687-3536

# ਜ਼ਿੰਦਗੀ

**- ਦਲਵੀਰ 'ਦਿਲ' ਨਿੱਜਰ**



ਜ਼ਿੰਦਗੀ ਨਾ ਆਈ ਸਾਨੂੰ ਰਾਸ ਦੋਸਤੋ
ਮੌਤ ਉੱਤੇ ਆਖਰੀ ਹੈ ਆਸ ਦੋਸਤੋ
ਸਾਗਰਾਂ ਸਮੁੰਦਰਾਂ ਨਦੀਆਂ ਤੇ ਨਹਿਰਾਂ ਤੋਂ
ਬੁਝੀ ਨਾ ਜੋ ਹੋਠਾਂ ਵਾਲੀ ਪਿਆਸ ਦੋਸਤੋਂ
ਜ਼ਿੰਦਗੀ ਦਾ ਪੰਧ ਭਾਵੇਂ, ਹੌਲੀ ਹੌਲੀ ਮੁੱਕਿਆ
ਜ਼ਿੰਦਗੀ ਦੀ ਕਈ ਵਾਰੀ, ਮੁੱਕੀ ਆਸ ਦੋਸਤੋ
ਬੇਹੱਦ ਹੁਸ਼ੀਨ ਚਿਹਰਾ ਆਇਆ ਜਦ ਸਾਹਮਣੇ
ਬਣ ਗਿਆ ਕੰਮਬਖ਼ਤ ਦਿਲ, ਲਾਸ਼ ਦੋਸਤੋ
ਕਾਫ਼ਲੇ ਵੀ ਭਾਵੇਂ ਕਈ ਦੂਰੋਂ ਦੂਰੋਂ ਲੰਘ ਗਏ
ਰੁਕਿਆ ਨਾ ਕੋਈ ਨਾ ਆਇਆਂ ਪਾਸ ਦੋਸਤੋ
ਔਖੇ ਦਿਨਾਂ ਵਿੱਚ ਜਿਹੜਾ ਬਣਿਆ ਸੀ ਸਾਥੀ
ਲੋਕੀਂ ਉਹਨੂੰ ਕਹਿੰਦੇ ਨੇ ਸ਼ਰਾਬ ਦੋਸਤੋ
ਦਿਲ ਦਿਆਂ ਜ਼ਖ਼ਮਾਂ ਤੇ ਮਲ੍ਹਮਾਂ ਲਗਾਉਂਦੇ ਜੋ
ਰਾਤੋਂ ਪਹਿਲਾਂ ਕਰਦੇ ਹਿਸਾਬ ਦੋਸਤੋ
ਲੋਕਾਂ ਦੀਆਂ ਨਜ਼ਰਾਂ ਤੋਂ ਕਿਦਾਂ ਬਚ ਜਾਵੇਗਾ
ਰਾਤਾਂ ਨੂੰ ਵੀ ਲੈਦੇਂ ਇਹ ਪਛਾਣ ਦੋਸਤੋ
ਕਾਜ਼ੀ ਤੇ ਕਸਾਈ 'ਦਿਲਾ' ਇੱਕ ਹੀ ਹੋ ਗਏ
ਰਲ ਮਿਲ ਕਰਦੇ ਨੇ ਹਲਾਲ ਦੋਸਤੋ
ਜ਼ਿੰਦਗੀ ਨਾ ਆਈ ਸਾਨੂੰ ਰਾਸ ਦੋਸਤੋ
ਮੌਤ ਉੱਤੇ ਆਖਰੀ ਹੈ ਆਸ ਦੋਸਤੋ

# ਮਾਡਰਨ ਮਿਰਜ਼ੇ !

**-ਤਰਲੋਚਨ ਸਿੰਘ 'ਦੁਪਾਲ ਪੁਰ'**

ਮਾਪੇ ਧੀਆਂ ਦੇ ਹੋਏ ਭੈਅ-ਭੀਤ ਫਿਰਦੇ

'ਪਹੁੰਚ' ਦੇਖ ਕੇ ਭੂਤਰੇ ਸੰਢਿਆਂ ਦੀ।

ਗੁੱਝੀ ਹੁੰਦੀ ਏ ਲੋਕ ਸਭ ਜਾਣਦੇ ਨੇ

ਮਿਲੀ ਭੁਗਤ ਸਿਆਸੀ ਹਥ-ਕੰਡਿਆਂ ਦੀ।

ਆਵੇ ਰਤਾ ਵੀ ਸ਼ਰਮ ਨਾ ਫੁਕਰਿਆਂ ਨੂੰ

ਲੰਡੀ ਜੀਪ 'ਤੇ ਛਾਪੇ ਹੋਏ'ਖੰਡਿਆਂ'ਦੀ।

ਗਾਂਢਾ ਸਾਂਢਾ ਜਦ ਮੰਤਰੀ ਨਾਲ ਹੋਵੇ

ਕੀ ਔਕਾਤ ਫਿਰ ਪੁਲਿਸ ਦੇ ਡੰਡਿਆਂ ਦੀ।

ਹਾਕਮ ਅਤੇ ਮੁੰਡ੍ਹੀਰ ਨੇ ਢੀਠ ਹੋਏ

ਹਾਨੀ ਮੰਨਦੇ ਭੋਰਾ ਨਾ ਭੰਡਿਆਂ ਦੀ।

ਮਿਰਜ਼ਾ 'ਕੱਲਾ ਨੀ ਜਾਂਦਾ ਹੁਣ ਲੈਣ ਸਾਹਿਬਾਂ

ਧਾੜ ਹੁੰਦੀ ਏ ਨਾਲ ਮੁਸ਼ਟੰਡਿਆਂ ਦੀ!!

## ਸੰਪਾਦਕ ਦੀ ਡਾਕ

# ਮੈਂ ਮੈਂ, ਤੂੰ ਤੂੰ

**- ਆਰ.ਸੀ.ਪਾਲ**

ਜਨਵਰੀ 1, 2013 ਦੇ ਦੇਸ਼ ਦੁਆਬਾ ਵਿਚ ਛਪਿਆ ਸ੍ਰੀ ਤਰਲੋਚਨ ਸਿੰਘ ਦੁਪਾਲਪੁਰੀ ਵੱਲੋਂ ਲਿਖਿਆ ਹੋਇਆ ਲੇਖ 'ਜੀ ਆਇਆ ਵੀਹ ਸੌ ਤੇਰਾਂ, ਮੇਰਾ ਛੱਡ, ਅਪਣਾਈਏ ਤੇਰਾਂ' ਪੜ੍ਹਿਆ। ਤੇਗ ਸ਼ਬਦ ਕੀ ਗੁਰੂ ਨਾਨਕ ਦੇਵ ਜੀ ਨਾਲ ਜੋੜ ਕੇ ਬੜੇ ਸੁਚੱਜੇ ਢੰਗ ਨਾਲ ਉਹਨਾਂ ਨੇ ਸਮੀਖਿਆ ਕੀਤੀ ਹੈ।

ਨਾਲ ਹੀ ਮੈਂ, ਮੈਂ ਦੀ ਰੱਟ ਲਾਉਣ ਵਾਲਿਆਂ ਨੂੰ ਬੱਕਰੇ ਤੇ ਬੱਕਰੇ ਦੀ ਮਾਂ ਦਾ ਹਵਾਲਾ ਦੇ ਕੇ ਚੁਣੌਤੀ ਦਿੱਤੀ ਹੈ ਕਿ ਬੱਕਰੇ ਦੀ ਮਾਂ ਕਦ ਤੱਕ ਖੈਰ ਮਨਾਏਗੀ।

ਇਸ ਸੰਦਰਭ ਵਿਚ ਮੈਨੂੰ ਕਿਸੇ ਉਰਦੂ ਜ਼ਬਾਨ ਦੇ ਸ਼ਾਇਰ ਦੀ ਇਕ ਛੋਟੀ ਜਿਹੀ ਨਜ਼ਰ ਯਾਦ ਆਈ ਹੈ ਜੋ ਮੈਂ ਬਚਮਨੰਦ ਪੜ੍ਹੀ ਸੁਣੀ ਸੀ, ਜੋ ਇੰਝ ਹੈ:'

ਫਖ਼ਰ ਬਕਰੇ ਨੇ ਕੀਆ ਮੇਰੇ ਸਿਵਾ ਕੋਈ ਨਹੀ।
ਮੈਂ ਹੀ ਮੈਂ, ਤੂੰ ਦੁਨੀਆਂ ਹਾਂ ਦੂਸਰਾ ਕੋਈ ਨਹੀਂ
ਮੈਂ ਮੈਂ ਨਾ ਜਬ ਤਰਕ ਕੀ ਮਾਇਆ ਦੇ
ਅਸਬਾਬ ਨੇ।
ਝਟ ਸੇ ਗਰਦਨ ਪੇ ਛੁਰੀ ਫੇਰ ਦੀ ਕਸਾਬ ਨੇ
ਮਾਸ, ਹੱਡੀ, ਖ਼ੂਨ ਜੋ ਥਾ ਜਾਨੇ ਯਾਰ ਸੇ
ਕੁਛ ਪਿਸ ਗਿਆ ਕੁਛ ਲੁਟ ਗਿਆ। ਕੁਝ ਬਿਕ
ਗਿਆ ਬਾਜ਼ਾਰ ਮੇਂ।
ਰਹਿ ਗਈ ਸਿਰਫ ਤਾਂਤੇ ਮੈਂ ਮੈਂ ਸੁਨਾਨੇ ਕੇ ਲੀਏ
ਲੇ ਗਿਆ ਨਦਾਫ਼ ਉਸੇ ਧੁਨਕੀ ਬਨਾਨੇ ਕੇ ਲੀਏ।
ਜਰਬ ਮੂਸਲ ਕੀ ਪੜੀ ਤੋ ਤਾਂਤ
ਘਬਰਾਨੇ ਲਗੀ।
ਮੈਂ ਮੈਂ ਕੇ ਬਦਲੇ ਤੂੰ ਤੂੰ ਕੀ ਸਦਾ ਆਨੇ ਲਗੀ।

# ਯੂ. ਪੀ. ਸਿਰਫ਼ ਨਾਅਰਿਆਂ ਨਾਲ ਨਹੀ ਬਣੇਗਾ ਉੱਤਮ ਪ੍ਰਦੇਸ਼

ਪਿਛਲੇ ਦਿਨੀਂ ਕਈ ਮੰਚਾਂ 'ਤੇ ਉੱਤਰ ਪ੍ਰਦੇਸ਼ ਦੇ ਨੌਜਵਾਨ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਵਾਰ-ਵਾਰ ਦੁਹਰਾਇਆ ਹੈ ਕਿ ਉਹ ਉੱਤਰ ਪ੍ਰਦੇਸ਼ ਨੂੰ 'ਉੱਤਮ ਪ੍ਰਦੇਸ਼' ਬਣਾਉਣਾ ਚਾਹੁੰਦੇ ਹਨ ਪਰ ਕੀ ਸਿਰਫ਼ ਨਾਅਰਿਆਂ ਨਾਲ ਅਜਿਹਾ ਹੋਣਾ ਸੰਭਵ ਹੈ? ਉੱਤਰ ਪ੍ਰਦੇਸ਼ (ਯੂ. ਪੀ.) ਦਾ ਪ੍ਰਸ਼ਾਸਨਿਕ ਤੰਤਰ ਪਿਛਲੇ ਦੋ ਦਹਾਕਿਆਂ 'ਚ ਬੁਰੀ ਤਰ੍ਹਾਂ ਲੜਖੜਾ ਗਿਆ ਸੀ, ਜਿਸ ਨੂੰ ਮਾਇਆਵਤੀ ਨੇ ਆਪਣੇ ਡੰਡੇ ਦੇ ਜ਼ੋਰ ਨਾਲ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸੂਬੇ ਦੀ ਨੌਕਰਸ਼ਾਹੀ ਮਾਇਆਵਤੀ ਅੱਗੇ ਥਰ-ਥਰ ਕੰਬਦੀ ਸੀ। ਇਸ ਦਾ ਮਾਇਆਵਤੀ ਨੇ ਪੂਰਾ ਲਾਭ ਉਠਾਇਆ। ਆਪਣੀਆਂ ਖਾਹਿਸ਼ੀ ਯੋਜਨਾਵਾਂ ਨੂੰ ਉਨ੍ਹਾਂ ਨੇ ਡੰਡੇ ਦੇ ਜ਼ੋਰ 'ਤੇ ਸਮਾਂਬੱਧ ਤਰੀਕੇ ਨਾਲ ਪੂਰਾ ਕਰਵਾਇਆ। ਫਿਰ ਚਾਹੇ ਉਹ ਅੰਬੇਦਕਰ ਪਾਰਕ ਹੋਵੇ, ਕਾਂਸ਼ੀਰਾਮ ਪਾਰਕ ਹੋਵੇ ਜਾਂ ਉਨ੍ਹਾਂ ਦੀਆਂ ਹੋਰ ਵਿਚਾਰਕ ਯੋਜਨਾਵਾਂ ਪਰ ਇਸ ਦਾ ਬਹੁਤਾ ਲਾਭ ਆਮ ਜਨਤਾ ਨੂੰ ਨਹੀਂ ਮਿਲਿਆ ਕਿਉਂਕਿ ਨੌਕਰਸ਼ਾਹੀ ਸਿਰਫ਼ ਉਨ੍ਹਾਂ ਹੀ ਪ੍ਰੋਗਰਾਮਾਂ ਨੂੰ ਤਰਜੀਹ ਦਿੰਦੀ ਸੀ, ਜਿਨ੍ਹਾਂ 'ਤੇ ਮਾਇਆਵਤੀ ਦੀ ਨਜ਼ਰ ਸੀ।

ਜਦੋਂ ਤੋਂ ਅਖਿਲੇਸ਼ ਯਾਦਵ ਨੇ ਸੱਤਾ ਸੰਭਾਲੀ ਹੈ, ਉਦੋਂ ਤੋਂ ਸਥਿਤੀ ਬਦਲ ਗਈ ਹੈ। ਨਵੇਂ ਵਿਚਾਰਾਂ ਵਾਲੇ, ਊਰਜਾਵਾਨ ਅਤੇ ਨੌਜਵਾਨ ਅਖਿਲੇਸ਼ ਯਾਦਵ ਨੇ ਪ੍ਰਸ਼ਾਸਨਿਕ ਤੰਤਰ ਨੂੰ ਸ਼ੁਰੂ 'ਚ ਹੀ ਡਰ ਮੁਕਤ ਕਰ ਦਿੱਤਾ। ਉਨ੍ਹਾਂ ਦਾ ਉਦੇਸ਼ ਰਿਹਾ ਹੋਵੇਗਾ ਕਿ ਅਜਿਹਾ ਕਰਨ ਨਾਲ ਸਮਰੱਥ ਅਧਿਕਾਰੀ ਆਜ਼ਾਦੀ ਨਾਲ ਫ਼ੈਸਲਾ ਲੈ ਸਕਣਗੇ ਪਰ ਅਜੇ ਤਕ ਇਸ ਦੇ ਲੋੜੀਂਦੇ ਨਤੀਜੇ ਸਾਹਮਣੇ ਨਹੀਂ ਆਏ ਹਨ।

ਇਕ ਤਾਂ ਉਂਝ ਹੀ ਯੂ. ਪੀ. 'ਚ ਸਾਧਨਾਂ ਦੀ ਘਾਟ ਹੈ ਤੇ ਦੂਜਾ, ਪ੍ਰਸ਼ਾਸਨਿਕ ਤੰਤਰ ਹੁਣ ਹਰ ਤਰ੍ਹਾਂ ਦੇ ਕੰਟਰੋਲ ਅਤੇ ਜਵਾਬਦੇਹੀ ਤੋਂ ਮੁਕਤ ਹੈ। ਤੀਜਾ, ਯੂ. ਪੀ. 'ਚ ਸੱਤਾ ਦੇ ਚਾਰ ਕੇਂਦਰ ਹਨ, ਜਿਸ ਦੇ ਸਿੱਟੇ ਵਜੋਂ ਨੌਕਰਸ਼ਾਹੀ ਕਿਸੇ ਇਕ ਕੇਂਦਰ ਦੀ ਪਨਾਹ ਲੈ ਕੇ ਬਾਕੀਆਂ ਨੂੰ ਅੰਗੂਠਾ ਦਿਖਾ ਦਿੰਦੀ ਹੈ। ਅਜਿਹੀ ਸਥਿਤੀ 'ਚ ਕਿਵੇਂ ਬਣੇਗਾ 'ਉੱਤਮ ਪ੍ਰਦੇਸ਼'?

ਸੋਮਿਆਂ ਦੀ ਘਾਟ ਦੂਰ ਕਰਨ ਲਈ ਦੋ ਤਰੀਕੇ ਹਨ। ਇਕ ਤਾਂ ਮੌਜੂਦਾ ਸੋਮਿਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਹੋਵੇ ਅਤੇ ਦੂਜਾ, ਬਾਹਰਲੇ ਸੋਮਿਆਂ ਨੂੰ ਸੱਦਿਆ ਜਾਵੇ। ਜਿਥੋਂ ਤਕ ਮੁਹੱਈਆ ਸੋਮਿਆਂ ਦੀ ਵਰਤੋਂ ਦੀ ਗੱਲ ਹੈ, ਯੂ. ਪੀ. ਦੀ ਨੌਕਰਸ਼ਾਹੀ ਸੋਮਿਆਂ ਦੀ ਦੁਰਵਰਤੋਂ ਕਰਨ ਦੇ ਮਾਮਲੇ 'ਚ ਕਿਸੇ ਤੋਂ ਘੱਟ ਨਹੀਂ, ਫਿਰ ਉਹ ਚਾਹੇ ਮਾਇਆਵਤੀ ਦਾ ਰਾਜ ਰਿਹਾ ਹੋਵੇ ਜਾਂ ਹੁਣ ਅਖਿਲੇਸ਼ ਯਾਦਵ ਦਾ। ਵਿਕਾਸ ਦੀਆਂ ਜਿੰਨੀਆਂ ਵੀ ਯੋਜਨਾਵਾਂ ਬਣ ਰਹੀਆਂ ਹਨ, ਉਨ੍ਹਾਂ ਨੂੰ ਬਣਾਉਣ ਵਾਲੀ ਉਹ ਹੇਠਲੇ ਪੱਧਰ ਦੀ ਨੌਕਰਸ਼ਾਹੀ ਹੈ, ਜਿਸ ਨੂੰ ਨਾ ਤਾਂ ਸਥਾਨਕ ਮੁੱਦਿਆਂ ਦੀ ਸਮਝ ਹੈ, ਨਾ ਉਸ ਕੋਲ ਆਧੁਨਿਕ ਗਿਆਨ ਤੇ ਨਜ਼ਰੀਆ ਹੈ ਅਤੇ ਨਾ ਹੀ ਕੁਝ ਚੰਗਾ ਕਰਕੇ ਦਿਖਾਉਣ ਦੀ ਇੱਛਾ।



ਹੁੰਦਾ ਇਹ ਹੈ ਕਿ ਮੁੱਖ ਮੰਤਰੀ ਕੋਈ ਐਲਾਨ ਕਰਦੇ ਹਨ ਤਾਂ ਮੁੱਖ ਸਕੱਤਰ ਝੱਟ ਸਕੱਤਰਾਂ ਦੀ ਬੈਠਕ ਸੱਦ ਲੈਂਦੇ ਹਨ। ਸਕੱਤਰਾਂ ਨੂੰ ਟੀਚੇ ਦੇ ਦਿੱਤੇ ਜਾਂਦੇ ਹਨ ਤੇ ਉਹ ਆਪਣੇ ਮਾਤਹਿਤਾਂ ਤੋਂ ਯੋਜਨਾਵਾਂ ਬਣਵਾ ਕੇ ਅਗਲੀ ਬੈਠਕ 'ਚ ਉਨ੍ਹਾਂ ਯੋਜਨਾਵਾਂ ਨੂੰ ਪਾਸ ਕਰਵਾ ਲੈਂਦੇ ਹਨ। ਇਨ੍ਹਾਂ ਯੋਜਨਾਵਾਂ ਨੂੰ ਬਣਾਉਂਦੇ ਸਮੇਂ ਨਾ ਤਾਂ ਸਥਾਨਕ ਲੋੜਾਂ ਵੱਲ ਧਿਆਨ ਦਿੱਤਾ ਜਾਂਦਾ ਹੈ ਤੇ ਨਾ ਹੀ ਇਨ੍ਹਾਂ ਨਾਲ ਹੋਣ ਵਾਲੇ ਫਾਇਦੇ ਜਾਂ ਨੁਕਸਾਨ ਵੱਲ। ਇਕ ਲੰਮੀ ਸੂਚੀ ਹੈ, ਜਿਥੇ ਅਜਿਹੀਆਂ ਸੈਂਕੜੇ ਕਰੋੜ ਰੁਪਏ ਦੀਆਂ ਯੋਜਨਾਵਾਂ ਬਣ ਚੁੱਕੀਆਂ ਹਨ ਤੇ ਲਾਗੂ ਵੀ ਹੋ ਚੁੱਕੀਆਂ ਹਨ। ਉਨ੍ਹਾਂ 'ਚ ਸੀਮਤ ਸਾਧਨਾਂ ਦੀ ਅਥਾਹ ਬਰਬਾਦੀ ਹੋ ਰਹੀ ਹੈ, ਫਿਰ ਉਹ ਚਾਹੇ ਸੈਰ-ਸਪਾਟਾ ਵਿਭਾਗ ਦੀਆਂ ਯੋਜਨਾਵਾਂ ਹੋਣ, ਨਗਰ ਵਿਕਾਸ ਦੀਆਂ ਹੋਣ, ਦਿਹਾਤੀ ਵਿਕਾਸ ਦੀਆਂ ਹੋਣ ਜਾਂ ਸੜਕ ਵਿਭਾਗ ਦੀਆਂ। ਸਾਰੀਆਂ ਯੋਜਨਾਵਾਂ 'ਚ ਮੂਲ ਭਾਵਨਾ ਇਹੋ ਹੁੰਦੀ ਹੈ ਕਿ ਕਿਹੜੀ ਯੋਜਨਾ 'ਚ ਵੱਧ ਤੋਂ ਵੱਧ ਕਿੰਨਾ ਮਾਲ ਉਡਾਇਆ ਜਾ ਸਕਦਾ ਹੈ।

ਜਿਵੇਂ ਅਸੀਂ ਪਹਿਲਾਂ ਵੀ ਕਿਹਾ ਹੈ, ਪੂਰੀ ਸਖ਼ਤੀ ਦੇ ਬਾਵਜੂਦ ਮਾਇਆਵਤੀ ਦੀ ਸਰਕਾਰ ਇਸ ਮਾੜੇ ਰੁਝਾਨ 'ਤੇ ਕੋਈ ਰੋਕ ਨਹੀਂ ਲਗਾ ਸਕੀ ਸੀ ਤੇ ਹੁਣ ਇੱਧਰ ਅਖਿਲੇਸ਼ ਯਾਦਵ ਦੀ ਸਰਕਾਰ ਵੀ ਅਜਿਹੀ ਮਾਨਸਿਕਤਾ ਨਾਲ ਨਜਿੱਠਣ 'ਚ ਨਾਕਾਮ ਰਹੀ ਹੈ। ਖ਼ੁਦ ਮੁੱਖ ਮੰਤਰੀ ਦੇ ਅਧੀਨ ਆਉਂਦੇ ਵਿਭਾਗਾਂ 'ਚ ਵੀ ਅਜਿਹੀਆਂ ਯੋਜਨਾਵਾਂ ਲਈ ਧਨ ਅਲਾਟ ਹੋ ਰਿਹਾ ਹੈ, ਜਿਨ੍ਹਾਂ ਤੋਂ ਜਨਤਾ ਨੂੰ ਕੋਈ ਲਾਭ ਨਹੀਂ ਮਿਲਣ ਵਾਲਾ ਪਰ ਵਿਚਾਰੇ ਅਖਿਲੇਸ਼ ਯਾਦਵ ਸ਼ਾਇਦ ਇਸ ਸਭ ਤੋਂ ਅਣਜਾਣ ਹਨ ਜਾਂ ਉਨ੍ਹਾਂ ਨੇ ਬਾਕੀ ਸੱਤਾ ਕੇਂਦਰਾਂ ਅੱਗੇ ਹਥਿਆਰ ਸੁੱਟ ਦਿੱਤੇ ਹਨ। ਦੋਹਾਂ ਹੀ ਸਥਿਤੀਆਂ 'ਚ ਖਮਿਆਜ਼ਾ ਤਾਂ ਸੂਬੇ ਦੇ ਲੋਕਾਂ ਨੂੰ ਹੀ ਭੁਗਤਣਾ ਪੈ ਰਿਹਾ ਹੈ। ਦੇਖਦੇ-ਦੇਖਦੇ ਇੰਝ ਹੀ 5 ਵਰ੍ਹੇ ਬੀਤ ਜਾਣਗੇ ਅਤੇ ਜੇ ਇਹੋ ਹਾਲ ਰਿਹਾ ਤਾਂ ਸਾਰੇ ਵੱਡੇ ਦਾਅਵਿਆਂ ਦੇ ਬਾਵਜੂਦ ਉੱਤਰ ਪ੍ਰਦੇਸ਼ 'ਉੱਤਮ ਪ੍ਰਦੇਸ਼' ਨਹੀਂ ਬਣ ਸਕੇਗਾ? ਸਾਧਨਾਂ ਦੀ ਘਾਟ ਦੂਰ ਕਰਨ ਦਾ ਇਕ ਹੋਰ ਤਰੀਕਾ ਹੈ ਨਿਵੇਸ਼ ਨੂੰ ਬਾਹਰੋਂ ਆਕਰਸ਼ਿਤ ਕਰਨਾ। ਬਾਹਰ, ਭਾਵ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਜਾਂ ਵਿਦੇਸ਼ਾਂ ਤੋਂ।



ਵਿਦੇਸ਼ੀ ਨਿਵੇਸ਼ ਤਾਂ ਯੂ. ਪੀ. 'ਚ ਆਉਣੋਂ ਰਿਹਾ ਕਿਉਂਕਿ ਵਿਦੇਸ਼ੀਆਂ ਨੂੰ ਯੂ. ਪੀ. ਦੇ ਸਿਆਸੀ ਹਾਲਾਤ ਰਾਸ ਨਹੀਂ ਆਉਂਦੇ ਤੇ ਦੇਸੀ ਉਦਯੋਗਪਤੀ ਵੀ ਯੂ. ਪੀ. 'ਚ ਨਿਵੇਸ਼ ਕਰਨ ਤੋਂ ਝਿਜਕਦੇ ਹਨ।

ਜਦਕਿ ਦੂਜੇ ਪਾਸੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ 'ਵਾਈਬ੍ਰੈਂਟ ਗੁਜਰਾਤ' ਦਾ ਨਾਅਰਾ ਦਿੰਦੇ ਹਨ ਤਾਂ ਵੱਡੇ-ਵੱਡੇ ਨਿਵੇਸ਼ਕ ਦੌੜੇ ਆਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਮੋਦੀ ਦੀ ਪ੍ਰਸ਼ਾਸਨਿਕ ਵਿਵਸਥਾ 'ਤੇ ਭਰੋਸਾ ਹੈ। ਨਰਿੰਦਰ ਮੋਦੀ ਨੇ ਆਪਣੇ ਪ੍ਰਸ਼ਾਸਨਿਕ ਤੰਤਰ ਅਤੇ ਅਫ਼ਸਰਸ਼ਾਹੀ ਨੂੰ ਪਾਰਦਰਸ਼ੀ ਤੇ ਲੋਕਾਂ ਪ੍ਰਤੀ ਜੁਆਬਦੇਹ ਬਣਾਇਆ ਹੋਇਆ ਹੈ। ਅਖਿਲੇਸ਼ ਯਾਦਵ ਨੂੰ ਵੀ ਉਨ੍ਹਾਂ ਵਾਲਾ ਇਹ ਗੁਰ ਸਿੱਖਣਾ ਪਵੇਗਾ ਤਾਂ ਕਿ ਉਹ ਵੀ ਆਪਣੇ ਪ੍ਰਸ਼ਾਸਨ 'ਤੇ ਪਕੜ ਮਜ਼ਬੂਤ ਬਣਾ ਸਕਣ ਅਤੇ ਉਸ ਨੂੰ ਜਨਤਾ ਪ੍ਰਤੀ ਜੁਆਬਦੇਹ ਬਣਾ ਸਕਣ। ਅਜਿਹਾ ਨਾ ਕਰ ਸਕਣ ਦੀ ਸਥਿਤੀ 'ਚ ਦੇਸੀ ਨਿਵੇਸ਼ਕ ਵੀ ਉਨ੍ਹਾਂ ਦੇ ਸੱਦੇ ਨੂੰ ਗੰਭੀਰਤਾ ਨਾਲ ਨਹੀਂ ਲੈਣਗੇ। ਫਿਰ ਯੂ. ਪੀ. ਕਿਵੇਂ ਬਣੇਗਾ 'ਉੱਤਮ ਪ੍ਰਦੇਸ਼'? ਸਾਰਾ ਦੋਸ਼ ਪ੍ਰਸ਼ਾਸਨ ਦਾ ਹੀ ਨਹੀਂ, ਯੂ. ਪੀ. ਦੇ ਲੋਕਾਂ ਦਾ ਵੀ ਹੈ। ਇਥੋਂ ਦੇ ਲੋਕ ਜਾਤ ਅਤੇ ਧਰਮ 'ਚ ਵੰਡੇ ਹੋਏ ਹਨ। ਇਸ ਲਈ ਅਖਿਲੇਸ਼ ਯਾਦਵ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਚੋਣ ਪ੍ਰਚਾਰ 'ਚ ਜਿਸ ਤਰ੍ਹਾਂ ਅਖਿਲੇਸ਼ ਨੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ, ਜੇ ਇਸੇ ਤਰ੍ਹਾਂ ਆਪਣੇ ਪ੍ਰਸ਼ਾਸਨਿਕ ਤੰਤਰ ਨੂੰ ਪਾਰਦਰਸ਼ੀ ਅਤੇ ਲੋਕਾਂ ਪ੍ਰਤੀ ਜੁਆਬਦੇਹ ਬਣਾਉਂਦੇ ਹਨ, ਵਿਕਾਸ ਯੋਜਨਾਵਾਂ ਨੂੰ ਅਸਲੀਅਤ ਦੇ ਧਰਾਤਲ 'ਤੇ ਪਰਖਣ ਤੋਂ ਬਾਅਦ ਹੀ ਲਾਗੂ ਕਰਨ ਦੀ ਇਜਾਜ਼ਤ ਦਿੰਦੇ ਹਨ, ਸੂਬੇ ਦੇ ਨੌਜਵਾਨਾਂ ਨੂੰ ਦਲਾਲੀ ਤੋਂ ਬਚ ਕੇ ਸ਼ਾਸਨ ਨੂੰ ਜੁਆਬਦੇਹ ਬਣਾਉਣ ਲਈ ਸਰਗਰਮ ਕਰਦੇ ਹਨ ਤਾਂ ਜ਼ਰੂਰ ਹੀ ਇਸ ਧਾਰਾ ਨੂੰ ਮੋੜਿਆ ਜਾ ਸਕਦਾ ਹੈ ਪਰ ਇਸ ਦੇ ਲਈ ਮਜ਼ਬੂਤ ਇੱਛਾ-ਸ਼ਕਤੀ ਦੀ ਲੋੜ ਹੋਵੇਗੀ, ਜਿਸ ਤੋਂ ਬਿਨਾਂ ਉੱਤਰ ਪ੍ਰਦੇਸ਼ 'ਉੱਤਮ ਪ੍ਰਦੇਸ਼' ਨਹੀਂ ਬਣ ਸਕਦਾ।

## ਟਕਸਾਲੀ ਅਕਾਲੀ ਆਗੂਆਂ ਦੀ ਅਹਿਮੀਅਤ ਦਾ ਬਾਦਲਾਂ ਨੂੰ ਹੁਣ ਹੋਇਆ ਅਹਿਸਾਸ

ਚੰਡੀਗੜ੍ਹ 'ਚ ਹੋਏ ਐਨ. ਆਰ. ਆਈ. ਸੰਮੇਲਨ ਤੋਂ ਬਾਅਦ ਹੁਣ ਪਿਛਲੇ ਦਿਨੀਂ ਸ੍ਰੀ ਮੁਕਤਸਰ ਸਾਹਿਬ 'ਚ ਮਾਘੀ ਮੇਲੇ 'ਤੇ ਹੋਈ ਵੱਡੀ ਸਿਆਸੀ ਕਾਨਫਰੰਸ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਪ੍ਰਗਟਾਏ ਗਏ ਵਿਚਾਰਾਂ ਅਤੇ ਟਿੱਪਣੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਹੁਣ ਉਨ੍ਹਾਂ ਨੂੰ ਅਹਿਸਾਸ ਹੋਇਆ ਹੈ ਕਿ ਪੁਰਾਣੇ ਟਕਸਾਲੀ ਆਗੂਆਂ ਤੇ ਵਰਕਰਾਂ ਨੂੰ ਪਿੱਛੇ ਛੱਡ ਕੇ ਸਿਰਫ਼ ਨਵੀਂ ਲੀਡਰਸ਼ਿਪ ਦੇ ਦਮ 'ਤੇ ਅਕਾਲੀ ਦਲ ਦੀ ਨੀਂਹ ਮਜ਼ਬੂਤ ਨਹੀਂ ਰੱਖੀ ਜਾ ਸਕਦੀ।

ਸੂਬੇ 'ਚ ਹੋਈਆਂ ਕਈ ਵੱਡੀਆਂ ਘਟਨਾਵਾਂ 'ਚ ਅਕਾਲੀ ਦਲ ਨਾਲ ਸੰਬੰਧਿਤ ਨੌਜਵਾਨਾਂ ਦੇ ਸ਼ਾਮਿਲ ਹੋਣ ਕਰਕੇ ਹੀ ਸ਼ਾਇਦ ਲੰਮੇ ਤਜਰਬੇ ਵਾਲੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਅਹਿਸਾਸ ਹੋਇਆ ਹੈ। ਮਾਘੀ ਮੇਲੇ 'ਤੇ ਤਾਂ ਉਪ-ਮੁੱਖ ਮੰਤਰੀ ਸੁਖਬੀਰ ਬਾਦਲ ਵੀ ਆਪਣੇ ਮੁੱਖ ਮੰਤਰੀ ਪਿਤਾ ਦੇ ਵਿਚਾਰਾਂ ਨਾਲ ਸਹਿਮਤ ਨਜ਼ਰ ਆਏ।

ਮੁੱਖ ਮੰਤਰੀ ਨੇ ਆਪਣੇ ਭਾਸ਼ਣ 'ਚ ਖੁੱਲ੍ਹ ਕੇ ਬੋਲਦਿਆਂ ਕਿਹਾ ਕਿ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ ਤੇ ਕੁਲਦੀਪ ਸਿੰਘ ਵਡਾਲਾ ਵਰਗੇ ਟਕਸਾਲੀ ਆਗੂਆਂ ਨੂੰ ਹਾਸ਼ੀਏ 'ਤੇ ਨਹੀਂ ਸੁੱਟਿਆ ਜਾ ਸਕਦਾ ਕਿਉਂਕਿ ਇਹ ਅਜਿਹੇ ਨੇਤਾ ਹਨ, ਜੋ ਵੱਡੇ-ਵੱਡੇ ਸੰਕਟਾਂ ਦੀ ਘੜੀ 'ਚ ਵੀ ਅਕਾਲੀ ਦਲ ਨਾਲ ਡਟੇ ਰਹੇ। ਸੁਖਬੀਰ ਬਾਦਲ ਨੇ ਵੀ ਆਪਣੇ ਪਿਤਾ ਦੀ ਹਾਂ 'ਚ ਹਾਂ ਮਿਲਾਉਂਦਿਆਂ ਕਿਹਾ ਕਿ ਆਪਣੇ ਧੋਖਾ ਦੇ ਜਾਂਦੇ ਹਨ ਪਰ ਪਾਰਟੀ ਦੇ ਪੁਰਾਣੇ ਵਫ਼ਾਦਾਰ ਵਰਕਰਾਂ ਨੇ ਕਦੇ ਧੋਖਾ ਨਹੀਂ ਦਿੱਤਾ। ਸੁਖਬੀਰ ਬਾਦਲ ਨੇ ਪੁਰਾਣੇ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਮੈਨੂੰ ਪਤਾ ਹੈ ਕਿ ਤੁਹਾਡੇ ਕੋਲ ਮੇਰੇ ਪਿਤਾ (ਸ. ਪ੍ਰਕਾਸ਼ ਸਿੰਘ ਬਾਦਲ) ਨਾਲ ਤੁਹਾਡੀਆਂ ਖਿੱਚੀਆਂ ਹੋਈਆਂ ਪੁਰਾਣੀਆਂ ਫੋਟੋਆਂ ਹਨ। ਮੈਂ ਚਾਹੁੰਦਾ ਹਾਂ ਕਿ ਤੁਸੀਂ ਉਹ ਫੋਟੋਆਂ ਲਿਆ ਕੇ ਮੈਨੂੰ ਦਿਓ ਤੇ ਮੈਂ ਉਨ੍ਹਾਂ ਨੂੰ ਆਪਣੇ ਪਿੰਡ ਵਾਲੇ ਮਕਾਨ ਦੇ ਕਮਰੇ 'ਚ ਲਗਾਵਾਂਗਾ, ਬੇਸ਼ੱਕ ਸਾਰੀਆਂ ਕੰਧਾਂ ਭਰ ਜਾਣ। ਇਸ ਨਾਲ ਨਵੇਂ ਅਕਾਲੀਆਂ ਨੂੰ ਪ੍ਰੇਰਨਾ ਮਿਲੇਗੀ।"

ਬਾਦਲਾਂ ਦੇ ਇਨ੍ਹਾਂ ਵਿਚਾਰਾਂ ਤੋਂ ਬਾਅਦ ਟਕਸਾਲੀ ਆਗੂਆਂ ਦਾ ਉਤਸ਼ਾਹ ਵਧਿਆ ਤੇ ਪਾਰਟੀ ਪ੍ਰੋਗਰਾਮਾਂ 'ਚ ਵੀ ਉਨ੍ਹਾਂ ਦੀ ਗਿਣਤੀ ਜ਼ਿਆਦਾ ਨਜ਼ਰ ਆਉਣ ਲੱਗੀ ਹੈ।

'ਸੁਖਬੀਰ ਸਾਰਾ ਬੋਝ ਚੁੱਕੇ ਤਾਂ ਮੈਂ ਵੀ ਛੁੱਟੀ ਕਰਾਂ'

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਜੋ ਪਿਛਲੇ ਕਈ ਵਰ੍ਹਿਆਂ 'ਚ ਭਾਰੀ ਯਤਨਾਂ ਦੇ ਬਾਵਜੂਦ ਕਦੇ ਨਹੀਂ ਮੰਨੇ ਕਿ ਉਹ ਆਪਣਾ ਅਹੁਦਾ ਛੱਡ ਕੇ ਸੁਖਬੀਰ ਦੇ ਹਵਾਲੇ ਕਰ ਦੇਣਗੇ ਅਤੇ ਮੀਡੀਆ ਵਲੋਂ ਸਵਾਲ ਪੁੱਛੇ ਜਾਣ 'ਤੇ ਵੀ ਉਹ ਇਹੋ ਜਵਾਬ ਦਿੰਦੇ ਸਨ ਕਿ "ਮੈਂ ਤਾਂ ਅਜੇ ਜਵਾਨ ਹਾਂ, ਅਹੁਦਾ ਕਿਉਂ ਛੱਡਾਂ।"

ਪਰ ਇਸ ਵਾਰ ਮਾਘੀ ਮੇਲੇ ਦੇ ਮੌਕੇ 'ਤੇ ਉਨ੍ਹਾਂ ਨੇ ਪਹਿਲੀ ਵਾਰ ਹਜ਼ਾਰਾਂ ਅਕਾਲੀ ਵਰਕਰਾਂ ਤੇ ਹੋਰਨਾਂ ਲੋਕਾਂ ਦੀ ਮੌਜੂਦਗੀ 'ਚ ਸਪੱਸ਼ਟ ਸੰਕੇਤ ਦੇ ਦਿੱਤਾ ਕਿ ਉਹ ਭਵਿੱਖ 'ਚ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣ ਲਈ ਤਿਆਰ ਹਨ। ਸ. ਬਾਦਲ ਨੇ ਆਪਣੇ ਹੀ ਅੰਦਾਜ਼ 'ਚ ਗੱਲ ਕਰਦਿਆਂ ਕਿਹਾ ਕਿ "ਮੈਂ ਸਿਰਫ਼ ਇਸ ਲਈ ਖੁਸ਼ ਨਹੀਂ ਹਾਂ ਕਿ ਮੇਰੇ ਬੇਟੇ ਨੇ ਤਰੱਕੀ ਕੀਤੀ ਹੈ, ਮੈਨੂੰ ਇਸ ਗੱਲ ਦੀ ਦਿਲੋਂ ਖੁਸ਼ੀ ਹੈ ਕਿ ਉਸ ਦੀ ਯੋਜਨਾਬੱਧ ਸਿਆਸੀ ਯੁੱਧ-ਨੀਤੀ ਨਾਲ ਹੀ ਅਕਾਲੀ-ਭਾਜਪਾ ਗੱਠਜੋੜ ਨੇ ਲਗਾਤਾਰ ਦੂਜੀ ਵਾਰ ਸੱਤਾ 'ਚ ਆ ਕੇ ਇਤਿਹਾਸ ਰਚਿਆ ਹੈ। ਇਸ ਸਮੇਂ ਸਾਰਾ ਬੋਝ ਮੇਰੇ 'ਤੇ ਹੈ ਪਰ ਮੈਂ ਹੁਣ ਹੌਲੀ-ਹੌਲੀ ਇਹ ਬੋਝ ਸੁਖਬੀਰ ਦੇ ਮੋਢਿਆਂ 'ਤੇ ਪਾ ਰਿਹਾ ਹਾਂ। ਮੇਰੀ ਤਾਂ ਹੁਣ ਇਹੋ ਇੱਛਾ ਹੈ ਕਿ ਸਾਰਾ ਬੋਝ ਸੁਖਬੀਰ ਹੀ ਚੁੱਕ ਲਵੇ ਤਾਂ ਮੈਂ ਵੀ ਛੁੱਟੀ ਕਰਾਂ।

*ਅਮਰਿੰਦਰ ਨਿਕਲਿਆ ਜਗਮੀਤ ਤੋਂ ਵੀ ਵੱਡਾ ਗੱਪੀ*

ਮਾਘੀ ਮੇਲੇ 'ਤੇ ਹੋਈ ਅਕਾਲੀ ਕਾਨਫਰੰਸ 'ਚ ਸੁਖਬੀਰ ਬਾਦਲ ਨੇ ਮੋਗਾ ਉਪ-ਚੋਣ 'ਚ ਕੈਪਟਨ ਅਮਰਿੰਦਰ ਸਿੰਘ ਵਲੋਂ ਕੀਤੇ ਗਏ ਜਿੱਤ ਦੇ ਦਾਅਵੇ 'ਤੇ ਮਜ਼ਾਕੀਆ ਲਹਿਜ਼ੇ 'ਚ ਦਿਲਚਸਪ ਟਿੱਪਣੀ ਕੀਤੀ ਤੇ ਕਿਹਾ ਕਿ ਪਹਿਲਾਂ ਤਾਂ ਕਾਂਗਰਸ 'ਚ ਜਗਮੀਤ ਬਰਾੜ ਵੱਡਾ ਗੱਪੀ ਸੀ ਪਰ ਹੁਣ ਅਮਰਿੰਦਰ ਸਿੰਘ ਤਾਂ ਉਸ ਤੋਂ ਵੀ ਵੱਡਾ ਗੱਪੀ ਨਿਕਲਿਆ।

ਅਮਰਿੰਦਰ ਸਿੰਘ ਦੇ ਦਾਅਵੇ ਦਾ ਮਜ਼ਾਕ ਉਡਾਉਂਦਿਆਂ ਸੁਖਬੀਰ ਨੇ ਕਿਹਾ ਕਿ ਪਹਿਲਾਂ ਉਹ ਆਪਣੇ 4-5 ਵਿਧਾਇਕਾਂ ਨੂੰ ਹੀ ਸੰਭਾਲ ਲੈਣ, ਜੋ ਅਕਾਲੀ ਦਲ 'ਚ ਆਉਣ ਲਈ ਤਿਆਰ ਬੈਠੇ ਹਨ। ਸੁਖਬੀਰ ਨੇ ਇਹ ਵੀ ਦਾਅਵਾ ਕੀਤਾ ਕਿ ਕਾਂਗਰਸ ਹੁਣ ਪੰਜਾਬ 'ਚ ਅਗਲੇ 25 ਸਾਲਾਂ ਲਈ ਸੱਤਾ 'ਚ ਆਉਣ ਦਾ ਸੁਪਨਾ ਲੈਣਾ ਛੱਡ ਦੇਵੇ।

-ਗੁਰਉਪਦੇਸ਼ ਭੁੱਲਰ

## ਇਕ ਪਿੰਡ, ਜੋ ਪਾਕਿ ਹਮਲਿਆਂ 'ਚ ਉਜੜਨ ਤੋਂ ਬਾਅਦ ਫਿਰ ਵਸਿਆ

ਦੇਸ਼ ਭਗਤੀ ਦੇ ਸੰਦਰਭ 'ਚ ਤਾਂ ਉਂਝ ਸਾਰੇ ਦੇਸ਼ ਨੂੰ ਹੀ 'ਮਾਤਰ ਭੂਮੀ' ਦਾ ਦਰਜਾ ਹਾਸਲ ਹੈ ਪਰ ਮਨੁੱਖੀ ਜੀਵਨ 'ਚ ਉਸ ਜਗ੍ਹਾ ਅਤੇ ਇਲਾਕੇ ਦੀ ਆਪਣੀ ਇਕ ਵੱਖਰੀ ਹੀ ਮਹਿਕ ਦਿਲ 'ਚ ਵਸੀ ਹੁੰਦੀ ਹੈ, ਜਿਥੇ ਕਿਸੇ ਪ੍ਰਾਣੀ ਦਾ ਜਨਮ ਹੋਇਆ ਹੋਵੇ।


ਅਜਿਹੀ ਹੀ ਕੁਝ ਧਾਰਨਾ ਸੁਭਾਵਿਕ ਤੌਰ 'ਤੇ ਮੇਰੇ ਵਿਚ ਵੀ ਹੈ। ਮੇਰਾ ਜਨਮ ਜ਼ਿਲਾ ਜੰਮੂ ਦੀ ਤਹਿਸੀਲ ਅਖ਼ਨੂਰ ਦੇ ਪਿੰਡ ਬੇਰੀ ਭਲਵਾਲ, ਜਿਸ ਨੂੰ ਭਲਵਾਨ ਬ੍ਰਾਹਮਣਾ ਵੀ ਕਿਹਾ ਜਾਂਦਾ ਹੈ, 'ਚ 1927 ਨੂੰ ਹੋਇਆ ਸੀ। ਸਮੇਂ ਦੇ ਥਪੇੜਿਆਂ ਤੇ ਹਾਲਾਤ ਕਾਰਨ ਮੈਂ 40 ਦੇ ਦਹਾਕੇ 'ਚ ਹੀ ਜੰਮੂ ਆ ਗਿਆ ਸੀ ਪਰ 1947 ਅਤੇ ਫਿਰ 1965 'ਚ ਪਾਕਿਸਤਾਨੀ ਹਮਲਿਆਂ ਕਾਰਨ ਇਸ ਇਲਾਕੇ 'ਚ ਸਾਡਾ ਪਿੰਡ ਵੀ 2 ਵਾਰ ਉੱਜੜਿਆ।

1965 'ਚ ਤਾਂ ਪਾਕਿਸਤਾਨੀ ਸੈਨਿਕਾਂ ਨੇ ਨਾ ਸਿਰਫ਼ ਇਥੇ ਲੁੱਟ-ਮਾਰ ਕੀਤੀ, ਸਗੋਂ ਸਾਰੇ ਘਰਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਸੀ। 1966 'ਚ ਭਾਰਤ-ਪਾਕਿ ਵਿਚਾਲੇ ਹੋਏ ਤਾਸ਼ਕੰਦ ਸਮਝੌਤੇ ਤੋਂ ਬਾਅਦ ਇਹ ਸਾਰਾ ਇਲਾਕਾ ਮੁੜ ਭਾਰਤ ਨੂੰ ਵਾਪਿਸ ਮਿਲ ਗਿਆ ਤੇ 1971 'ਚ ਪਾਕਿਸਤਾਨੀ ਹਮਲਾਵਰ ਇਸ ਪਾਸੇ ਨਹੀਂ ਆ ਸਕੇ, ਇਸ ਲਈ ਤੀਜੀ ਵਾਰ ਓਨਾ ਨੁਕਸਾਨ ਨਹੀਂ ਹੋਇਆ, ਜਿੰਨਾ ਪਹਿਲੇ 2 ਹਮਲਿਆਂ 'ਚ ਹੋਇਆ ਸੀ।

ਮਿੱਟੀ ਦੀ ਮਹਿਕ ਅਤੇ ਕੁਝ ਹੋਰ ਕਾਰਨਾਂ ਕਰਕੇ ਕਦੇ-ਕਦੇ ਮੈਨੂੰ ਇਸ ਇਲਾਕੇ 'ਚ, ਖ਼ਾਸ ਕਰਕੇ ਆਪਣੇ ਪਿੰਡ ਜਾਣ ਦਾ ਮੌਕਾ ਮਿਲਦਾ ਹੈ। ਪਿਛਲੇ ਦਿਨੀਂ ਮੈਂ ਆਪਣੇ ਜੱਦੀ ਘਰ, ਜਿਸ ਨੂੰ ਇਕ ਦੇਵਸਥਾਨ 'ਚ ਬਦਲ ਦਿੱਤਾ ਗਿਆ ਹੈ, 'ਚ 2 ਵਾਰ ਗਿਆ ਤੇ ਉਥੇ ਹੋ ਰਹੀਆਂ ਤਬਦੀਲੀਆਂ ਨੂੰ ਬਾਰੀਕੀ ਨਾਲ ਜਾਣਨ ਦੀ ਕੋਸ਼ਿਸ਼ ਕੀਤੀ।

ਇਸ ਇਲਾਕੇ 'ਚ ਪੀਣ ਵਾਲੇ ਪਾਣੀ ਦੀ ਸਭ ਤੋਂ ਵੱਡੀ ਸਮੱਸਿਆ ਸੀ। ਲੋਕ ਤਲਾਬਾਂ ਦਾ ਪਾਣੀ ਪੀਂਦੇ ਸਨ ਅਤੇ ਜ਼ਿਆਦਾਤਰ ਇਨ੍ਹਾਂ ਹੀ ਤਲਾਬਾਂ 'ਚ ਲੋਕ ਅਤੇ ਉਨ੍ਹਾਂ ਦੇ ਪਸ਼ੂ ਵੀ ਨਹਾਉਂਦੇ ਸਨ ਤੇ ਫਿਰ ਇਹੋ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ, ਜਿਸ ਨਾਲ ਕਈ ਬੀਮਾਰੀਆਂ ਲੱਗ ਜਾਂਦੀਆਂ ਸਨ।

ਪਰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਹੁਣ ਬਹੁਤ ਸਾਰੇ ਦਿਹਾਤੀ ਇਲਾਕਿਆਂ 'ਚ ਟਿਊਬਵੈੱਲ ਲੱਗਣ ਨਾਲ ਪੀਣ ਵਾਲੇ ਪਾਣੀ ਦੀ ਸਮੱਸਿਆ ਕਾਫੀ ਹੱਦ ਤਕ ਹੱਲ ਹੋ ਗਈ ਹੈ ਪਰ ਤਲਾਬਾਂ ਦੀ ਮਹੱਤਤਾ ਅੱਜ ਵੀ ਬਣੀ ਹੋਈ ਹੈ, ਇਸ ਲਈ ਹੋਰ ਕਈ ਦਿਹਾਤੀ ਇਲਾਕਿਆਂ ਤੋਂ ਇਲਾਵਾ ਸਾਡੇ ਪਿੰਡ ਦਾ ਤਲਾਬ ਵੀ ਪੱਕਾ ਬਣਾ ਦਿੱਤਾ ਗਿਆ ਹੈ ਤੇ ਇਸ ਦੇ ਆਸ-ਪਾਸ ਪਾਰਕ ਬਣਾਉਣ ਦੀ ਪ੍ਰਕਿਰਿਆ ਜਾਰੀ ਹੈ।



ਇਸ ਸਾਰੇ ਇਲਾਕੇ 'ਚ ਮੋਟਰ ਗੱਡੀ ਤਾਂ ਕੀ, ਕੋਈ ਸੜਕ ਤਕ ਨਹੀਂ ਸੀ ਪਰ ਫ਼ੌਜ ਦੇ ਆਉਣ, ਖ਼ਾਸ ਕਰਕੇ 1965 ਦੀ ਜੰਗ ਤੋਂ ਬਾਅਦ ਇਥੇ ਇਕ ਵਧੀਆ ਸੜਕ ਬਣੀ ਹੈ। ਹੁਣ ਇਸ ਸੜਕ ਨੂੰ 'ਡਬਲ' ਕੀਤਾ ਜਾ ਰਿਹਾ ਹੈ।

ਕਹਿੰਦੇ ਹਨ ਕਿ ਵਿਕਾਸ ਸੜਕ ਰਸਤੇ ਆਉਂਦਾ ਹੈ। ਪਾਕਿਸਤਾਨੀ ਹਮਲਾਵਰਾਂ ਤੋਂ ਬਾਅਦ ਇਸ ਇਲਾਕੇ 'ਚ ਫ਼ੌਜ ਦੇ ਆਉਣ ਨਾਲ ਨਾ ਸਿਰਫ਼ ਲੋਕਾਂ 'ਚ ਸੁਰੱਖਿਆ ਦੀ ਭਾਵਨਾ ਪੈਦਾ ਹੋਈ, ਸਗੋਂ ਸੜਕਾਂ ਦੇ ਨਿਰਮਾਣ ਦਾ ਇਕ ਨਵਾਂ ਯੁੱਗ ਸ਼ੁਰੂ ਹੋਇਆ। ਰੱਖਿਆ ਵਿਭਾਗ ਦੀਆਂ ਸੜਕਾਂ ਤੋਂ ਇਲਾਵਾ ਇਸ ਸਾਰੇ ਇਲਾਕੇ 'ਚ ਦਿਹਾਤੀ ਖੇਤਰਾਂ ਨੂੰ ਵੀ ਸੜਕਾਂ ਨਾਲ ਜੋੜਨ ਦੀ ਪ੍ਰਕਿਰਿਆ ਜਾਰੀ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇਸ ਸਾਰੇ ਇਲਾਕੇ 'ਚ ਸਕੂਲ ਵੀ ਬਹੁਤ ਘੱਟ ਸਨ। ਅਖ਼ਨੂਰ ਤਹਿਸੀਲ 'ਚ ਇਕ ਹੀ ਹਾਈ ਸਕੂਲ ਹੁੰਦਾ ਸੀ। ਸਾਡੇ ਪਿੰਡ 'ਚ ਕੋਈ ਸਕੂਲ ਨਾ ਹੋਣ ਕਰਕੇ ਸਿਰਫ਼ 3-4 ਬੱਚੇ ਹੀ ਸੋਹਲ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨ ਜਾਂਦੇ ਸਨ, ਜੋ ਪਿੰਡ ਤੋਂ ਲੱਗਭਗ 2 ਮੀਲ ਦੀ ਦੂਰੀ 'ਤੇ ਹੈ। ਮੈਂ 1944 'ਚ ਮੈਟ੍ਰਿਕ ਦੀ ਪ੍ਰੀਖਿਆ ਲਾਹੌਰ ਯੂਨੀਵਰਸਿਟੀ ਤੋਂ ਪਾਸ ਕੀਤੀ ਕਿਉਂਕਿ ਇਸ ਸੂਬੇ 'ਚ ਕੋਈ ਯੂਨੀਵਰਸਿਟੀ ਨਹੀਂ ਸੀ। ਮੈਂ ਆਪਣੇ ਪਿੰਡ ਦਾ ਪਹਿਲਾ ਮੁੰਡਾ ਸੀ, ਜਿਸ ਨੇ ਮੈਟ੍ਰਿਕ ਪਾਸ ਕੀਤੀ ਤੇ ਕਾਲਜ ਤਕ ਪਹੁੰਚਿਆ।

ਸਾਡੇ ਪਿੰਡ 'ਚ ਅੱਜ ਹਾਈ ਸਕੂਲ ਵੀ ਹੈ, ਜਿਸ 'ਚ ਇਸ ਇਲਾਕੇ ਦੇ ਸੈਂਕੜੇ ਬੱਚੇ ਪੜ੍ਹਦੇ ਹਨ। ਇਨ੍ਹਾਂ 'ਚ ਚੰਗੀ-ਖ਼ਾਸੀ ਗਿਣਤੀ ਕੁੜੀਆਂ ਦੀ ਵੀ ਹੈ। ਸੋਹਲ ਦਾ ਪ੍ਰਾਇਮਰੀ ਸਕੂਲ ਹੁਣ ਹਾਇਰ ਸੈਕੰਡਰੀ ਸਕੂਲ 'ਚ ਤਬਦੀਲ ਹੋ ਚੁੱਕਾ ਹੈ।

ਇਸ ਦੇ ਨਾਲ ਹੀ ਕੁਝ ਦੂਰੀ 'ਤੇ ਪਲਵਾਂ ਵਿਚ ਤਾਂ ਡਿਗਰੀ ਕਾਲਜ ਵੀ ਸ਼ੁਰੂ ਹੋ ਗਿਆ ਹੈ। ਤਹਿਸੀਲ ਹੈੱਡਕੁਆਰਟਰ ਅਖ਼ਨੂਰ 'ਚ ਹੀ ਇਕ ਛੋਟਾ ਜਿਹਾ ਹਸਪਤਾਲ ਸੀ, ਜੋ ਹੁਣ ਇਕ ਵੱਡੇ ਹਸਪਤਾਲ ਦਾ ਰੂਪ ਅਖ਼ਤਿਆਰ ਕਰਦਾ ਜਾ ਰਿਹਾ ਹੈ। ਇਥੇ ਇਕ ਆਯੁਰਵੈਦਿਕ ਕਾਲਜ ਵੀ ਖੋਲ੍ਹਿਆ ਜਾ ਰਿਹਾ ਹੈ। ਕਈ ਹੈਲਥ ਸੈਂਟਰ ਤੇ ਡਿਸਪੈਂਸਰੀਆਂ ਵੀ ਖੁੱਲ੍ਹ ਗਈਆਂ ਹਨ ਤੇ ਸਾਡੇ ਪਿੰਡ 'ਚ ਵੀ ਡਿਸਪੈਂਸਰੀ ਖੁੱਲ੍ਹ ਗਈ ਹੈ। ਪਰ ਇਨ੍ਹਾਂ ਵੱਡੀਆਂ ਤਬਦੀਲੀਆਂ ਤੋਂ ਬਾਅਦ ਵੀ ਕੰਢੀ ਦੇ ਇਸ ਇਲਾਕੇ 'ਚ ਹੋਰ ਕਈ ਸਮੱਸਿਆਵਾਂ ਹਨ, ਜਿਨ੍ਹਾਂ ਦਾ ਹੱਲ ਕਰਨ ਦੀ ਲੋੜ ਹੈ। ਇਸ ਇਲਾਕੇ 'ਚ ਜੀਵਨ ਹੋਰਨਾਂ ਖੇਤਰਾਂ ਦੇ ਮੁਕਾਬਲੇ ਅੱਜ ਵੀ ਜ਼ਰਾ ਮੁਸ਼ਕਿਲ ਦਿਖਾਈ ਦਿੰਦਾ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਸਮਾਂ ਬੀਤਣ ਨਾਲ ਕੰਢੀ ਦੇ ਇਹੋ ਪੱਥਰ ਸੋਨਾ ਬਣਨਗੇ ਕਿਉਂਕਿ ਜਿਸ ਰੂਪ ਨਾਲ ਦੇਸ਼ ਭਰ 'ਚ ਨਿਰਮਾਣ ਦਾ ਸਿਲਸਿਲਾ ਜਾਰੀ ਹੈ, ਇਸ ਨੂੰ ਜਾਰੀ ਰੱਖਣ ਲਈ ਨਾ ਸਿਰਫ਼ ਸੂਬੇ ਦੇ ਅੰਦਰ, ਸਗੋਂ ਬਾਹਰ ਵੀ ਇਹ ਪੱਥਰ ਕੰਮ ਆਉਣਗੇ।

ਇਹ ਪ੍ਰਕਿਰਿਆ ਇਕ ਹੱਦ ਤਕ ਸ਼ੁਰੂ ਹੋ ਚੁੱਕੀ ਹੈ। ਸਰਹੱਦਾਂ 'ਤੇ ਖ਼ਤਰੇ ਤਾਂ ਘਟੇ ਹਨ ਪਰ ਹਾਲਾਤ ਕਿਸੇ ਵੀ ਸਮੇਂ ਵਿਗੜ ਸਕਦੇ ਹਨ।

ਸੁਰੱਖਿਆ ਬਲਾਂ ਦੇ ਜਵਾਨਾਂ ਦੀ ਮੌਜੂਦਗੀ ਅਤੇ ਚੌਕਸੀ ਇਕ ਲੰਮੇ ਸਮੇਂ ਦੀ ਲੋੜ ਦਿਖਾਈ ਦਿੰਦੀ ਹੈ। ਇਨ੍ਹਾਂ ਜਵਾਨਾਂ ਨੇ ਬਹੁਤ ਸਾਰੇ ਚੰਗੇ ਕੰਮ ਕੀਤੇ ਹਨ ਅਤੇ ਉਨ੍ਹਾਂ ਦੀ ਭੂਮਿਕਾ ਨੂੰ ਅਣਗੌਲਿਆ ਨਹੀਂ ਜਾ ਸਕਦਾ।

-ਗੋਪਾਲ ਸੱਚਰ




# ਹੱਥੀਂ ਛਾਂਵਾਂ ਕਰਨ ਵਾਲੇ ਬੂਟੇ ਨੂੰ ਖੁਦ ਹੀ ਛਾਂਗਣ ਲੱਗੇ ਪੰਜਾਬੀ ਸਿਨੇਮਾ ਕਲਾਕਾਰ



ਜਿਸ ਖੇਤ ਨੂੰ ਵਾੜ ਹੀ ਖਾਣ ਲੱਗ ਜਾਵੇ ਤਾਂ ਉਹ ਕਦੇ ਹਰਾ-ਭਰਾ ਨਹੀਂ ਰਹਿ ਸਕਦਾ..'' ਕੁਝ ਇਸੇ ਤਰ੍ਹਾਂ ਦਾ ਅਹਿਸਾਸ ਅੱਜ ਪੰਜਾਬੀ ਫਿਲਮ ਸਨਅਤ ਨਾਲ ਜੁੜੇ ਸਫਲ ਅਤੇ ਉਚ ਬੁਲੰਦੀਆਂ ਦਾ ਸਫਰ ਤਹਿ ਕਰ ਰਹੇ ਕਈ ਕਲਾਕਾਰ ਕਰਵਾ ਰਹੇ ਹਨ, ਜਿਹਨਾਂ ਵੱਲੋਂ ਇਕਦਮ ਵਧਾਏ ਫਿਲਮੀ ਰੇਟ ਇਸ ਖਿੱਤੇ ਨਾਲ ਜੁੜੇ ਅਤੇ ਨਵੇਂ ਜੁੜਦੇ ਜਾ ਰਹੇ ਫਿਲਮ ਨਿਰਮਾਤਾਵਾਂ, ਨਿਰਦੇਸ਼ਕਾਂ ਲਈ ਮਾਯੂਸੀਆਂ ਪੈਦਾ ਕਰਨ ਦਾ ਸਬੱਬ ਬਣਦੇ ਜਾ ਰਹੇ ਹਨ। ਪੰਜਾਬੀ



ਸਿਨੇਮਾ ਵਿਚ ਪਿਛਲੇ ਸਮੇਂ ਸਾਹਮਣੇ ਆਈ ਕਾਲੇ ਦੌਰ ਦੀ ਤ੍ਰਾਸਦੀ ਤੇ ਇਸ ਤੋਂ ਬਾਅਦ ਜੱਟਵਾਦ ਫਿਲਮਾਂ ਦੀ ਭਰਮਾਰ ਕਾਰਨ ਲੰਮਾ ਸਮਾਂ ਇਕਲਾਪੇ ਅਤੇ ਅਸਫਲਤਾ ਦਾ ਸੰਤਾਪ ਹੰਢਾ ਚੁੱਕਾ ਪੰਜਾਬੀ ਸਿਨੇਮਾ ਪ੍ਰੋਫੈਸ਼ਨਲਿਜ਼ਮ ਤੋਂ ਦੂਰ ਹੁੰਦੇ ਜਾ ਰਹੇ ਕਲਾਕਾਰਾਂ ਕਾਰਨ ਇਹਨੀਂ ਦਿਨੀਂ ਫਿਰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਹੈਰਾਨੀਜਨਕ ਗੱਲ ਵੀ ਇਹ ਹੈ ਕਿ 'ਗਲੋਬਲ ਮਾਰਕੀਟ' ਦਾ ਹਿੱਸਾ ਬਣੇ ਪੰਜਾਬੀ ਸਿਨੇਮਾ ਕਾਰਨ ਕਈ ਸਾਲਾਂ ਦੇ ਲੰਮੇਰੇ ਸੰਘਰਸ਼ ਬਾਅਦ ਸੁਪਰ ਕਾਮਯਾਬੀ ਦਾ ਆਨੰਦ ਮਾਨਣ ਵਾਲੇ ਕਈ ਪੁਰਾਣੇ ਕਲਾਕਾਰਾਂ ਜਸਵਿੰਦਰ ਭੱਲਾ, ਬੀ. ਐਨ. ਸ਼ਰਮਾ, ਬਿੰਨੂ ਢਿੱਲੋਂ, ਰਾਣਾ ਰਣਬੀਰ ਵੱਲੋਂ ਵੀ ਨਵਿਆਂ ਦੀ ਦੇਖਾ-ਦੇਖੀ ਆਪਣੀ ਮਾਰਕੀਟ ਫੀਸ ਵਿਚ ਦੁੱਗਣੇ ਨਾਲੋਂ ਵੀ ਜ਼ਿਆਦਾ ਵਾਧਾ ਕਰ ਦਿੱਤਾ ਗਿਆ ਹੈ, ਜਿਸ ਨਾਲ ਨਵੀਆਂ ਸ਼ੁਰੂ ਹੋਣ ਵਾਲੀਆਂ ਕੁਝ ਫਿਲਮਾਂ ਦਾ ਵਜੂਦ ਪ੍ਰੀਪ੍ਰੋਡੋਕਸ਼ਨ ਪੜਾਅ ਤੇ ਕਲਾਕਾਰਾਂ ਦੀ ਅਸਮਾਨ ਛੂਹ ਰਹੀਆਂ ਫੀਸਾਂ ਦੇਣ ਦੀ ਅਸਮਰਥਤਾ ਖੁਣੋਂ ਖਤਮ ਹੋਣ ਦੀਆਂ ਰਾਹਾਂ ਤਹਿ ਕਰ ਰਿਹਾ ਹੈ। ਪੰਜਾਬੀ ਸਿਨੇਮਾ ਨਾਲ ਜੁੜੇ ਉਚ ਕਲਾਕਾਰਾਂ ਵੱਲੋਂ ਹਰ ਦਿਨ ਵਧਾਈਆਂ ਜਾ ਰਹੀਆਂ ਮਣਾਂ-ਮੂੰਹੀ ਫੀਸਾਂ ਇਸ ਖੇਤਰ ਨਾਲ ਕਾਫੀ ਸਮਾਂ ਪਹਿਲਾਂ ਤੋਂ ਜੁੜੇ ਅਤੇ ਇਸ ਸਿਨੇਮਾ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਦਿਗਜ਼ ਨਿਰਮਾਤਾਵਾਂ, ਨਿਰਦੇਸ਼ਕਾਂ ਦੇ ਮਨਾਂ ਵਿਚ ਵੀ ਚਿੰਤਾ ਪੈਦਾ ਕਰ ਰਹੀਆਂ ਹਨ, ਜੋ ਇਸ ਲੱਖੀ-ਕਰੋੜੀ ਰੁਝਾਨ ਨਾਲ ਸਮਝੌਤਾ ਕਰਨ ਦੀ ਬਜਾਏ ਪੰਜਾਬੀ ਫਿਲਮ ਸਨਅਤ ਤੋਂ ਕਿਨਾਰਾ ਵੱਟਣ ਦੀ ਸੋਚ ਅਖ਼ਤਿਆਰ ਕਰਨ ਲੱਗ ਪਏ ਹਨ। ਉੱਤਰੀ ਭਾਰਤ ਤੋਂ ਲੈ ਕੇ ਅੰਤਰ ਰਾਸ਼ਟਰੀ ਪੱਧਰ ਤੱਕ ਮੱਲ੍ਹਾਂ ਮਾਰ ਚੁੱਕੇ ਪੰਜਾਬੀ ਸਿਨੇਮਾ ਦੀਆਂ ਤਾਜ਼ਾ ਪ੍ਰਸਥਿਤੀਆਂ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਇਸ ਗੱਲ ਦਾ ਅੰਦਾਜ਼ਾ ਵੀ ਭਲੀ-ਭਾਂਤ ਹੋ ਜਾਂਦਾ ਹੈ ਕਿ ਕੁਝ ਸਟਾਰ ਕਲਾਕਾਰਾਂ ਵੱਲੋਂ ਲੱਖਾਂ, ਕਰੋੜਾਂ ਦੀ ਰਾਸ਼ੀ ਨਿਰਮਾਤਾ, ਨਿਰਦੇਸ਼ਕਾਂ ਤੋਂ ਲੈਣ ਦੇ ਬਾਵਜੂਦ ਪ੍ਰੋਫੈਸ਼ਨਲਿਜ਼ਮ ਮਾਪਦੰਡਾਂ ਦੀ ਭੋਰਾ ਪਾਲਣਾ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਵੱਡੇ ਬਜਟ ਦੀਆਂ ਫਿਲਮਾਂ ਬਣਾਉਣ ਵਿਚ ਜੁਟੇ ਨਿਰਮਾਤਾ, ਨਿਰਦੇਸ਼ਕਾਂ ਅਤੇ ਫਿਲਮ ਨਿਰਮਾਣ ਕੰਪਨੀਆਂ ਦੀ ਹਾਲਤ ਵੀ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਰਗੀ ਬਣਦੀ ਜਾ ਰਹੀ ਹੈ, ਜੋ ਕਲਾਕਾਰਾਂ ਦੇ ਅਣਪ੍ਰੋਫੈਸ਼ਨਲ ਰਵੱਈਏ ਦੇ ਬਾਵਜੂਦ ਕਰੋੜਾਂ ਰੁਪਏ ਸ਼ੁਰੂਆਤ ਵਿਚ ਖਰਚ ਕਰ ਦਿੱਤੇ ਜਾਣ ਕਾਰਨ ਫਿਲਮਾਂ ਅੱਧ ਵਿਚਕਾਰੇ ਬੰਦ ਕਰਨ ਜਾਂ ਮੇਨ ਲੀਡ ਕਲਾਕਾਰ ਬਦਲਣ ਦਾ ਤਹੱਈਆ ਨਹੀਂ ਕਰ ਪਾ ਰਹੇ। ਪੰਜਾਬੀ ਫਿਲਮ ਸਨਅਤ ਨੂੰ ਆਪਣੇ ਸਹਿਯੋਗ ਨਾਲ ਉਭਾਰਨ ਦੀ ਬਜਾਏ ਉਜਾੜਨ ਵਿਚ ਜੁਟੇ ਕਲਾਕਾਰਾਂ ਦੇ ਨਿਰਮਾਤਾ-ਨਿਰਦੇਸ਼ਕਾਂ ਪ੍ਰਤੀ ਨਾਂਹ ਪੱਖੀ ਬਣੇ ਇਸ ਰੁਝਾਨ ਦੀ ਸ਼ੁਰੂਆਤ ਹਾਲ ਹੀ ਵਿਚ ਸੁਪਰ-ਡੁਪਰ ਕਾਮਯਾਬੀ ਦਾ ਸਫਰ ਹੰਢਾ ਚੁੱਕੀ 'ਜੱਟ ਐਂਡ ਜੂਲੀਅਟ' ਅਤੇ 'ਕੈਰੀ ਆਨ ਜੱਟਾ' ਨਾਲ ਸ਼ੁਰੂ ਹੋਈ ਹੈ, ਜਿਹਨਾਂ ਨੂੰ ਦੇਸ਼, ਵਿਦੇਸ਼ ਵਿਚ ਮਿਲੇ ਭਰਪੂਰ ਹੁੰਗਾਰੇ ਅਤੇ ਕਰੋੜਾਂ ਦੇ ਬਿਜਨਸ ਬਾਅਦ ਫਿਲਮ ਦੇ ਨਾਇਕ ਦਲਜੀਤ ਦੁਸਾਂਝ ਵੱਲੋਂ ਇੱਕਦਮ ਆਪਣਾ ਰੇਟ 1 ਕਰੋੜ ਰੁਪਏ ਕਰ ਦਿੱਤਾ ਗਿਆ, ਜੋ ਇਸ ਸਨਅਤ ਦੇ ਇਤਿਹਾਸ ਵਿਚ ਪਹਿਲੀ ਵਾਰ ਦਰਜ ਹੋਇਆ ਰਿਕਾਰਡ ਮਾਰਕੀਟ ਫੀਸਾਂ ਵਾਧਾ ਹੈ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਵੀ



ਪੰਜਾਬੀ ਫਿਲਮ ਨਾਇਕ ਨੂੰ ਇੰਨੀ ਵੱਡੀ ਮਾਰਕੀਟ ਫੀਸ ਨਹੀਂ ਮਿਲੀ। ਇੰਨਾ ਹੀ ਨਹੀਂ ਪੰਜਾਬੀ ਸਿਨੇਮਾ ਦਾ ਸੁਪਰ ਸਿਤਾਰਾ ਬਣੇ ਇਸ ਨਾਇਕ ਵੱਲੋਂ ਜੱਟ ਐਂਡ ਜੂਲੀਅਟ-2 ਦੀ ਰਿਲੀਜ਼ ਨੇੜੇ ਆਉਂਦਿਆਂ ਹੀ ਹੁਣ ਇਕ ਕਰੋੜ ਰੁਪਏ ਤੋਂ ਵੀ ਆਪਣੀ ਰਾਸ਼ੀ ਇੱਕਦਮ ਵਧਾ ਦਿੱਤੀ ਗਈ ਹੈ, ਜਿਸ ਨਾਲ ਫਿਲਮ ਨਿਰਮਾਣ ਵਿਚ ਸਾਲਾਂ ਤੋਂ ਲੱਗੇ ਸੂਝਵਾਨ ਅਤੇ ਮਿਆਰੀ ਫਿਲਮਾਂ ਬਣਾਉਣ ਦੇ ਸ਼ੌਕੀਨ ਨਿਰਮਾਤਾ, ਨਿਰਦੇਸ਼ਕਾਂ ਨੂੰ ਨਵੀਆਂ ਫਿਲਮਾਂ ਸ਼ੁਰੂ ਕਰਨ ਦੀ ਸੋਚ ਨੂੰ ਕੁਝ ਸਮੇਂ ਲਈ ਠੱਲ੍ਹ ਪਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਪਰੋਕਤ ਹਾਲਾਤਾਂ ਤੋਂ ਦੁਖੀ ਅਤੇ ਬੇਚੈਨ ਹੋਏ ਕੁਝ ਦਿਗਜ਼ ਨਿਰਮਾਤਾ, ਨਿਰਦੇਸ਼ਕਾਂ ਨੇ ਦੱਸਿਆ ਕਿ ਪੰਜਾਬੀ ਸਿਨੇਮਾ ਨਾਲ ਜੁੜ ਕੇ ਸਫਲਤਾ ਅਤੇ ਲੋਕਪ੍ਰਿਅਤਾ ਦੇ ਨਵੇਂ ਦਿਸਹੱਦੇ ਸਿਰਜਣ ਵਾਲੇ ਕਲਾਕਾਰ ਜਿਹਨਾਂ ਵਿਚੋਂ ਜ਼ਿਆਦਾਤਰ ਗਿਣਤੀ ਉਚ ਕੋਟੀ ਗਾਇਕਾਂ ਦੀ ਹੈ, ਇਸ ਸਿਨੇਮਾ ਦਾ ਅਹਿਸਾਨਮੰਦ ਹੋਣ ਦੀ ਬਜਾਏ ਇਸਨੂੰ ਆਪਣੇ ਹੱਥੀਂ ਖਤਮ ਕਰਨ ਵਿਚ ਲੱਗੇ ਹੋਏ ਹਨ, ਜਦਕਿ ਇਹਨਾਂ ਨੂੰ ਇਸ ਸਿਨੇਮਾ ਅਤੇ ਇਹਨਾਂ ਕਲਾਕਾਰਾਂ ਨੂੰ ਹੋਰ ਅੱਗੇ ਲਿਜਾਣ ਵਾਲੇ ਨਿਰਮਾਤਾ, ਨਿਰਦੇਸ਼ਕਾਂ ਨੂੰ ਪੂਰਨ ਸਹਿਯੋਗ ਦੇਣਾ ਚਾਹੀਦਾ ਹੈ, ਤਾਂ ਜੋ ਇਸ ਸਿਨੇਮਾ ਲਈ ਸ਼ਾਨਦਾਰ ਪ੍ਰਾਜੈਕਟਾਂ ਦੀ ਰੂਪ-ਰੇਖਾ ਉਲੀਕ ਕੇ ਨਿਰਮਾਤਾ, ਨਿਰਦੇਸ਼ਕ ਇਸ ਸਿਨੇਮਾ ਦੀ ਤਰੱਕੀ ਵਿਚ ਹੋਰ ਯੋਗਦਾਨ ਪਾ ਸਕਣ। ਪੰਜਾਬੀ ਸਿਨੇਮਾ ਨਾਲ ਜੁੜੇ ਮੁੱਖ ਕਲਾਕਾਰਾਂ ਵੱਲੋਂ ਲੱਖਾਂ, ਕਰੋੜਾਂ ਰੁਪਏ ਲੈਣ ਦੇ ਬਾਵਜੂਦ ਨਿਰਮਾਤਾ, ਨਿਰਦੇਸ਼ਕਾਂ ਅਤੇ ਫਿਲਮ ਨਿਰਮਾਣ ਕੰਪਨੀਆਂ ਲਈ ਅਪਣਾਏ ਜਾ ਰਹੇ ਅਪ੍ਰੋਸ਼ਨਲ ਰਵੱਈਏ ਨੂੰ ਇਸ ਸਿਨੇਮਾ ਦਾ ਅਹਿਮ ਹਿੱਸਾ ਅਤੇ ਗ੍ਰੇਟ ਅਦਾਕਾਰ ਯੋਗਰਾਜ ਸਿੰਘ ਵੀ ਸਹੀ ਨਹੀਂ ਠਹਿਰਾਅ ਰਹੇ, ਜਿਹਨਾਂ ਅਨੁਸਾਰ 'ਕਲਾਕਾਰਾਂ ਦੇ ਕਰਮ ਬਣਾਉਣ ਵਾਲੀ ਕਰਮ ਭੂਮੀ ਅਤੇ ਇਸ ਨੂੰ ਖੂਨ ਪਸੀਨੇ ਨਾਲ ਵਿਸ਼ਾਲ ਰੂਪ ਦਾ ਹੱਕਦਾਰ ਬਣਾ ਰਹੀਆਂ ਸਿਨੇਮਾ ਸ਼ਖਸੀਅਤਾਂ ਦਾ ਸਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ, ਜਿਹਨਾਂ ਔਖੇ ਸਮੇਂ ਵੀ ਇਸ ਸਿਨੇਮਾ ਦਾ ਪੱਲਾ ਨਹੀਂ ਛੱਡਿਆ ਅਤੇ ਇਸੇ ਬਦੌਲਤ ਅੱਜ ਇਸ ਫਿਲਮ ਸਨਅਤ ਨਾਲ ਜੁੜੇ ਛੋਟੇ ਤੋਂ ਛੋਟੇ ਕਲਾਕਾਰ, ਤਕਨੀਸ਼ੀਅਨ ਨੂੰ ਵੀ ਰੱਜਵਾਂ ਕੰਮ ਮਿਲ ਰਿਹਾ ਹੈ।

ਪੰਜਾਬੀ ਸਿਨੇਮਾ ਵਿਚ ਸੁਨਹਿਰੇ ਅਧਿਆਏ ਦਾ ਸਫਰ ਹੰਢਾ ਚੁੱਕੇ ਯੋਗਰਾਜ ਆਖਦੇ ਹਨ ''ਸਵਰਗੀ ਵਰਿੰਦਰ ਦੀ ਅਚਾਨਕ ਮੌਤ ਤੋਂ ਬਾਅਦ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਇਹ ਸਿਨੇਮਾ ਕਦੇ ਫਿਰ ਮੁੜ ਸੁਰਜੀਤੀ ਦੀ ਰਾਹਾਂ ਤਹਿ ਕਰ ਸਕੇਗਾ, ਪਰ ਇਸ ਦੇ ਬਾਵਜੂਦ ਕੁਝ ਅਹਿਮ ਸ਼ਖਸੀਅਤਾਂ ਵੱਲੋਂ ਕੀਤੇ ਸਾਰਥਕ ਯਤਨਾਂ ਕਾਰਨ ਇਸ ਸਿਨੇਮਾ ਨੂੰ ਦੁਬਾਰਾ ਰੌਣਕਾਂ ਨੇ ਰੁਸ਼ਨਾਇਆ, ਜਿਸ ਲਈ ਸਾਨੂੰ ਮਨਮੋਹਨ ਸਿੰਘ ਵਰਗੀਆਂ ਸਿਨੇਮਾ ਹਸਤੀਆਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਹੈ, ਜਿਹਨਾਂ ਦੀਆਂ ਬਿਹਤਰੀਨ ਅਤੇ ਅਰਥ-ਭਰਪੂਰ ਕੋਸ਼ਿਸ਼ਾਂ ਦੇ ਕਾਰਨ ਮਾਂ ਬੋਲੀ ਸਿਨੇਮਾ ਨੂੰ ਅੱਜ ਇਹ ਮਾਣਮੱਤਾ ਮੁਕਾਮ ਹਾਸਲ ਹੋਇਆ ਹੈ ਅਤੇ ਜੇਕਰ ਅਸੀਂ ਅਜੇ ਵੀ ਨਾ ਸੰਭਲੇ ਤਾਂ 'ਬਾਲੀਵੁੱਡ' ਹੀ ਨਹੀਂ 'ਹਾਲੀਵੁੱਡ' ਫਿਲਮਾਂ ਦੀ ਬਰਾਬਰੀ ਵੱਲ ਵੱਧ ਰਿਹਾ ਪੰਜਾਬੀ ਸਿਨੇਮਾ ਮੁੜ ਅਰਸ਼ ਤੋਂ ਫਰਸ਼ ਦਾ ਹਿੱਸਾ ਬਣ ਜਾਵੇਗਾ, ਜਿਸ ਨੂੰ ਇਸ ਸਥਿਤੀ ਤੱਕ ਪਹੁੰਚਾਉਣ ਦੇ ਜ਼ਿੰਮੇਵਾਰ ਅਸੀਂ ਸਭ ਹੋਵਾਂਗੇ। ਪੰਜਾਬੀ ਸਿਨੇਮਾ ਨੂੰ ਉਪਰੋਕਤ ਨਾਂਹ ਪੱਖੀ ਪ੍ਰਸਥਿਤੀ ਦਾ ਹੱਕਦਾਰ ਬਣਾਉਣ ਵਿਚ ਪੰਜਾਬੀ ਫਿਲਮ ਸਨਅਤ ਵਿਚ ਨਿੱਤਰੇ ਕੁਝ ਵੱਡੇ ਉਦਯੋਗਪਤੀ, ਬਿਜਨਸਮੈਨਾਂ ਦੀ ਭੂਮਿਕਾ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ, ਜਿਹਨਾਂ ਵੱਲੋਂ ਲੱਖਾਂ-ਕਰੋੜਾਂ ਰੁਪਏ ਕਲਾਕਾਰਾਂ ਨੂੰ ਆਸਾਨੀ ਨਾਲ ਦੇ ਦਿੱਤੇ ਜਾਣ ਕਾਰਨ ਵੀ ਕਲਾਕਾਰਾਂ ਦੇ ਮਨਾਂ ਵਿਚ ਘਰ ਕਰ ਗਏ ਮਾਰਕੀਟ ਫੀਸ ਵਧਾਉਣ ਦੇ ਰੁਝਾਨ ਨੇ ਇੱਕਦਮ ਤੇਜ਼ੀ ਫੜੀ ਹੈ।

ਹਾਲੀਆ ਸਮੇਂ ਪੰਜਾਬੀ ਸਿਨੇਮਾ ਵਿਚ ਬਣ ਰਹੀ ਲੱਗਭੱਗ 30 ਫਿਲਮਾਂ ਦੇ ਸੈਟਅੱਪ ਵੱਲ ਧਿਆਨ ਕੇਂਦਰਿਤ ਕੀਤਾ ਜਾਵੇ ਤਾਂ ਇਹਨਾਂ ਵਿਚੋਂ ਜ਼ਿਆਦਾਤਰ ਫਿਲਮਾਂ ਨਵੇਂ ਨਿਰਮਾਤਾਵਾਂ ਅਤੇ ਬੈਨਰਜ਼ ਦੀਆਂ ਹਨ, ਜਿਹਨਾਂ ਵੱਲੋਂ ਲਗਾਤਾਰ ਸ਼ੁਰੂ ਕੀਤੀਆਂ ਜਾ ਰਹੀਆਂ ਫਿਲਮਾਂ ਹੀ ਉਚ ਕੋਟੀ ਫਿਲਮ ਕਲਾਕਾਰਾਂ ਨੂੰ ਆਪਣੀ ਮਾਰਕੀਟ ਫੀਸ ਵਿਚ ਹੋਰ ਵਾਧਾ ਕਰਨ ਲਈ ਉਤਸ਼ਾਹਿਤ ਕਰ ਰਹੀਆਂ ਹਨ। ਉਪਰੋਕਤ ਹਾਲਾਤਾਂ ਦਾ ਜ਼ਿਆਦਾ ਤੋਂ ਜ਼ਿਆਦਾ ਲਾਹਾ ਲੈਣ ਵਿਚ ਜੁਟੇ ਕਲਾਕਾਰਾਂ ਦੀ ਮੌਜੂਦਾ ਫੀਸ ਵੱਲ ਨਿਗਾਹਬਾਨੀ ਕੀਤੀ ਜਾਵੇ ਤਾਂ ਨਾਇਕ ਦਲਜੀਤ ਤੋਂ ਬਾਅਦ ਨੀਰੂ ਬਾਜਵਾ, ਸ਼ੁਰਵੀਨ ਚਾਵਲਾ, ਜਸਵਿੰਦਰ ਭੱਲਾ, ਬਿੰਨੂ ਢਿੱਲੋਂ, ਬੀ. ਐਨ. ਸ਼ਰਮਾ, ਰਾਣਾ ਰਣਬੀਰ ਦੀ ਫੀਸ ਵੀ ਹਜ਼ਾਰਾਂ ਤੋਂ ਕਈ ਲੱਖਾਂ ਦੇ ਅੰਕੜੇ ਪਾਰ ਕਰਦੀ ਜਾ ਰਹੀ ਹੈ, ਜਿਸ ਕਾਰਨ ਇਹ ਕਲਾਕਾਰ ਇਹਨੀਂ ਦਿਨੀਂ ਇਕ ਦਿਨ ਵਿਚ ਕਈ ਫਿਲਮਾਂ ਦੀ ਸ਼ੂਟਿੰਗ ਕਰਨ ਦੀ ਭਾਗਮਭਾਗ ਵਿਚ ਲੱਗੇ ਹੋਏ ਹਨ ਅਤੇ ਇਕੋ ਸਮੇਂ ਕਈ ਕਈ ਫਿਲਮਾਂ ਕਰਨ ਦੀਆਂ ਇਹਨਾਂ ਸਥਿਤੀਆਂ ਵਿਚ ਇਹ ਕਲਾਕਾਰ ਕਿੰਨਾ ਸਮਾਂ ਆਪਣਾ ਬੈਸਟ ਦੇ ਸਕਣਗੇ, ਇਸ ਦਾ ਅੰਦਾਜ਼ਾ ਵੀ ਭਲੀ ਭਾਂਤ ਲਗਾਇਆ ਜਾ ਸਕਦਾ ਹੈ।

ਪੰਜਾਬੀ ਫਿਲਮ ਸਨਅਤ ਨੂੰ ਉਲਝਾਊ ਦੌਰ ਦਾ ਸ਼ਿਕਾਰ ਬਣਾ ਰਹੀਆਂ ਇਹਨਾਂ ਸਥਿਤੀਆਂ ਦਾ ਸਭ ਤੋਂ ਜ਼ਿਆਦਾ ਖਮਿਆਜ਼ਾ ਨਿਰਮਾਤਾ, ਨਿਰਦੇਸ਼ਕਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਹਨਾਂ ਪਾਸੋਂ ਲੱਖਾਂ ਰੁਪਏ ਲਏ ਜਾਣ ਦੇ ਬਾਵਜੂਦ ਫਿਲਮ ਕਲਾਕਾਰ ਉਹਨਾਂ ਨੂੰ ਪੂਰਨ ਸਹਿਯੋਗ ਦੇਣੋਂ ਟਾਲਾ ਵੱਟ ਰਹੇ ਹਨ, ਜਿਸ ਕਾਰਨ ਕਲਾਕਾਰਾਂ ਦੀ ਇਸ ਮਨਮਰਜ਼ੀ ਤੋਂ ਪ੍ਰੇਸ਼ਾਨੀਆਂ ਵਿਚ ਘਿਰਦੇ ਜਾ ਰਹੇ ਫਿਲਮ ਨਿਰਮਾਤਾ, ਨਿਰਦੇਸ਼ਕ ਜਲਦ ਹੀ ਇਕ ਵਿਸ਼ੇਸ਼ ਐਸੋਸੀਏਸ਼ਨ ਦਾ ਗਠਨ ਕਰਨ ਦਾ ਵਿਚਾਰ ਬਣਾ ਰਹੇ ਹਨ, ਜਿਸ ਅਧੀਨ ਲੱਖਾਂ-ਕਰੋੜਾਂ ਲੈਣ ਦੇ ਬਾਵਜੂਦ ਅਣਪ੍ਰੋਫੈਸ਼ਨਲ ਰਵੱਈਏ ਅਖ਼ਤਿਆਰ ਕਰਨ ਵਾਲੇ ਕਲਾਕ-ਾਰਾਂ ਦਾ ਸਾਰਾ ਨਿਰਮਾਤਾ, ਨਿਰਦੇਸ਼ਕਾਂ ਅਤੇ ਤਕਨੀਸ਼ੀਅਨਾਂ ਵੱਲੋਂ ਬਾਈਕਾਟ ਵੀ ਕੀਤਾ ਜਾ ਸਕਦਾ ਹੈ।

# ਕਾਮੇਡੀ ਅਤੇ ਭਾਵਪੂਰਨ ਜਜ਼ਬਾਤਾਂ ਦਾ ਸੁਮੇਲ : 'ਜੱਟ ਏਅਰਵੇਜ਼'

ਕੌਮਾਂਤਰੀ ਪੱਧਰ 'ਤੇ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰ ਰਹੇ ਪੰਜਾਬੀ ਸਿਨੇਮੇ ਨੂੰ ਅੱਜ ਇਸ ਖਿੱਤੇ ਵਿਚ ਜੁੜੇ ਬਿਹਤਰੀਨ ਨਿਰਦੇਸ਼ਕਾਂ ਦੀ ਕਰਮਭੂਮੀ ਹੋਣ ਦਾ ਮਾਣ ਵੀ ਹਾਸਲ ਹੋ ਰਿਹਾ ਹੈ। ਪੰਜਾਬੀ ਫਿਲਮ ਸਨਅਤ ਨੂੰ ਨਵੇਂ ਆਯਾਮ ਤੱਕ ਪਹੁੰਚਾਉਣ ਦਾ ਤਹੱਈਆ ਕਰਕੇ ਇਸ ਖੇਤਰ ਨਾਲ ਜੁੜੇ ਅਜਿਹੇ ਹੀ ਹੋਣਹਾਰ ਨਵੇਂ ਨਿਰਦੇਸ਼ਕਾਂ ਵਿਚ ਇਕ ਅਹਿਮ ਨਾਂ ਸ਼ਾਮਲ ਹੋਇਆ ਹੈ ਨਿਰਦੇਸ਼ਕ ਹਰਜੀਤ ਰਿੱਕੀ ਦਾ, ਜੋ ਵੈਸੇ ਮਿਊਜ਼ਿਕ ਵੀਡੀਓਜ਼ ਨਿਰਦੇਸ਼ਕ ਵਜੋਂ ਚੌਖਾ ਤਜਰਬਾ ਰੱਖਣ ਦੇ ਨਾਲ ਨਾਲ ਅੰਤਰ ਰਾਸ਼ਟਰੀ ਪੱਧਰ ਤੇ ਚਰਚਾ ਹਾਸਲ ਕਰ ਚੁੱਕੀਆਂ ਧਾਰਮਿਕ ਟੈਲੀਫਿਲਮਾਂ 'ਸੁਲਤਾਨ ਉਲ ਕੌਮ, ਬਾਬਾ ਬੰਦਾ ਸਿੰਘ ਬਹਾਦਰ' ਅਤੇ ਛੋਟਾ ਘੱਲੂਘਾਰਾ-ਵੱਡਾ ਘੱਲੂਘਾਰਾ' ਦੇ ਨਿਰਦੇਸ਼ਕ ਵਜੋਂ ਵੀ ਚੰਗੀ ਭੱਲ ਦਾ ਹੱਕਦਾਰ ਵੀ ਆਪਣੇ ਆਪ ਨੂੰ ਬਣਾ ਚੁੱਕੇ ਹਨ। ਪੰਜਾਬ ਦੇ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਇਸ ਪ੍ਰਤਿਭਾਸ਼ਾਲੀ ਨਿਰਦੇਸ਼ਕ ਨੇ ਹਾਲ ਹੀ ਵਿਚ ਰਿਲੀਜ਼ ਹੋਈ ਆਪਣੀ ਪਲੇਠੀ ਪੰਜਾਬੀ ਫਿਲਮ 'ਸਿਰਫਿਰੇ' ਦੁਆਰਾ ਪੰਜਾਬੀ ਸਿਨੇਮਾ ਵਿਚ ਸ਼ਾਨਦਾਰ ਆਗਮਨ ਕੀਤਾ, ਜਿਸ ਦੇ ਤਕਨੀਕੀ ਪੱਖੋਂ ਬਾਕਮਾਲ ਨਿਰਦੇਸ਼ਨ ਨੂੰ ਮਿਲੀ ਰੱਜਵੀਂ ਸਰਾਹੁਣਾ ਬਾਅਦ ਹਰਜੀਤ ਜੀ ਦੁੱਗਣੇ ਜੋਸ਼ ਨਾਲ ਆਪਣੀ ਨਵੀਂ ਫਿਲਮ 'ਜੱਟ ਏਅਰਵੇਜ਼' ਨੂੰ ਆਖਰੀ ਛੋਹਾਂ ਦੇਣ ਵਿਚ ਜੁਟੇ ਹੋਏ ਹਨ। ਪੰਜਾਬੀ ਫਿਲਮ ਸਨਅਤ ਵਿਚ ਸ਼ੂਟਿੰਗ ਪੜਾਅ ਦੌਰਾਨ ਹੀ ਅਥਾਹ ਚਰਚਾ ਦਾ ਕੇਂਦਰਬਿੰਦੂ ਬਣੀ ਇਸ ਫਿਲਮ ਦੇ ਖਾਸ ਪਹਿਲੂਆਂ ਸਬੰਧੀ ਨਿਰਦੇਸ਼ਕ ਰਿੱਕੀ ਜੀ ਤੋਂ ਜਾਣਿਆ ਤਾਂ ਉਹਨਾਂ ਦੱਸਿਆ 'ਪੰਜਾਬੀ ਸਿਨੇਮਾ ਲਈ ਬਣ ਰਹੀਆਂ ਵੱਡੇ ਸੈਟਅਪ ਦੀਆਂ ਫਿਲਮਾਂ ਵਿਚ ਆਪਣਾ ਸ਼ੁਮਾਰ ਕਰਵਾਉਣ ਜਾ ਰਹੀ ਇਸ ਫਿਲਮ ਦਾ ਨਿਰਮਾਣ 'ਵਿਜ਼ਨ ਇੰਡੀਆ ਪ੍ਰੋਡਕਸ਼ਨ ਪ੍ਰਾਈਵੇਟ ਲਿਮਟਿਡ' ਦੇ ਬੈਨਰ ਹੇਠ ਕੀਤਾ ਜਾ ਰਿਹਾ ਹੈ, ਜਿਸ ਦੇ ਨਿਰਮਾਤਾ ਹਨ ਅਨਿਲ ਗਰਗ ਅਤੇ ਸੁਮਿਤ ਗੋਇਲ। ਉਹਨਾਂ ਦੱਸਿਆ ਕਿ ਪੰਜਾਬ ਦੇ ਖੂਬਸੂਰਤ ਸ਼ਹਿਰ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਤੋਂ ਇਲਾਵਾ ਬੈਂਕਾਕ, ਥਾਈਲੈਂਡ ਦੀਆਂ ਮਨਮੋਹਕ ਲੋਕੇਸ਼ਨਾਂ ਤੇ ਫਿਲਮ-ਾਈ ਗਈ ਇਸ ਫਿਲਮ ਦਾ ਖਾਸ ਆਕਰਸ਼ਣ ਪ੍ਰਸਿੱਧ ਗਾਇਕ ਅਲਫਾਜ਼ ਹੋਣਗੇ, ਜੋ ਇਸ ਫਿਲਮ ਦੁਆਰਾ ਬਤੌਰ ਅਦਾਕਾਰ ਪਹਿਲੀ ਵਾਰ ਪੰਜਾਬੀ ਸਿਨੇਮਾ ਵਿਚ ਆਗਮਨ ਕਰਨ ਜਾ ਰਹੇ ਹਨ ਅਤੇ ਉਹਨਾਂ ਦੇ ਆਪੋਜ਼ਿਟ ਹੈ 'ਬਾਲੀਵੁੱਡ' ਅਭਿਨੇਤਰੀ ਟਿਊਲਿਪ ਜੋਸ਼ੀ। ਇਹਨਾਂ ਤੋਂ ਇਲਾਵਾ ਪਦਮ ਭੋਲਾ, ਸ੍ਰਮਿਤੀ ਖੰਨਾ, ਰਾਣਾ ਜੰਗ ਬਹਾਦਰ, ਬੀ. ਐਨ. ਸ਼ਰਮਾ, ਜਸਵਿੰਦਰ ਭੱਲਾ, ਬਿੰਨੂ ਢਿੱਲੋਂ, ਕਰਮਜੀਤ ਅਨਮੋਲ, ਦੀਪਕ ਰਾਜਾ, ਸੰਦੀਪ ਪਤੀਲਾ ਵੀ ਅਹਿਮ ਕਿਰਦਾਰਾਂ ਵਿਚ ਨਜ਼ਰ ਆਉਣਗੇ। ਪੰਜਾਬੀ ਫਿਲਮ ਸਨਅਤ ਨੂੰ ਅੰਤਰ ਰਾਸ਼ਟਰੀ ਪੱਧਰ ਤੇ



ਹੋਰ ਉਚਾਈਆਂ ਤੱਕ ਲਿਜਾਣ ਦੀ ਪੂਰੀ ਸਮਰੱਥਾ ਰੱਖਦੀ ਇਸ ਫਿਲਮ ਦੇ ਨਿ-ਰਦੇਸ਼ਕ ਹਰਜੀਤ ਤੋਂ ਫਿਲਮ ਦੇ ਥੀਮ ਸਬੰਧੀ ਜਾਣਿਆ ਤਾਂ ਉਹਨਾਂ ਦੱਸਿਆ ਕਿ ਫਿਲਮ ਦੀ ਕਹਾਣੀ ਦੋ ਅਜਿਹੇ ਸਕੇ ਭਰਾਵਾਂ ਤੇ ਕੇਂਦਰਿਤ ਹੈ, ਜੋ ਸਕੀਆਂ ਭੈਣਾਂ ਨਾਲ ਹੀ ਵਿਆਹ ਕਰਵਾਉਣ ਦੀ ਖੁਹਾਇਸ਼ ਰੱਖਦੇ ਹਨ, ਪਰ ਆਪਣੇ ਇਸ ਮਕਸਦ ਨੂੰ ਪੂਰਾ ਕਰਨ ਲਈ ਉਹਨਾਂ ਨੂੰ ਕਈ ਤਰ੍ਹਾਂ ਦੀਆਂ ਦਿਲਚਸਪ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ ਵੱਲੋਂ

# ਯੂਨੀਅਨ ਸਿਟੀ ਦੀ ਲਾਇਬਰੇਰੀ ਵਿਖੇ ਕੈਂਡਲ ਲਾਈਟ ਪ੍ਰੋਗਰਾਮ ਕੀਤਾ ਗਿਆ

ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ ਦੀ ਪਿਛਲੇ ਦਿਨੀਂ ਮੀਟਿੰਗ ਹੋਈ ਜਿਸ ਵਿੱਚ ਅਮਰੀਕਾ ਦੇ ਨਿਊ ਟਾਊਨ ਖੇਤਰ ਦੇ ਸਕੂਲ ਵਿੱਚ ਵੜ ਕੇ ਮਸੂਮ ਬੱਚਿਆਂ ਅਤੇ ਟੀਚਰਾਂ ਦੀ ਜਾਨ ਲੈਣ ਵਾਲੀ ਘਟਨਾ ਨੇ ਸਭ ਨੂੰ ਰੁਆ ਕੇ ਰੱਖ ਦਿੱਤਾ। ਮਾਸੂਮ ਬੱਚਿਆਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕੈਂਡਲ ਲਾਈਟ ਜਗਾ ਕੇ ਪ੍ਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਦੀ ਆਤਮ ਸਾਂਤੀ ਲਈ ਪ੍ਰਮਾਤਮਾ ਦੇ ਚਰਨਾਂ ਚ ਅਰਦਾਸ ਬੇਨਤੀ ਕੀਤੀ ਗਈ। ਮੈਮੋਰੀਅਲ ਗਰੁੱਪ ਨੇ ਬੜੇ ਦੁੱਖੀ ਹਿਰਦੇ ਨਾਲ ਮੁਲਤਾਨੀ ਪ੍ਰਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੇ ਹੋਏ ਵਿਛੋੜਾ ਦੇ ਗਏ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ। ਪੰਜਾਬ ਵਿਚੋਂ ਆ ਰਹੀਆਂ ਦੁੱਖ ਦਾਇਕ ਖਬਰਾਂ, ਰੋਬਨਜੀਤ ਕੌਰ ਨਾਲ ਕੀਤੀ ਜਾ ਰਹੀ ਛੇੜਛਾੜ ਨੂੰ ਰੋਕਣ ਦੀ ਕੋਸਿਸ ਕਦੇ ਉਸ ਦੇ ਪਿਤਾ ਥਾਣੇਦਾਰ ਰਵਿੰਦਰਪਾਲ ਸਿੰਘ ਦਾ ਕਤਲ, ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਨਰਲ ਸਕੱਤਰ ਰਣਜੀਤ ਸਿੰਘ ਰਾਣਾ ਨੇ ਦਿਨ ਦਿਹਾੜੇ ਕੀਤਾ। ਮੈਮੋਰੀਅਲ ਗਰੁੱਪ ਥਾਣੇਦਾਰ ਰਵਿੰਦਰਪਾਲ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਾ ਹੋਇਆ, ਪ੍ਰਵਾਰ ਨਾਲ ਦੁੱਖ ਦੀ ਘੜੀ ਚ ਦੁੱਖ ਸਾਂਝਾ ਕਰਦਾ ਹੋਇਆ ਪੰਜਾਬ ਸਰਕਾਰ ਤੋਂ ਇਨ ਸਾਨੀਅਤ ਦੇ ਕਾਤਲ ਨੂੰ ਸਖਤ ਸਜਾ ਦੀ ਮੰਗ ਕਰਦਾ ਹੈ।

ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ ਦੇ ਸੱਦੇ ਤੇ ਦਲ ਖਾਲਸਾ ਅਲਾਇੰਸ ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਦਾਖਾ ਵਿਸ਼ੇਸ਼ ਤੌਰ ਤੇ ਪਹੁੰਚੇ ਜਿਨ੍ਹਾਂ ਨੇ ਕੈਂਡਲ ਲਾਈਟ ਅਤੇ ਅਰਦਾਸ ਵਿੱਚ ਹਿਸਾ ਲੈਂਦਿਆ ਕਿਹਾ ਕਿ ਬਾਬਰ 'ਤੇ ਜਾਬਰ ਪਹਿਲਾਂ ਵੀ ਸਨ ਅਤੇ ਅੱਜ ਵੀ ਮੌਜੂਦ ਹਨ। ਜਦੋਂ ਵੀ ਜਾਬਰ ਜੁਲਮ ਕਰਦੇ ਹਨ ਅਤੇ ਲੋਕਾਂ ਨੂੰ ਇਨਸਾਫ ਨਹੀਂ ਮਿਲਦਾ ਤਾਂ ਫਿਰ ਬਗਾਵਤਾਂ ਜਨਮ ਲੈਂਦੀਆਂ ਹਨ ਅਤੇ ਜਾਬਰਾਂ ਦੇ ਸਿਰ ਭੰਨਦੀਆਂ ਹਨ।




ਦਿੱਲੀ ਦੀ ਸ਼ਰਮਨਾਕ ਘਟਨਾ ਨੇ ਸਾਰੇ ਦੇਸ਼ ਵਿਦੇਸ਼ ਅੰਦਰ ਹਾਹਾਕਾਰ ਮਚਾ ਦਿੱਤੀ। ਗੁੰਡਿਆਂ ਵੱਲੋਂ ਕੀਤੀ ਗਈ ਗੰਦੀ ਹਰਕਤ ਨੇ ਇਨਸਾਫ ਪਸੰਦ ਲੋਕਾਂ ਦੇ ਦਿਲ ਕੰਬਾ ਦਿੱਤੇ, ਇਹ ਦਿਨ ਵੀ ਭਾਰਤ ਅੰਦਰ ਉਥੋਂ ਦੀਆਂ ਧੀਆਂ ਨੂੰ ਵੇਖਣੇ ਪੈਣੇ ਸਨ।

ਇਹਨਾਂ ਸ਼ਰਮਨਾਕ ਘਟਨਾਵਾਂ ਦਾ ਮੂੰਹ ਭੰਨਣ ਲਈ ਲੋਕਾਂ ਨੂੰ ਜਾਗਣਾ ਪਵੇਗਾ। ਕੁੱਖਾਂ ਅੰਦਰ, ਘਰਾਂ ਅੰਦਰ, ਬਜਾਰਾਂ ਅੰਦਰ, ਟੈਕਸੀਆਂ ਰੇਲਾਂ ਬਸਾਂ ਅੰਦਰ, ਧੀਆਂ ਉਪਰ ਅਜਾਦ ਭਾਰਤ ਮੁਲਕ ਅੰਦਰ ਏਨਾ ਜ਼ਬਰ ਜ਼ੁਲਮ ਕਿਉਂ ?

ਇੰਟਰਨੈਸ਼ਨਲ ਗਦਰ ਮੈਮੋਰੀਅਲ ਗਰੁੱਪ ਐਸੀਆਂ ਘਟਨਾਵਾਂ ਦੀ ਰੋਕਥਾਮ ਲਈ ਸਖਤ ਕਾਨੂੰਨਾਂ ਦੀ ਮੰਗ ਕਰਦਾ ਹੈ। "ਰਾਜੇ ਸ਼ੀਹ ਮੁਕੱਦਮ ਕੁੱਤੇ" ਜਿਥੇ ਹੋਣ ਉਥੇ ਕਿਸੇ ਦੀ ਇੱਜ਼ਤ ਮਹਿਫੂਜ ਨਹੀਂ ਰਹਿ ਸਕਦੀ। ਹਿੰਦੋਸਤਾਨ ਦੀ ਐਸੀ ਅਜਾਦੀ ਨਾਲੋਂ ਅੰਗਰੇਜਾਂ ਦੀ ਗੁਲਾਮੀ ਕਿਤੇ ਚੰਗੀ ਸੀ।

ਅਜਾਦ ਭਾਰਤ ਦੇ ਅੰਦਰੂਨੀ ਹਾਲਤਾਂ ਤੋਂ ਸ਼ਹੀਦ ਗਦਰੀ ਬਾਬਿਆਂ ਦੀਆਂ ਰੂਹਾਂ ਵੀ ਸ਼ਰਮ ਛਾਰ ਹੁੰਦੀਆਂ ਹੋਣਗੀਆਂ ਕਿਉਂਕਿ ਉਹਨਾਂ ਦੇ ਸੁਪਨਿਆਂ ਦਾ ਅਜੇ ਭਾਰਤ ਆਜ਼ਾਦ ਨਹੀਂ ਹੋਇਆ।

# ਹਰ ਬੰਦਾ ਇਕ 'ਐਨਰਜੀ' ਸੈਂਟਰ ਹੈ

ਹਰ ਚੀਜ਼ ਬੇਹੱਦ ਕੀਮਤੀ ਹੈ ਪਰ ਹਾਸਲ ਕਰਨ ਤੋਂ ਪਹਿਲਾਂ ਤੇ ਗੁਆ ਲੈਣ ਤੋਂ ਬਾਅਦ ਜੋ ਪ੍ਰਾਪਤ ਹੋ ਗਿਆ, ਉਸ ਦਾ ਮੁੱਲ ਅਕਸਰ ਸਾਨੂੰ ਯਾਦ ਨਹੀਂ ਰਹਿੰਦਾ। ਸਾਡੇ ਸੁਭਾਅ ਵਿਚ ਪਿੱਛੇ ਮੁੜ ਕੇ ਵੇਖਣ ਦਾ ਸ਼ੌਕ ਹਮੇਸ਼ਾ ਭਾਰੂ ਰਹਿੰਦਾ ਹੈ। ਬਹੁਤ ਸਰੇ ਕਲਾਕਾਰ ਜਿਊਂਦੇ ਜੀਅ ਪਹਿਚਾਣ ਨੂੰ ਵੀ ਤਰਸਦੇ ਰਹਿੰਦੇ ਹਨ ਪਰ ਤੁਰ ਜਾਣ ਮਗਰੋਂ ਸਰਕਾਰਾਂ ਤੇ ਜਨਤਾ ਉਨ੍ਹਾਂ ਨੂੰ ਸਨਮਾਨਾਂ ਨਾਲ ਲੱਦ ਦਿੰਦੀਆਂ ਹਨ। ਫੇਰ ਸਾਹਿਤਕ ਇਤਿਹਾਸ ਵਿਚ ਉਨ੍ਹਾਂ ਦੀ ਗੁਰਬਤ ਦੀ ਤਫ਼ਸੀਲ ਆਉਣ ਵਾਲੀਆਂ ਨਸਲਾਂ ਨੂੰ ਪ੍ਰੇਰਿਤ ਕਰਨ ਖਾਤਿਰ ਦਰਜ ਕੀਤੀ ਜਾਂਦੀ ਹੈ। ਸੋ ਕਈ ਵਾਰ ਇੰਝ ਲੱਗਦਾ ਹੈ ਕਿ ਜ਼ਿੰਦਗੀ ਦੀ ਬੇਇਨਸਫ਼ੀ ਦਾ ਤੋੜ, ਮੌਤ ਦੇ ਹੱਥੋਂ ਮੁਆਵਜ਼ੇ ਦੇ ਰੂਪ ਵਿਚ ਹੀ ਲੱਭੇਗਾ।

ਇਹੋ ਹਾਲ ਘਰਾਂ ਦੇ ਜੀਆਂ ਦਾ ਵੀ ਹੁੰਦਾ ਹੈ। ਉਹ ਜੋ ਕੁਝ ਮਰਜ਼ੀ ਕਰਨ, ਕਿਸੇ ਦੀ ਖਾਤਿਰ ਜਾਂ ਫੇਰ ਸਾਰਿਆਂ ਦੀ ਖਾਤਿਰ, ਬੇਲੋੜੇ ਜਿਹੇ ਹੀ ਜਾਣੇ ਜਾਂਦੇ ਹਨ। ਅਸੀਂ ਭੁੱਲ ਹੀ ਜਾਨੇ ਹਾਂ ਕਿ ਕੁਦਰਤ ਦੀ ਖੇਡ ਇੰਨੀ ਪ੍ਰਤੱਖ ਤੇ ਸੰਪੂਰਨ ਹੈ ਕਿ ਉਸ ਵਿਚ ਬਿਨਾਂ ਰੋਲ ਤੋਂ ਕੋਈ ਪਾਤਰ ਇਕ ਪਲ ਵੀ ਨਹੀਂ ਹੰਢਾ ਸਕਦਾ, ਨਾ ਹੀ ਅਸੀਂ ਉਸ ਮਾਲਕ ਦੀ ਸਕ੍ਰਿਪਟ ਵਿਚ ਆਪਣਾ ਰੋਲ ਆਪਣੀ ਮਰਜ਼ੀ ਨਾਲ ਘਟਾ-ਵਧਾ ਸਕਦੇ ਹਾਂ। ਜਿਹੜਾ ਕਿਸੇ ਦਾ ਸਾਡੀ ਜ਼ਿੰਦਗੀ ਵਿਚ ਹੋਣ ਦਾ ਸਾਨੂੰ ਮਕਸਦ ਨਜ਼ਰ ਨਹੀ ਆਉਂਦਾ, ਓਹਦੇ ਹੋਣ ਦੇ ਕੋਈ ਅਰਥ ਤਾਂ ਜ਼ਰੂਰ ਹਨ। ਬਿਹਤਰ ਇਹੋ ਹੁੰਦਾ ਹੈ ਕਿ ਹਿਸਾਬ ਚੁਕਤਾ ਕਰੀਏ, ਨਹੀਂ ਸੂਦ ਸਮੇਤ ਉਤਾਰਨਾ ਤਾਂ ਪਵੇਗਾ।

ਕੁਦਰਤ ਦੀਆਂ ਕਿੰਨੀਆਂ ਹੀ ਵਿਉਂਤਾਂ ਵਕਤ ਬੀਤਣ 'ਤੇ ਸਮਝ ਆਉਂਦੀਆਂ ਹਨ। ਹਰ 'ਕਿਉਂ' ਦਾ ਜਵਾਬ ਓਸੇ ਵੇਲੇ ਜੇ ਨਾ ਵੀ ਮਿਲੇ ਤਾਂ ਵੀ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਘਟਨਾ ਬਿਨਾਂ ਵਜ੍ਹਾ ਵਾਪਰੀ ਹੈ। ਕਈ ਵਾਰ ਇਕ ਬਿਓਰੇ ਨਾਲ ਹੀ ਇਨਸਾਨ ਮੁਰਝਾ ਜਾਂਦਾ ਹੈ ਪਰ ਕੌੜਾ ਸੱਚ ਇਹ ਹੈ ਕਿ ਇਸ ਜਗ ਦੇ ਮੇਲੇ 'ਤੇ ਸਭ ਚਲੋ-ਚਲੀ ਦੀ ਕਹਾਣੀ ਹੈ। ਹਮੇਸ਼ਾ-ਹਮੇਸ਼ਾ ਲਈ ਨਾ ਤਾਂ ਅਸੀਂ ਹੀ ਆ ਗਏ ਹਾਂ ਤੇ ਨਾ ਹੀ ਜ਼ਿੰਦਗੀ ਦਾ ਕੋਈ ਹੋਰ ਪੱਖ ਟਿਕਿਆ ਰਹਿ ਸਕਦਾ ਹੈ। ਜਿੰਨਾ ਜ਼ਰੂਰੀ ਕਿਸੇ ਦਾ ਕਿਸੇ ਵੇਲੇ ਆਉਣਾ ਹੁੰਦਾ ਹੈ, ਓਨਾ ਹੀ ਜ਼ਰੂਰੀ ਓਸਦਾ ਚਲੇ ਜਾਣਾ ਵੀ ਹੁੰਦਾ ਹੈ ਪਰ ਇਸ ਗੱਲ ਦੀ ਸਮਝ ਉਦੋਂ ਨਹੀਂ ਹੁੰਦੀ। ਵਜ੍ਹਾ ਇਹ ਹੈ ਕਿ ਅਸੀਂ ਸਾਰੇ ਆਪੋ-ਆਪਣੇ ਸਫ਼ਰ 'ਤੇ ਨਿਕਲੇ ਹਾਂ। ਦੂਜੀਆਂ ਰੂਹਾਂ ਨੇ ਆਪੋ-ਆਪਣਾ ਲੇਖਾ ਸਾਡੇ ਨਾਲ ਪੁਗਾ ਆਪਣਾ ਸਫ਼ਰ ਪੂਰਾ ਕਰਨਾ ਹੈ। ਸਾਰੀ ਉਮਰ ਦੀ ਨਿਰਭਰਤਾ ਤਾਂ ਇਨਸਾਨ ਨੂੰ ਨਕਾਰਾ ਕਰ ਦਿੰਦੀ ਹੈ। ਕਦੇ ਬੱਚਿਆਂ ਨੂੰ ਸਾਈਕਲ ਚਲਾਉਂਦੇ ਵੇਖਿਆ ਹੈ। ਪਹਿਲਾਂ ਬੈਲੇਂਸ ਦੀ ਲੋੜ ਨਹੀਂ ਹੁੰਦੀ ਕਿਉਂਕਿ ਤਿੰਨ ਪਹੀਏ ਬੈਲੇਂਸ ਬਣਾਈ ਰੱਖਦੇ ਹਨ। ਫਿਰ ਜੇ ਬੱਚਾ ਦੋ ਪਹੀਆਂ ਵਾਲੇ ਸਾਈਕਲ 'ਤੇ ਸਵਾਰ ਹੋਵੇ ਤਾਂ ਉਸਦੇ ਨਾਲ ਸੁਪੋਰਟ ਲਈ ਦੋ ਐਂਕਰ ਵੀ ਹੁੰਦੇ ਹਨ। ਫੇਰ ਉਸ ਨੂੰ ਬਿਨਾਂ ਕਿਸੇ ਮਦਦ ਦੇ ਪੈਡਲ ਮਾਰ ਚਲਾਉਣ ਦਾ ਢੰਗ ਆ ਜਾਂਦਾ ਹੈ ਤੇ ਜੇ ਕਿਤੇ ਸਾਰੀ ਉਮਰ ਐਂਕਰਾਂ ਦੀ ਆਦਤ ਪਾਈ ਰੱਖੇ ਤਾਂ ਫੇਰ ਉਸਦਾ ਵਿਕਸਿਤ ਹੋਣਾ ਨਾਮੁਮਕਿਨ ਹੈ। ਉਵੇਂ ਹੀ ਜ਼ਿੰਦਗੀ ਦਾ ਅਸਥਿਰ ਰੂਪ ਹੀ ਸਾਨੂੰ ਸਥਿਰਤਾ ਦਿੰਦਾ ਹੈ। ਹਰ ਰਿਸ਼ਤੇ 'ਚੋਂ ਹੀ ਉਸ ਦੇ ਬਣੇ ਰਹਿਣ ਦੀ ਜਾਂ ਟੁੱਟ ਜਾਣ ਦੀ ਵਜ੍ਹਾ ਲੱਭ ਜਾਂਦੀ ਹੈ। ਕਿਸੇ ਇਨਸਾਨ ਦੀ ਘਾਟ (ਮਹਿਸੂਸ ਭਾਵੇਂ ਕਰ ਲਵੋ) ਆਪਣੀਆਂ ਬਾਕੀ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਦੀ ਅਰਜ਼ੀ ਨਹੀਂ ਬਣ ਸਕਦੀ ਤੇ ਵੱਡੀ ਗੱਲ ਹਰ ਬੰਦਾ ਇਕ 'ਐਨਰਜੀ ਸੈਂਟਰ' ਹੈ। ਤੁਹਾਨੂੰ ਵੀ ਲੱਗਦਾ ਹੀ ਹੋਣੈ, ਕਈਆਂ ਕੋਲ ਬੈਠਦੇ ਸਾਰ ਮਨ ਤਰੋ-ਤਾਜ਼ਾ ਮਹਿਸੂਸ ਕਰਨ ਲੱਗ ਪੈਂਦਾ ਹੈ ਤੇ ਕਈਆਂ ਨੇ ਹਾਲੇ ਕੋਈ ਗੱਲ ਵੀ ਨਹੀਂ ਆਖੀ ਹੁੰਦੀ, ਬਹਿੰਦਿਆਂ ਸਾਰ ਲੱਗਦਾ ਹੈ ਕਿ ਕਈ ਮਹੀਨਿਆਂ ਦੀ ਥਕਾਵਟ ਚੜ੍ਹਾ ਬੈਠੇ ਹਾਂ। ਸਮਝੋ ਅਗਲੇ ਨੇ ਤੁਹਾਡੀ ਸਾਰੀ ਸ਼ਕਤੀ ਆਪਣੀ ਸੋਹਬਤ ਨਾਲ ਹੀ ਖੋਹ ਲਈ।

ਜਦੋਂ ਇੰਨੀ ਕੁ ਗੱਲ ਹੀ ਸਮਝ ਆ ਜਾਵੇ ਕਿ ਆਲਾ-ਦੁਆਲਾ ਹਰ ਕਿਸੇ ਲਈ ਹੀ ਵੱਸੋਂ ਬਾਹਰ ਹੈ। ਆਪਣੇ ਮਨ ਵਿਚ ਹੀ ਹਰ ਕਿਸਮ ਦੀ ਖ਼ੁਰਾਕ ਦਾ ਉਤਪਾਦਨ ਕਰਨਾ ਪੈਂਦਾ ਹੈ ਤਾਂ ਕਿ ਜੇ ਬਾਹਰ ਦੀ ਦੁਨੀਆ ਤੋਂ ਆਪਣਾ ਹਿੱਸਾ ਘੱਟ-ਵਧ ਹੀ ਨਸੀਬ ਹੋਵੇ ਤਾਂ ਵੀ ਆਪਣੀ ਫ਼ਿਤਰਤ ਉਹ ਘਾਟ ਪੂਰੀ ਕਰਨ ਦੇ ਸਮਰੱਥ ਹੋਵੇ। ਕਿਸੇ ਸ਼ਾਇਰ, ਲੇਖਕ, ਕਲਾਕਾਰ ਨੂੰ ਫਰੋਲ ਕੇ ਵੇਖ ਲਵੋ, ਉਹ ਇੰਨਾ ਕੁ ਇਕੱਲਾ ਹੁੰਦਾ ਹੈ ਕਿ ਉਸ ਨੂੰ ਆਪਣੀ ਖਾਤਿਰ ਮਹਿਫਿਲ ਸਜਾਉਣੀ ਪੈਂਦੀ ਹੈ।

# ਪੰਜਾਬੀਆਂ ਨੇ ਪਿਸਤੌਲ ਖਰੀਦਣ 'ਤੇ ਡੇਢ ਅਰਬ ਰੁਪਏ ਉਡਾਏ

ਸ੍ਰੀ ਮੁਕਤਸਰ ਸਾਹਿਬ- ਅਸਲਾ ਹੁਣ ਪੰਜਾਬੀਆਂ ਲਈ 'ਸਟੇਟਸ ਸਿੰਬਲ' ਬਣ ਗਿਆ ਹੈ। ਜਾਨ ਦੀ ਹਿਫ਼ਾਜ਼ਤ ਨਾਲੋਂ ਸ਼ਾਨ ਲਈ ਅਸਲਾ ਵੱਧ ਖਰੀਦਿਆ ਜਾਂਦਾ ਹੈ। ਪ੍ਰਸ਼ਾਸਨ ਵੱਲੋਂ ਅਸਲਾ ਲਾਇਸੈਂਸ ਬਣਾਉਣ ਦੀ ਪ੍ਰਕਿਰਿਆ ਕਾਫੀ ਔਖੀ ਕਰਨ ਅਤੇ ਲਾਇਸੈਂਸ ਫੀਸਾਂ ਵਿੱਚ ਭਾਰੀ ਵਾਧਾ ਕਰਨ ਦੇ ਬਾਵਜੂਦ ਅਸਲਾ ਲਾਇਸੈਂਸ ਬਣਾਉਣ ਦੀਆਂ ਅਰਜ਼ੀਆਂ ਵਿੱਚ ਕੋਈ ਘਾਟ ਨਹੀਂ ਆਈ। ਅਸਲਾ ਲਾਇਸੈਂਸ ਬਣਾਉਣ ਉਪਰ ਸਮੇਂ ਦੀ ਖਪਤ ਤੋਂ ਬਿਨਾਂ 20 ਹਜ਼ਾਰ ਰੁਪਏ ਦੇ ਕਰੀਬ ਸਿੱਧੇ ਤੇ ਅਸਿੱਧੇ ਖਰਚੇ ਪੈ ਜਾਂਦੇ ਹਨ। ਉਸ ਤੋਂ ਬਾਅਦ ਅਸਲਾ ਖਰੀਦਣ 'ਤੇ ਕਰੀਬ ਲੱਖ ਰੁਪਏ ਖਰਚ ਹੋ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀਆਂ ਨੇ ਅਰਬਾਂ ਰੁਪਏ ਦਾ ਅਸਲਾ ਖਰੀਦ ਕੇ 'ਟਰੰਕਾਂ' ਵਿੱਚ ਸਾਂਭ ਦਿੱਤਾ ਹੈ। ਲਾਇਸੈਂਸ ਹੋਲਡਰਾਂ ਦੀ ਪਹਿਲੀ ਪਸੰਦ ਭਾਰਤੀ ਅਸਲਾ ਫੈਕਟਰੀਆਂ ਵੱਲੋਂ ਬਣਾਇਆ ਜਾਂਦਾ ਰਿਵਾਲਵਰ ਜਾਂ ਪਿਸਟਲ ਖਰੀਦਣ ਦੀ ਹੁੰਦੀ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਰਿਵਾਲਵਰ ਪਹਿਲੀ ਪਸੰਦ ਸੀ ਪਰ ਹੁਣ ਪਿਸਟਲ ਖਿੱਚ ਦਾ ਕਾਰਨ ਬਣਿਆ ਹੋਇਆ ਹੈ। ਪਿਛਲੇ ਪੰਜ ਸਾਲਾਂ ਵਿੱਚ ਪੰਜਾਬੀਆਂ ਨੇ 12 ਹਜ਼ਾਰ 596 ਰਿਵਾਲਵਰ ਤੇ 2476 ਪਿਸਟਲ ਖਰੀਦੇ ਹਨ। ਇਸ ਤੋਂ ਬਿਨਾਂ 12 ਬੋਰ ਬੰਦੂਕਾਂ ਤੇ ਰਾਈਫਲਾਂ ਬੋਲੀ 'ਤੇ ਖਰੀਦੀਆਂ ਅਤੇ ਪੁਰਾਣੇ ਅਸਲੇ ਦੀ ਖਰੀਦ ਦੀ ਗਿਣਤੀ ਵੱਖਰੀ ਹੈ। ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਅਨੁਸਾਰ ਫੀਲਡ ਗੰਨ ਫੈਕਟਰੀ ਕਾਨਪੁਰ ਨੇ ਜਨਵਰੀ 2005 ਤੋਂ ਲੈ ਕੇ ਮਈ 2005 ਤੱਕ ਪੂਰੇ ਭਾਰਤ ਵਿੱਚ 72,741 ਰਿਵਾਲਰ ਵੇਚੇ ਹਨ, ਜਿਨ੍ਹਾਂ ਵਿੱਚੋਂ ਇਕੱਲੇ ਪੰਜਾਬੀਆਂ ਨੇ 12,596 ਰਿਵਾਲਵਰ ਖਰੀਦੇ ਹਨ। ਫੀਲਡ ਗੰਨ ਫੈਕਟਰੀ ਕਾਨਪੁਰ ਦੇ ਛੋਟੀ ਨਾਲੀ ਵਾਲੇ ਰਿਵਾਲਵਰ ਦੀ ਕੀਮਤ 85652 ਰੁਪਏ ਅਤੇ ਲੰਬੀ ਨਾਲੀ ਵਾਲੇ ਰਿਵਾਲਵਰ ਦੀ ਕੀਮਤ 1 ਲੱਖ 12 ਹਜ਼ਾਰ 843 ਰੁਪਏ ਹੈ। ਇਸ ਤਰ੍ਹਾਂ ਗੰਨ ਐਂਡ ਸ਼ੈਲ ਫੈਕਟਰੀ ਕੋਸੀਪੋਰ (ਕਲਕੱਤਾ) ਨੇ ਮਈ 2005 ਤੋਂ ਮਈ 2012 ਤੱਕ 2476 ਪਿਸਟਲ ਪੰਜਾਬ ਦੇ ਲਾਇਸੈਂਸੀਆਂ ਨੂੰ 87,742 ਰੁਪਏ ਦੇ ਹਿਸਾਬ ਨਾਲ ਵੇਚੇ ਹਨ। ਇਨ੍ਹਾਂ ਦੋਵਾਂ ਫੈਕਟਰੀਆਂ ਤੋਂ ਸੱਤ ਸਾਲਾਂ ਵਿੱਚ ਕੁੱਲ 15 ਹਜ਼ਾਰ 72 ਰਿਵਾਲਵਰ ਤੇ ਪਿਸਟਲ ਪੰਜਾਬੀਆਂ ਨੇ ਖਰੀਦੇ ਹਨ। ਇਸ ਬਦਲੇ ਔਸਤਨ 1 ਅਰਬ 28 ਕਰੋੜ 11 ਲੱਖ ਰੁਪਏ ਤੋਂ ਵੱਧ ਰਿਵਾਲਵਰ ਤੇ ਪਿਸਟਲ ਖਰੀਦਣ 'ਤੇ ਹੀ ਖਰਚੇ ਹਨ।

# ਮਾਂ ਅਤੇ ਮਿੱਟੀ ਦੀ ਖਿੱਚ

ਹਰ ਮਿੱਟੀ ਦੀ ਇਕ ਫਿਤਰਤ ਹੁੰਦੀ ਹੈ ਕਿ ਉਹ ਆਪਣੇ ਜਾਇਆਂ ਨੂੰ ਆਪਣੀ ਗੋਦ 'ਚ ਜਕੜ ਕੇ ਰੱਖਦੀ ਹੈ। ਫਿਰ ਚਾਹੇ ਕੋਈ ਬੂਟਾ ਹੋਵੇ ਜਾਂ ਇਨਸਾਨ ਆਪਣੀ ਮਿੱਟੀ ਤੋਂ ਟੁੱਟ ਕੇ ਕੋਈ ਵੀ ਜ਼ਿਆਦਾ ਦੇਰ ਤੱਕ ਜਿਉਂਦਾ ਨਹੀਂ ਰਹਿ ਸਕਦਾ ਸਗੋਂ ਮਿੱਟੀ ਤੋਂ ਜੁਦਾ ਹੋ ਕੇ ਪੌਦਾ ਜਾਂ ਇਨਸਾਨ ਪਹਿਲਾਂ ਮੁਰਝਾ ਜਾਂਦਾ ਹੈ ਅਤੇ ਫੇਰ ਸੁੱਕ ਫੜ ਕੇ ਮਿੱਟੀ ਵਿਚ ਹੀ ਮਲੀਨ ਹੋ ਜਾਂਦਾ ਹੈ। ਰੁੱਖ ਚਾਹੇ ਕਿੰਨਾ ਵੀ ਉੱਚਾ ਕਿਉਂ ਨਾ ਹੋਵੇ ਉਸ ਦੀਆਂ ਜੜ੍ਹਾਂ ਹਮੇਸ਼ਾ ਜ਼ਮੀਨ ਵਿਚ ਹੀ ਰਹਿੰਦੀਆਂ ਹਨ। ਉਵੇਂ ਇਨਸਾਨ ਭਾਵੇਂ ਜ਼ਿੰਦਗੀ ਦੇ ਕਿਸੇ ਵੀ ਕੋਨੇ ਵਿੱਚ ਚਲਾ ਜਾਵੇ ਆਪਣੀ ਮਾਂ ਅਤੇ ਮਿੱਟੀ ਤੋਂ ਦੂਰ ਨਹੀਂ ਹੋ ਸਕਦਾ। ਉਸ ਦਾ ਦਿਲ ਹਮੇਸ਼ਾ ਹੀ ਆਪਣੀ ਜਨਮਭੂਮੀ ਲਈ ਧੜਕਦਾ ਹੈ। ਉਸ ਨੂੰ ਸੁਪਨਿਆਂ ਵਿੱਚ ਵੀ ਆਪਣੀ ਮਾਂ ਦੀਆਂ ਹਾਕਾਂ ਵਜਦੀਆਂ ਸੁਣਦੀਆਂ ਹਨ।

ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ 36 ਕਿਸਮ ਦੇ ਭੋਜਨ ਤੋਂ ਵੀ ਵਧੀਆ ਲਗਦੀਆਂ ਹਨ। ਜਿਨ੍ਹਾਂ ਕੋਈ ਆਪਣੀ ਜਨਮ ਭੂਮੀ ਤੋਂ ਦੂਰ ਹੁੰਦਾ ਹੈ। ਉਨੀ ਹੀ ਸ਼ਿਦੱਤ ਉਸ ਦੇ ਦਿਲ ਵਿੱਚ ਉਸ ਪ੍ਰਤੀ ਵਧਦੀ ਜਾਂਦੀ ਹੈ। ਇੱਕ ਹਸਰਤ ਉਸ ਦੇ ਦਿਲ ਵਿਚ ਹਮੇਸ਼ਾ ਹੀ ਪਲਦੀ ਰਹਿੰਦੀ ਹੈ ਕਿ ਕਾਸ਼ ! ਉਹ ਇਕ ਪੰਛੀ ਬਣ ਜਾਵੇ ਉਸ ਦੇ ਪਰ ਨਿਕਲ ਆਉਣ ਤਾਂ ਕਿ ਉਹ ਝੱਟ ਉਡ ਕੇ ਆਪਣੇ ਵਤਨ ਪਹੁੰਚ ਜਾਵੇ ਅਤੇ ਆਪਣੀ ਮਾਂ ਦੀ ਗੋਦ ਵਿਚ ਸਿਰ ਰਖ ਸਕੇ।



ਇਸ ਗੱਲ ਦਾ ਅਹਿਸਾਸ ਮੈਨੂੰ ਉਸ ਸਮੇਂ ਬੜੀ ਸ਼ਿਦਤ ਨਾਲ ਹੋਇਆ ਜਦੋਂ ਆਸਟ੍ਰੇਲੀਆਪ੍ਰਵਾਸ ਤੋਂ ਬਾਅਦ ਮੇਰੇ ਲਈ ਆਪਣੇ ਸੋਹਣੇ ਪੰਜਾਬ ਜਾਣ ਦਾ ਮੌਕਾ ਬਣਿਆ। ਜਾਣ ਦੀ ਤਰੀਕ ਤੈਅ ਹੁੰਦਿਆਂ ਹੀ ਆਪਣੀ ਮਿੱਟੀ ਨੂੰ ਮਿਲਣ ਦੀ ਚਾਹਤ ਦਿਨੋਂ-ਦਿਨ ਤੀਬਰ ਹੁੰਦੀ ਗਈ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਚੰਦਰਾ ਵਕਤ ਗੁਜ਼ਰ ਹੀ ਨਾ ਰਿਹਾ ਹੋਵੇ, ਦਿਨ ਜਿਵੇਂ ਸਦੀਆਂ ਬਣ ਗਏ ਹੋਣ। ਇਹ ਕੁਝ ਹੀ ਦਿਨਾਂ ਦਾ ਸਫਰ ਕਿਵੇਂ ਬੀਤਿਆ ਇਹ ਮੇਰਾ ਦਿਲ ਹੀ ਜਾਣਦਾ ਹੋ ਅਤੇ ਅੰਤ ਨੂੰ ਉਹ ਸੁਭਾਗੀ ਘੜੀ ਆ ਪਹੁੰਚੀ ਜਦੋਂ ਵਤਨ ਨੂੰ ਜਾਣ ਵਾਲੇ ਜਹਾਜ਼ ਵਿਚ ਬੈਠਿਆ ਅਤੇ ਇਸ ਸਫਰ ਦੌਰਾਨ ਵੀ ਸਮ੍ਹਾਂ ਜਿਵੇਂ ਖਲੋ ਹੀ ਗਿਆ ਹੋਵੇ । ਮੈਂ ਸਫਰ ਤਾਂ ਜਹਾਜ਼ ਵਿਚ ਕਰ ਰਿਹਾ ਸੀ ਪਰੰਤੂ ਮੇਰੇ ਖਿਆਲ ਮੇਰੇ ਪੰਜਾਬ ਵਿਚਲੇ ਘਰ ਦੀ ਪਰਿਕਰਮਾ ਹੀ ਕਰ ਰਹੇ ਸਨ। ਜਿਵੇਂ ਸਾਰਾ ਬ੍ਰਹਿਮੰਡ ਸੁੰਗੜ ਦੇ ਇਕ ਬਿੰਦੂ ਬਣ ਗਿਆ ਹੋਵੇ ਅਤੇ ਅੰਤ ਨੂੰ ਆਪਣੇ ਵਤਨ ਦੀ ਸਰਜ਼ਮੀਨ ਉੱਤੇ ਪੈਰ ਰੱਖਣ ਦੀ ਖੁਸ਼ਕਿਸਮਤੀ ਮੇਰੇ ਹਿੱਸੇ ਵੀ ਆ ਹੀ ਗਈ । ਉਸ ਮਿੱਟੀ ਦੀ ਖਿੱਚ ਦਾ ਵਰਨਣ ਸ਼ਬਦਾਂ ਵਿੱਚ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਮੇਰਾ ਦਿਲ ਭਰਿਆ ਹੋਇਆ ਸੀ ਤੇ ਡੁੱਬਡਬਾਂਦੀਆਂ ਅੱਖਾਂ ਮੇਰੀ ਅੰਦਰੂਨੀ ਹਾਲਤ ਨੂੰ ਬਿਆਨ ਕਰ ਰਹੀਆਂ ਸੀ । ਮੇਰੀ ਪਤਨੀ ਵੀ ਮੇਰੀ ਇਸ ਹਾਲਤ ਤੋਂ ਭਲੀ ਭਾਂਤੀ ਜਾਣੂ ਸੀ ਕਿ ਅੱਜ ਦਾ ਦਿਨ ਸਾਡੇ ਲਈ ਕੀ ਮਾਇਨੇ ਰੱਖ ਰਿਹਾ ਸੀ ਤੇ ਬੀਤੇ ਸਾਲ ਅੱਜ ਦੇ ਦਿਨ ਲਈ ਕਿਸ ਤਰ੍ਹਾਂ ਲੰਘਾਏ ।

ਏਅਰਪੋਰਟ 'ਤੇ ਸਾਰੇ ਸਾਡੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਏਅਰਪੋਟ ਉੱਤੇ ਮੇਰੇ ਮਾਤਾ ਜੀ, ਭੈਣਾਂ, ਵੱਡਾ ਵੀਰ, ਭਰਜਾਈ, ਬੱਚੇ ਤੇ ਸਹੁਰਾ ਪਰਿਵਾਰ ਸਾਨੂੰ ਬਾਹਰ ਆਉਂਦਿਆਂ ਨੂੰ ਦੇਖ ਕੇ ਖੁਸ਼ੀ ਨਾਲ ਫੁੱਲੇ ਨਹੀ ਸਮਾ ਰਹੇ ਸਨ। ਸਾਰਿਆਂ ਨੂੰ ਮਿਲ ਕੇ ਅੰਤ ਵਿਚ ਜਦੋਂ ਮੈਂ ਆਪਣੀ ਮਾਂ ਨੂੰ ਮਿਲਿਆ ਤਾਂ ਉਹ ਡਡਿਆ ਕੇ ਮੇਰੇ ਗਲ ਲਗ ਗਈ।

ਇੰਝ ਲਗਦਾ ਸੀ ਜਿਵੇਂ ਸਾਰੀ ਕਾਇਨਾਤ ਇੱਕ ਥਾਂਵੇ ਠਹਿਰ ਗਈ ਹੋਵੇ ਵਕਤ ਜਿਵੇਂ ਚਲਣੋਂ ਭੁੱਲ ਗਿਆ ਹੋਵੇ ਅਸੀਂ ਦੋਵੇਂ ਚੁੱਪ ਸਾਂ ਪਰ ਸਾਡੇ ਦੋਵਾਂ ਦੀਆਂ ਅੱਖਾਂ ਵਿੱਚ ਵਹਿੰਦੇ ਪਰਲ-ਪਰਲ ਹੰਝੂ ਸਾਡੇ ਦਿਲ ਦੀ ਭਾਸ਼ਾ ਨੂੰ ਬਿਆਨ ਕਰ ਰਹੇ ਸਨ। ਇਸ ਤਰ੍ਹਾਂ ਜਾਪਦਾ ਸੀ ਕਿ ਜਿਵੇਂ ਰੋਟੀ ਦੇ ਦਸ਼ਰਥ ਵਲੋਂ ਦਿੱਤੇ ਗਏ ਬਨਵਾਸ ਤੋਂ ਪਰਤ ਕੇ ਘਰ ਮੁੜਿਆ ਹੋਵਾਂ। ਆਪਣੇ ਘਰ ਆ ਕੇ ਘਰ ਦੀ ਦਹਲੀਜ਼ ਨੂੰ ਸਲਾਮ ਕੀਤਾ। ਇੱਕ ਵਾਰ ਤਾਂ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਮੈਂ ਆਪਣੇ ਉਸ ਘਰ ਪਹੁੰਚ ਗਿਆ ਹਾਂ ਜਿਥੇ ਬਚਪਨ ਵਿਚ ਖੇਡਿਆ, ਸ਼ਰਾਰਤਾਂ ਕੀਤੀਆਂ ਪਰਿਵਾਰ ਦਾ ਪਿਆਰ ਤੇ ਝਿੜਕਾਂ ਖਾਧੀਆਂ।

ਮੈਂ ਇੰਨਾ ਉਧਾਰੇ ਮਿਲੇ ਦਿਨਾਂ ਨੂੰ ਆਪਣੇ ਢੰਗ ਨਾਲ ਬਿਤਾਇਆ। ਜ਼ਿਆਦਾ ਸਮਾਂ ਆਪਣੇ ਪਰਿਵਾਰ ਵਿਚ ਹੀ ਗੁਜ਼ਾਰਿਆ ਘਰ ਵਿਚ ਵੱਡਾ ਵੀਰ, ਮਾਤਾ ਜੀ, ਭਾਬੀ, ਭਤੀਜਾ-ਭਤੀਜੀ ਦੇ ਨਾਲ-ਨਾਲ ਮੈਂ ਮੇਰੀ ਪਤਨੀ ਅਤੇ ਮੇਰਾ ਦੋ ਸਾਲ ਦੇ ਬੇਟੇ ਦੇ ਆਉਣ ਨਾਲ ਇੱਕ ਵਿਆਹ ਵਰਗਾ ਮਾਹੌਲ ਬਣ ਗਿਆ ਸੀ। ਦਿਨ ਕਦੋਂ ਚੜ੍ਹਦਾ ਤੇ ਕਦੋਂ ਢਲਦਾ ਕੁਝ ਪਤਾ ਹੀ ਨਾ ਲਗਦਾ ਵਕਤ ਨੂੰ ਜਿਵੇਂ ਖੰਭ ਲੱਗ ਗਏ ਹੋਣ ਇਸ ਤਰ੍ਹਾਂ ਉੜਿਆ ਜਾ ਰਿਹਾ ਸੀ । ਇਨ੍ਹਾਂ ਦਿਨਾਂ ਵਿੱਚ ਬੀਤੇ ਸਮੇਂ ਦੀਆਂ ਯਾਦਾਂ ਤਾਜ਼ਾ ਕੀਤੀਆਂ ਪੁਰਾਣੇ ਬੇਲੀਆਂ ਨੂੰ ਮਿਲਿਆ, ਸਕੂਲ-ਕਾਲਜ਼ਜ ਦੇ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਇਸ ਸਮੇਂ ਦੌਰਾਨ ਕੁਝ ਖਾਸਮ ਖਾਸਾਂ ਦਾ ਸਦੀਵੀ ਵਿਛੋੜਾ ਵੀ ਮਨ ਨੂੰ ਦੁਖੀ ਕਰ ਰਿਹਾ ਸੀ । ਬਚਪਨ ਵਿਚ ਹੀ ਪਿਤਾ ਜੀ ਦੇ ਅਕਾਲ ਚਲਾਣੇ ਮਗਰੋਂ ਸਾਡੀ ਮਾਤਾ ਨੇ ਸਾਡੇ ਪਰਿਵਾਰ ਨੂੰ ਕਿਸ ਤਰ੍ਹਾਂ ਸੰਭਾਲਿਆ ਇਹ ਸਿਰਫ ਸਾਡਾ ਪਰਿਵਾਰ ਜਾਣਦਾ ਸੀ ਪਰੰਤੂ ਅੱਜ ਆਪਣਾ ਹਰਿਆ-ਭਰਿਆ ਪਰਿਵਾਰ ਦੇਖ ਕੇ ਉਸ ਦੀ ਖੁਸ਼ੀ ਸੰਭਾਲੇ ਤੋਂ ਵੀ ਨਹੀਂ ਸੀ ਰੁੱਕ ਰਹੀ । ਘਰ ਆਇਆ ਦਿਨ ਕਿਵੇਂ ਬੀਤਣ ਲੱਗੇ ਪਤਾ ਹੀ ਨਾ ਲੱਗਾ ਅਤੇ ਵਾਪਸ ਪਰਤਣ ਦਾ ਦਿਨ ਨੇੜੇ ਆਉਣ ਲੱਗਾ। ਜਿਵੇਂ-ਜਿਵੇਂ ਇਹ ਤਰੀਕ ਨੇੜੇ ਆਉਣ ਲੱਗੀ ਦਿਲ ਨੂੰ ਖੋਹ ਜਿਹੀ ਪੈਂਦੀ । ਦਿਲ ਕਰਦਾ ਕਿ ਸਮਾਂ ਠਹਿਰ ਜਾਵੇ, ਘੜੀਆਂ ਰੁੱਕ ਜਾਣ ਪਰ ਸਮਾਂ ਤਾਂ ਦੌੜਿਆ ਜਾ ਰਿਹਾ ਸੀ । ਅੰਤ ਵਿਚ ਉਹ ਦਿਨ ਵੀ ਆ ਗਿਆ ਜਦੋਂ ਦੁਬਾਰਾ ਆਪਣੀ ਮਿੱਟੀ ਨੂੰ ਅਲਵਿਦਾ ਆਖਣਾ ਸੀ। ਸਾਡੇ ਘਰੋਂ ਤੁਰਨ ਵੇਲੇ ਸਾਰੇ ਸਕੇ-ਸਬੰਧੀਆਂ ਦੇ ਮਨ ਮੁਰਝਾਏ ਹੋਏ ਸਨ ਪਰ ਮਾਂ ਦੇ ਚਿਹਰੇ ਉਪਰ ਇਕ ਡੂੰਘੀ ਖਾਮੋਸ਼ੀ ਛਾਈ ਹੋਈ ਸੀ ।ਲੱਗਦਾ ਸੀ ਕਿ ਜਿਵੇਂ ਸ਼ਬਦ ਉਸ ਦੇ ਅੰਦਰ ਜਿਵੇਂ ਬਰਫ ਬਣ ਗਏ ਹੋਣ । ਉਸ ਦੀ ਡੂੰਘੀ ਚੁੱਪ ਜਿਵੇਂ ਆਪਣੇ ਆਪ ਵਿੱਚ ਦਰਦ ਦਾ ਇਕ ਇਤਿਹਾਸ ਸਮੋਈ ਬੈਠੀ ਸੀ । ਉਸ ਦੇ ਨਾ ਬੋਲਣ ਦੇ ਬਾਵਜੂਦ ਵੀ ਉਸਦੇ ਦਿਲ ਦੀ ਆਵਾਜ਼ ਸਾਫ ਸੁਣਾਈ ਦੇ ਰਹੀ ਸੀ । ਉਸ ਦੀਆਂ ਉਦਾਸ ਅੱਖਾਂ ਮੈਨੂੰ ਜਿੱਥੇ ਨਾ ਜਾਣ ਬਾਰੇ ਤਰਲਾ ਕਰ ਰਹੀਆਂ ਹੋਣ । ਉਸ ਦੇ ਭਾਵਾਂ ਨੂੰ ਸਮਝਣ ਦੇ ਬਾਵਜੂਦ ਮੇਰਾ ਉਸ ਵੱਲ ਦੇਖਣ ਦਾ ਹੌਸਲਾ ਨਹੀਂ ਸੀ ਪੈ ਰਿਹਾ ਜਿਵੇਂ ਮੈਂ ਉਸ ਤੋਂ ਅੱਖਾਂ ਚੁਰਾ ਰਿਹਾ ਹੋਵਾਂ ।

ਅੱਜ ਮੈਨੂੰ ਜਾਪਿਆ ਕਿ ਮਾਂ ਤੇ ਮਿੱਟੀ ਕੁਦਰਤ ਦੇ ਇਕ ਹੀ ਰੂਪ ਹਨ ਜਿਹੜੇ ਸਮੇਂ- ਸਮੇਂ ਸੰਤਾਪ ਸਹਿੰਦੇ ਹੋਏ ਵੀ ਸਾਡੇ ਲਈ ਦੁਆਵਾਂ ਤੇ ਰਹਿਮਤਾਂ ਦੀ ਵਰਖਾ ਹੀ ਕਰਦੀਆਂ ਹਨ। ਤੁਰਨ ਵੇਲੇ ਮਾਂ ਨੇ ਆਪਣੇ ਭਰੇ ਮਨ ਨਾਲ ਮੁਸ਼ਕਲ ਨਾਲ ਇਨ੍ਹਾਂ ਹੀ ਕਿਹਾ "ਪੁੱਤ ਛੇਤੀ ਮੁੜੀ" ਅਤੇ ਉਸ ਦੀ ਨਜ਼ਰ ਉਦੋਂ ਤੱਕ ਮੇਰਾ ਪਿੱਛਾ ਕਰਦੀ ਰਹੀ ਜਦੋਂ ਤਕ ਸਾਡੀ ਗੱਡੀ ਨਜ਼ਰਾਂ ਤੋਂ ਉਹਲੇ ਨਾ ਹੋ ਗਈ ।ਵਾਪਸ ਇਥੇ ਪਹੁੰਚਣ ਦੇ ਇੰਨ੍ਹਾਂ ਦਿਨਾਂ ਬਾਅਦ ਵੀ ਮਾਂ ਦੀ ਉਹ ਸੱਖਣੀ ਨਜ਼ਰੀ ਜਿਵੇਂ ਅੱਜ ਵੀ ਮੇਰਾ ਪਿੱਛਾ ਕਰ ਰਹੀ ਹੋਵੇ।

*-ਖੁਸਪਰੀਤ*



Prop: Jasbir Singh Takhar
510-755-2132

# AAA AUTO & BODY WORKS INC.

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**

Free Eximates  Free Towing

**510- 733- 2222**

AAA AUTO & BODY WORKS INC.
We Do Complete Engine, Transmission, Body and Paint Work
We Sell Used Cars at a Good Price
FREE ESTIMATES • FREE TOWING
1421 Industrial Pkwy West #F Hayward, CA 94544
PH: 510-733-2222 Fax: 510-728-0714
CHEVROLET TOYOTA

**1421 Industrial PKWY West#F Hayward, CA 94544**



RE/MAX

## Your Experts in Real Extate
## Serving the Greater Sacramento and Sourounding Areas

**Buy/ Sell Estate Residential or Commercial**



**JOHN SINGH BANGA**
Realtor
916-271-5404
Lic # 01397975
banga.realtor@gmail.com

REMAX GOLD TEAM JD

**DALVIR "DIL" NIJJAR**
Realtor
916-628-2210
Lic # 01418648
dil.realtor@gmail.com



www.teamjdhomes.com

Off: 916-609-2800, Fax : 916-609-2830
550- Howe Avenue, Suite 100, Sacramento, CA 95825

We have now expanded our services to the YUBA CITY Area.



# TANDOOR
## Indian Restaurant

27167 Mission Blvd. Hayward, CA 95544

*WE ARE SPECIALIST IN CATERING & SPECIAL ITEMS ARE AVAILABLE HERE :*

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

Contact Us:
**Ph. 510-885-1212,**
**Fax 510-885-1532**



SURINDER KOKA
www.haywardtandoor.com

# ਦੁਆਬੇ ਦੀਆਂ ਲੋਕ ਕਥਾਵਾਂ ਦੀ ਸਭਿਆਚਾਰਕ ਮਹੱਤਤਾ



ਡਾ. ਜਸਵੰਤ ਰਾਏ
98158 25999

ਦੁਆਬਾ ਸ਼ਬਦ ਦੋ ਸ਼ਬਦਾਂ ਉਦੋ'' ਅਤੇ ਉ ਆਬ'' ਦੇ ਸੁਮੇਲ ਤੋਂ ਬਣਿਆ ਹੈ। ਇਸਦਾ ਮਤਲਬ ਹੈ ਦੋ ਦਰਿਆਵਾਂ ਦੇ ਵਿਚਕਾਰਲੀ ਧਰਤੀ। ਦੁਆਬੇ ਵਿੱਚ ਪੰਜਾਬ ਦੇ ਚਾਰ ਜ਼ਿਲ੍ਹੇ ਜਲੰਧਰ,ਹੁਸ਼ਿਆਰਪੁਰ,ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਆਉਂਦੇ ਹਨ।ਦੁਆਬਾ ਦੋ ਪਾਣੀਆਂ ਦੀ ਧਰਤੀ ਨੂੰ ਹੁਣ ਸਤਲੁਜ ਵੀ ਸਿੰਜਦਾ ਹੈ ਅਤੇ ਬਿਆਸ ਵੀ। ਲੋਕ ਗੀਤ ਵੀ ਮਸ਼ਹੂਰ ਹੈ :-

ਅੰਬੀਆਂ ਨੂੰ ਤਰਸੇਂਗੀ ਛੱਡ ਕੇ ਦੇਸ ਦੁਆਬਾ

ਪੰਜਾਬ ਜਿਸਦੇ ਪਿੰਡੇ ਤੇ ਪੰਜ ਦਰਿਆ ਵਗਦੇ ਹਨ, ਦਾ ਨਾਮਕਰਨ ਵੀ ਦਰਿਆ ਨਿਰਧਾਰਿਤ ਕਰਦੇ ਹਨ।ਹੁਣ ਦੇ ਪੰਜਾਬ ਦਾ ਤਾਂ ਨਾਮ ਵੀ ਸਾਰਥਕ ਨਹੀਂ ਜਾਪਦਾ ਕਿਉਂਕਿ ਢਾਈ ਆਬਾਂ ਦੇ ਪੰਜਾਬ ਨੂੰ ਪੰਜ ਆਬਾਂ ਵਾਲਾ ਪੰਜਾਬ ਨਹੀਂ ਆਖਿਆ ਜਾ ਸਕਦਾ।ਦੁਆਬਾ ਪ੍ਰਦੇਸ ਦੀ ਭੂਗੋਲਿਕਤਾ ਨਿਰਧਾਰਿਤ ਕਰਦੇ ਦਰਿਆ ਸਤਲੁਜ ਅਤੇ ਬਿਆਸ ਦਾ ਜਿਕਰ ਪ੍ਰਾਚੀਨ ਗ੍ਰੰਥ ਰਿਗਵੇਦ ਵਿੱਚ ਵੀ ਮਿਲਦਾ ਹੈ। ਇਹਨਾਂ ਦਰਿਆਵਾਂ ਨਾਲ ਬਹੁਤ ਸਾਰੀਆਂ ਧਾਰਮਿਕ ਤੇ ਪੁਰਾਣ ਕਥਾਵਾਂ ਵੀ ਜੁੜੀਆਂ ਹੋਈਆਂ ਹਨ। ਦੁਆਬੇ ਦੇ ਜ਼ਿਲ੍ਹੇ ਹੁਸ਼ਿਆਰਪੁਰ ਨੂੰ ਚੋਆਂ ਦਾ ਸ਼ਹਿਰ ਕਿਹਾ ਜਾਂਦਾ ਹੈ। ਇਕੱਲੇ ਇਸ ਜ਼ਿਲ੍ਹੇ ਵਿੱਚ ਹੀ ਤਿਰਾਨਵੇਂ ਚੋਅ ਵਗਦੇ ਹਨ। ਇਸਨੂੰ ਸੀਰੋਵਾਲ ਦਾ ਇਲਾਕਾ ਵੀ ਕਿਹਾ ਜਾਂਦਾ ਸੀ।ਕਿਉਂਕਿ ਇਥੋਂ ਦੀ ਧਰਤੀ ਵਿੱਚ ਸਦਾ ਹੀ ਸੀਰਾਂ ਚਲਦੀਆਂ ਰਹਿੰਦੀਆਂ ਸਨ। ਅੰਬਾਂ ਦਾ ਇਲਾਕਾ ਹੋਣ ਕਰਕੇ ਇੱਕ ਗੱਲ ਹੋਰ ਵੀ ਜੁੜੀ ਹੋਈ ਹੈ ਕਿ ਹੁਸ਼ਿਆਰਪੁਰੀਏ ਬਰਸਾਤ ਦੇ ਦਿਨਾਂ ਵਿੱਚ ਦੋ ਮਹੀਨੇ ਤੌੜੀਆਂ ਘਰਾਂ ਦੇ ਬਨੇਰਿਆਂ ਤੇ ਮੂਧੀਆਂ ਮਾਰ ਲੈਂਦੇ ਹਨ।ਕੋਈ ਸਬਜੀ ਭਾਜੀ ਵੀ ਨਹੀਂ ਬਣਾਉਂਦੇ। ਘਰ ਆਏ ਮਹਿਮਾਨਾਂ ਲਈ ਵੀ ਨਹੀਂ। ਅੰਬਾਂ ਦਾ ਛਿੱਛਾ ਘੋਲ਼ -ਘੋਲ਼ ਪ੍ਰਸ਼ਾਦੇ ਛਕਦੇ ਰਹਿੰਦੇ ਹਨ।''1

ਦੁਆਬੇ ਦੇ ਦਰਿਆਵਾਂ ਨੇ ਜਿੱਥੇ ਦੁਆਬੇ ਦੀ ਜ਼ਰਖੇਜ ਜ਼ਮੀਨ ਨੂੰ ਸਿੰਜ ਕੇ ਇੱਥੋਂ ਦੇ ਲੋਕਾਂ ਦੇ ਜੀਵਨ ਵਿੱਚ ਖੁਸ਼ਹਾਲੀ ਅਤੇ ਹਰਿਆਲੀ ਲਿਆਂਦੀ ਹੈ ਉਥੇ ਬਾਹਰੀ ਹਮਲਾਵਰਾਂ ਲਈ ਵੀ ਸੈਆਂ ਅਟਕਲਾਂ ਖੜੀਆਂ ਕੀਤੀਆਂ ਹਨ।ਇਹਨਾਂ ਦਰਿਆਵਾ ਦੇ ਕੰਢਿਆਂ ਤੇ ਬੈਠ ਕੇ ਪ੍ਰਾਚੀਨ ਰਿਸ਼ੀਆਂ ਨੇ ਬਹੁਤ ਸਾਰੇ ਗ੍ਰੰਥਾਂ ਦੀ ਰਚਨਾ ਕੀਤੀ ਹੈ ਜੋ ਲੋਕ ਕਥਾਵਾਂ, ਦੰਦ ਕਥਾਵਾਂ ਤੇ ਮਿੱਥਿਹਾਸਕ ਕਥਾਵਾਂ ਦਾ ਉਤਮ ਨਮੂਨਾ ਹਨ।

ਪੜ੍ਹਨ ਲਿਖਣ ਵਿੱਚ ਦੁਆਬੀਏ ਮੁਹਰੀ ਹਨ।ਇੱਥੋਂ ਦੀ ਸਾਖਰ ਦਰ ਪੰਜਾਬ ਨਾਲੋਂ ਉੱਚੀ ਹੈ।ਐਨ. ਆਰ. ਆਈ. ਵਿੱਚ ਸਭ ਤੋਂ ਵੱਧ ਤਾਦਾਦ ਦੁਆਬੀਆਂ ਦੀ ਹੈ।ਵਿਦੇਸ਼ੀ ਧਰਤੀ ਤੇ ਸਖਤ ਘਾਲਣਾ ਕਰਕੇ ਡਾਲਰ ਪੌਂਡ ਕਮਾ ਕੇ ਇਹਨਾਂ ਨੇ ਆਪਣੇ ਆਪ ਨੂੰ ਹੀ ਖੁਸ਼ਹਾਲ ਨਹੀਂ ਕੀਤਾ ਸਗੋਂ ਡਾਲਰ ਪੌਂਡ ਕਮਾ ਕੇ ਪਿੰਡਾਂ ਦੇ ਵੀ ਮੂੰਹ ਮੱਥੇ ਸੰਵਾਰੇ ਹਨ। ਸ਼ਾਨਾਮੱਤੀ ਇਤਿਹਾਸ ਦੇ ਮਾਲਕ ਦੁਆਬੀਆਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਗ਼ਦਰ ਪਾਰਟੀ ਅਤੇ ਬੱਬਰ ਅਕਾਲੀ ਲਹਿਰ ਵਿੱਚ ਲਾਸਾਨੀ ਭੂਮਿਕਾ ਨਿਭਾਈ। ਬੱਬਰ ਅਕਾਲੀ ਲਹਿਰ ਦਰਅਸਲ 1914-15 ਵਾਲੀ ਗਦਰ ਲਹਿਰ ਦੀ ਹੀ ਉਪਜ ਸੀ।ਇਸ ਲਹਿਰ ਦਾ ਬਹੁਤ ਸਾਰਾ ਪ੍ਰੋਗ੍ਰਾਮ ਵੀ ਗਦਰ ਪਾਰਟੀ ਵਾਲਾ ਹੀ ਸੀ।ਗਦਰੀਆਂ ਵਾਂਗ ਬੱਬਰ ਵੀ ਲੋਕਾਂ ਅਤੇ ਫੌਜ਼ ਵਿੱਚ ਪ੍ਰਚਾਰ ਕਰਕੇ ਉਹਨਾਂ ਦੇ ਸਹਿਯੋਗ ਨਾਲ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ਾਂ ਨੂੰ ਬਾਹਰ ਕੱਢ ਕੇ ਦੇਸ਼ ਲਈ ਅਜ਼ਾਦੀ ਪ੍ਰਾਪਤ ਕਰਨਾ ਚਾਹੁੰਦੇ ਸਨ।ਉਬੱਬਰ ਅਕਾਲੀ ਲਹਿਰ ਵਿੱਚ ਅੱਸੀ ਫੀਸਦੀ ਦੁਆਬੀਏ ਸਨ।ਸ਼ਹੀਦ ਭਗਤ ਸਿੰਘ ਗਦਰੀਆਂ ਤੋਂ ਪ੍ਰਭਾਵਿਤ ਸੀ।ਉਸ ਵਲੋਂ ਇਹਨਾਂ ਦੇ ਸੰਬੰਧ ਵਿੱਚ ਲਿਖੇ ਲੇਖ 'ਹੋਲੀ ਕੇ ਦਿਨ ਖ਼ੂਨ ਕੇ ਛੀਂਟੇ' ਵਿੱਚ ਇਹਨਾਂ ਵਲੋਂ ਹਕੂਮਤ ਨਾਲ ਲਈਆਂ ਖ਼ੂਨੀ ਟੱਕਰਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ।

ਦੁਆਬੇ ਦਾ ਸੱਭਿਆਚਾਰ ਥੋੜ੍ਹੇ ਬਹੁਤੇ ਭੂਗੋਲਿਕ ਕਾਰਨਾਂ ਨੂੰ ਛੱਡ ਕੇ ਲਗ-ਪਗ ਪੰਜਾਬ ਵਾਲਾ ਹੀ ਹੈ। ਸੱਭਿਆਚਾਰ ਦਾ ਆਧਾਰ ਮਨੁੱਖੀ ਸਮਾਜ ਹੈ। ਮਨੁੱਖ ਦਾ ਪ੍ਰਾਕ੍ਰਿਤੀ ਨਾਲ ਦਵੰਦਵਾਦੀ ਰਿਸ਼ਤਾ ਹੋਣ ਕਰਕੇ ਮਨੁੱਖ ਮੁੱਢ ਤੋਂ ਹੀ ਪ੍ਰਾਕ੍ਰਿਤੀ ਨਾਲ ਸੰਘਰਸ਼ ਕਰਦਾ ਆ ਰਿਹਾ ਹੈ। ਉਹ ਪ੍ਰਾਕ੍ਰਿਤਿਕ ਸ਼ਕਤੀਆਂ ਨੂੰ ਸਮਝ ਕੇ ਅਤੇ ਉਹਨਾਂ ਨੂੰ ਕਾਬੂ ਕਰਕੇ ਆਪਣੇ ਅਨੁਕੂਲ ਬਣਾਉਣ ਲਈ ਸਦਾ ਹੀ ਯਤਨਸ਼ੀਲ ਰਿਹਾ ਹੈ। ਵਿਅਕਤੀਗਤ ਪੱਧਰ ਤੇ ਮਨੁੱਖ ਪ੍ਰਾਕ੍ਰਿਤੀ ਨਾਲ ਸੰਘਰਸ਼ ਕਰਕੇ ਆਪਣੀ ਹੋਂਦ ਸਥਾਪਿਤ ਕਰਨ ਤੋਂ ਅਸਮਰੱਥ ਹੈ।ਇਸ ਲਈ ਆਦਿ ਕਾਲ ਤੋਂ ਹੀ ਮਨੁੱਖ ਦਾ ਪ੍ਰਾਕ੍ਰਿਤੀ ਨਾਲ ਘੋਲ਼ ਸਮੂਹਿਕ ਰਿਹਾ ਹੈ। ਸੱਭਿਆਚਾਰ ਦਾ ਘੇਰਾ ਬੜਾ ਵਿਸ਼ਾਲ ਹੈ। ਇਸ ਵਿੱਚ ਕਿਸੇ ਜਨਸਮੂਹ ਦੀਆਂ ਸਾਰੀਆਂ ਗਤੀਵਿਧੀਆਂ ਸਮੋਈਆਂ ਹੋਈਆਂ ਹੁੰਦੀਆਂ ਹਨ। ਸੱਭਿਆਚਾਰ ਦੇ ਅੰਗ ਕਿਸੇ ਕੌਮ ਦੀ ਨਿਸ਼ਾਨਦੇਹੀ ਕਰਦੇ ਹਨ। ਇਸ ਨਿਸ਼ਾਨਦੇਹੀ ਦਾ ਅਧਿਐਨ ਕਰਦਿਆਂ ਹੀ ਕਿਸੇ ਕੌਮ ਦਾ ਇਤਿਹਾਸ ਲਿਖਿਆ ਜਾ ਸਕਦਾ ਹੈ। ਸੱਭਿਆਚਾਰ ਇੱਕ ਝਰਨੇ ਦੀ ਤਰ੍ਹਾਂ ਹੁੰਦਾ ਹੈ, ਜਿਸਦਾ ਵਹਾਅ ਲਗਾਤਾਰ ਜਾਰੀ ਰਹਿੰਦਾ ਹੈ। ਜਨ-ਸਮੂਹ ਇਸ ਵਹਾਅ ਨੂੰ ਵਗਦਾ ਹੋਇਆ ਸੱਭਿਆਚਾਰ ਦੀਆਂ ਸਾਰੀਆਂ ਕਦਰਾਂ ਕੀਮਤਾਂ ਅਤੇ ਗਤੀਵਿਧੀਆਂ ਪੀੜ੍ਹੀਓ ਪੀੜ੍ਹੀ ਅੱਗੇ ਤੋਂ ਅੱਗੇ ਸੌਂਪਦਾ ਜਾਂਦਾ ਹੈ।

ਦੁਆਬੇ ਦੇ ਸੱਭਿਆਚਾਰ ਦਾ ਖੇਤਰ ਕਾਫੀ ਲੰਬਾ ਚੌੜਾ ਹੈ।ਅਸੀਂ ਇਸ ਵਿੱਚੋਂ ਸਿਰਫ ਇੱਕ ਵੰਨਗੀ ਲੋਕ-ਕਥਾ ਨੂੰ ਹੀ ਆਪਣੇ ਅਧਿਐਨ ਵਿਸ਼ਲੇਸ਼ਣ ਦਾ ਅੰਗ ਬਣਾਵਾਂਗੇ।ਲੋਕ-ਕਥਾ ਲੋਕ ਧਾਰਾ ਦੀ ਪ੍ਰਮੁੱਖ ਵੰਨਗੀ ਹੈ। ਇਸਦੀ ਉਮਰ ਬੜੀ ਲੰਮੇਰੀ ਹੈ।ਇਹ ਮੰਨਿਆ ਜਾਂਦਾ ਹੈ ਕਿ ਜਦ ਤੋਂ ਮਨੁੱਖ ਨੇ ਇਸ ਧਰਤੀ ਤੇ ਸਾਹ ਲਿਆ ਹੋਵੇਗਾ ਤਦ ਤੋਂ ਹੀ ਲੋਕ ਕਹਾਣੀ ਮਨੁੱਖ ਨਾਲ ਸਾਂਝ ਪਾ ਕੇ ਤੁਰੀ ਆ ਰਹੀ ਹੈ। ਜਦੋਂ ਮਨੁੱਖ ਜਾਤੀ ਆਪਣੇ ਸਹਿਜਾਤੀਆਂ ਜਾਂ ਜੰਤੂਆਂ ਨਾਲ ਵੰਨ-ਸੁਵੰਨੇ ਘਟਨਾ ਪ੍ਰਬੰਧ ਵਿੱਚ ਜੁੜੀ ਹੋਵੇਗੀ ਤਾਂ ਕਹਾਣੀ ਦਾ ਆਰੰਭ ਹੋਇਆ ਹੋਵੇਗਾ। ਭਾਸ਼ਾ ਯੁੱਗ ਤੋਂ ਵੀ ਪਹਿਲਾਂ ਲੋਕ-ਕਹਾਣੀ ਆਪਣੀ ਹੋਂਦ ਸਥਾਪਿਤ ਕਰ ਚੁੱਕੀ ਸੀ। ਜਾਤਕ ਕਥਾ, ਬ੍ਰਿਹਦ ਕਥਾ, ਕਥਾ ਸਰਿਤ ਸਾਗਰ, ਪੰਚਤੰਤਰ ਆਦਿ ਤੋਂ ਪਹਿਲਾਂ ਕਹਾਣੀ ਆਪਣੀ ਹੋਂਦ ਜਤਾ ਚੁੱਕੀ ਸੀ। ਅੰਗਰੇਜ਼ੀ ਜ਼ੁਬਾਨ ਦੇ ਕਵੀ ਚਾਸਰ ਦੀ ਪ੍ਰਸਿੱਧੀ ਦਾ ਅਧਾਰ ਵੀ ਕੈਂਟਰਬਰੀ ਟੇਲਜ਼ ਹਨ।

ਇਹ ਗੱਲ ਪੱਛਮੀ ਵਿਦਵਾਨ ਵੀ ਮੰਨਦੇ ਹਨ ਕਿ ਲੋਕ ਕਹਾਣੀਆਂ ਦਾ ਮੂਲ ਸੋਮਾ ਭਾਰਤ ਹੀ ਹੈ। ਭਾਰਤ ਵਿਚੋਂ ਹੀ ਲੋਕ ਕਹਾਣੀਆਂ ਸਾਰੇ ਸੰਸਾਰ ਵਿੱਚ ਫੈਲੀਆਂ। ਬੁੱਧ ਮੱਤ ਅਤੇ ਇਸਲਾਮ ਦੇ ਫੈਲਣ ਨਾਲ ਇਹ ਕਹਾਣੀਆਂ ਦੂਰ-ਦੁਰੇਡੇ ਪਹੁੰਚ ਗਈਆਂ।ਵਿਦੇਸ਼ੀਆਂ ਨੇ ਇਹਨਾਂ ਲੋਕ ਕਹਾਣੀਆਂ ਨੂੰ ਆਪਣੇ ਸੱਭਿਆਚਾਰ ਨਾਲ ਇਕਸਾਰ ਕਰਕੇ ਅਪਣਾ ਲਿਆ।

ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਨੇ ਕਿਸੇ ਵੀ ਕੰਮ ਨੂੰ ਸਹੀ ਸਮੇਂ ਤੇ ਸ਼ੁਰੂ ਨਹੀਂ ਕੀਤਾ। ਪੰਜਾਬੀ ਲੋਕ ਕਹਾਣੀਆਂ ਦੇ ਇੱਕਤਰੀਕਰਨ ਦਾ ਕੰਮ ਵੀ ਅੰਗਰੇਜ਼ੀ ਵਿਦਵਾਨ ਆਰ.ਸੀ. ਟੈਂਪਲ ਨੇ ਸ਼ੁਰੂ ਕੀਤਾ। ਭਾਵੇਂ ਇਸ ਵਿੱਚ ਉਹਨਾਂ ਦੀ ਭਾਰਤੀ ਮਾਨਸਿਕਤਾ ਨੂੰ ਸਮਝਣ ਦੀ ਨਿਜੀ ਲਾਲਸਾ ਵੀ ਸੀ।ਟੈਂਪਲ ਨੇ ਉਦੀ ਲੀਜੰਡਜ਼ ਆਫ ਪੰਜਾਬ'' ਨਾਮਕ ਸੰਗ੍ਰਹਿ ਤਿੰਨ ਜਿਲਦਾਂ ਵਿੱਚ ਛਪਵਾਏ ਜਿਨ੍ਹਾਂ ਵਿੱਚ 58 ਦੰਤ ਕਥਾਵਾਂ ਕਾਵਿ ਰੂਪ ਵਿੱਚ ਹਨ।ਲੋਕ ਕਥਾ ਦੇ ਇਕੱਤਰੀਕਰਨ ਵਿੱਚ ਟੈਂਪਲ ਅਤੇ ਫਲੋਰਾ ਏ. ਸਟੀਲ ਤੋਂ ਬਾਅਦ ਡਾ. ਮੋਹਿੰਦਰ ਸਿੰਘ ਵਣਜਾਰਾ ਬੇਦੀ (465 ਲੋਕ ਕਥਾਵਾਂ) ਪੋਠੋਹਾਰ ਵਿੱਚ, ਮਾਲਵੇ ਵਿੱਚ ਗਿਆਨੀ ਗੁਰਦਿੱਤ ਸਿੰਘ (305 ਲੋਕ ਕਥਾਵਾਂ) ਤੇ ਨਵਦੀਪ ਸਿੰਘ ਸਿੱਧੂ, ਮਾਝੇ ਵਿੱਚ ਡਾ. ਜੋਗਿੰਦਰ ਸਿੰਘ ਕੈਰੋਂ ਤੋਂ ਇਲਾਵਾ ਧਨਵੰਤ ਸਿੰਘ ਸੀਤਲ- ਸੋਨੇ ਦਾ ਗੁਲੇਲਾ, ਸਰਦੂਲ ਸਿੰਘ ਕੋਮਲ-ਬੱਚਿਆਂ ਦੀ ਦੁਨੀਆਂ, ਨਰਿੰਦਰ ਧੀਰ- ਮੈਂ ਧਰਤੀ ਪੰਜਾਬ ਦੀ, ਗੋਪਾਲ ਸਿੰਘ ਨਰਗਸ- ਇੱਕ ਸੀ ਚਿੜੀ, ਪ੍ਰੀਤਮ ਸਿੰਘ ਪੰਛੀ- ਪੰਜਾਬ ਕੀ ਕਥਾਏਂ, ਸੁਖਦੇਵ ਮਾਧਪੁਰੀ- ਜ਼ਰੀ ਦਾ ਟੋਟਾ ਤੇ ਹੋਰ ਕਹਾਣੀਆਂ, ਸੰਤੋਖ ਸਿੰਘ ਧੀਰ- ਪੰਜਾਬ ਦੀਆਂ ਲੋਕ ਕਹਾਣੀਆਂ ਆਦਿ ਲੋਕ ਕਥਾਵਾਂ ਸੰਗ੍ਰਹਿ ਮਿਲਦੇ ਹਨ। ਦੁਆਬੇ ਦੀਆਂ ਲੋਕ ਕਥਾਵਾਂ ਤੇ ਕੰਮ ਨਾ ਹੋਇਆਂ ਨਾਲ ਦਾ ਹੀ ਹੋਇਆ ਹੈ।ਡਾ. ਰਮਾ ਕੁਮਾਰੀ, ਅਜੇ ਕੁਮਾਰ ਅਰਸ਼ ਅਤੇ ਦੁਆਬੇ ਦੇ ਲੋਕ ਗੀਤਾਂ ਤੇ ਨਿੱਠ ਕੇ ਕੰਮ ਕਰਨ ਵਾਲੇ ਵਿਦਵਾਨ ਡਾ. ਕਰਮਜੀਤ ਸਿੰਘ ਨੇ ਦੁਆਬੇ ਦੀਆਂ ਥੋੜ੍ਹੀਆਂ ਬਹੁਤੀਆਂ ਲੋਕ ਕਥਾਵਾਂ ਇਕੱਤਰ ਕੀਤੀਆਂ ਹਨ।

ਲੋਕਧਾਰਾ ਦੇ ਰੂਪ ਦਾ ਸੰਕਲਨ ਕਰਦੇ ਸਮੇਂ ਜੇਕਰ ਅਮਰੀਕਾ ਦੇ ਪ੍ਰਸਿੱਧ ਲੋਕਧਾਰਾ ਸਾਸ਼ਤਰੀ ਐਲਨ ਡੰਡੀਜ਼ ਦੇ ਲੇਖ ਨੂੰ ਧਿਆਨ ਗੋਚਰੇ ਰੱਖਿਆ ਜਾਵੇ ਤਾਂ ਕੀਤਾ ਕਾਰਜ ਸਾਰਥਕ ਹੋ ਸਕਦਾ ਹੈ। ਠਣਟੁਰਣ ਤੋਂ ਭਾਵ ਹੈ ਕਿ ਕਥਨ ਕਿਸ ਪ੍ਰਸੰਗ ਤੋਂ ਪੇਸ਼ ਕੀਤਾ ਗਿਆ ਹੈ। ਸੰਕਲਨ ਕਰਦੇ ਸਮੇਂ ਜੇਕਰ ਅਸੀਂ Texture ਦੀ ਪ੍ਰਕਿਰਿਆ ਤੇ ਨਜ਼ਰ ਨਹੀਂ ਰੱਖਦੇ ਤਾਂ Text ਅਤੇ Context ਦੀ ਗੱਲਬਾਤ ਤਾਂ ਆਪਣੇ ਆਪ ਅਧੂਰੀ ਰਹਿ ਜਾਂਦੀ ਹੈ।

ਮੈਨੂੰ ਖੁਸ਼ੀ ਇਸ ਗੱਲ ਦੀ ਹੈ ਕਿ ਮੈਂ ਆਪ ਦੁਆਬੇ ਦੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਬਿਰਤਾਂਤਕਾਰਾਂ ਪਾਸੋਂ ਲੋਕ ਕਥਾਵਾਂ ਰਿਕਾਰਡ ਕੀਤੀਆਂ ਹਨ ਅਤੇ ਰਿਕਾਰਡ ਕੀਤੀਆਂ ਲੋਕ ਕਥਾਵਾਂ ਦਾ ਬਿਨਾਂ ਕਿਸੇ ਤਬਦੀਲੀ ਤੋਂ ਇਨ-ਬਿਨ ਉਤਾਰਾ ਕੀਤਾ ਹੈ।ਲੋਕ ਕਥਾਵਾਂ ਰਿਕਾਰਡ ਕਰਨ ਨਾਲ ਐਲਨ ਡੰਡੀਜ਼ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ।ਟੈਕਸਚਰ ਰਿਕਾਰਡ ਕਰਨ ਨਾਲ ਬਿਰਤਾਂਤਕਾਰ ਦੁਆਰਾ ਪ੍ਰਯੋਗ ਕੀਤੀ ਗਈ ਭਾਸ਼ਾ ਦਾ ਇੱਕ ਇੱਕਸ਼ਬਦ, ਸ਼ਬਦ ਸਟ੍ਰੈਸ, ਟੋਨ ਆਦਿ ਗਿਆਨ ਦਾ ਹਿੱਸਾ ਬਣ ਜਾਂਦੇ ਹਨ।ਖੋਜ ਕਾਰਜ ਦੌਰਾਨ ਦੁਆਬੇ ਦੇ ਵੱਖ-ਵੱਖ ਪਿੰਡਾਂ 'ਚ ਘੁੰਮਦਿਆਂ 150 ਲੋਕ ਕਹਾਣੀਆਂ ਇਕੱਠੀਆਂ ਕੀਤੀਆਂ ਗਈਆਂ। ਇਹਨਾਂ ਵਿੱਚ ਦੰਦ ਕਥਾਵਾਂ ਤੇ ਮਿੱਥਾਂ ਵੀ ਸ਼ਾਮਿਲ ਹਨ।

ਦੁਆਬੇ ਦੀਆਂ ਲੋਕ ਕਥਾਵਾਂ ਦੁਆਬੇ ਦੇ ਸੱਭਿਆਚਾਰ ਦੀ ਤਰਜ਼ਮਾਨੀ ਕਰਦੀਆਂ ਹਨ।ਲੋਕ ਕਥਾ ਨੂੰ ਸੁਣਾਉਣ ਵਾਲੇ ਬਜ਼ੁਰਗ ਬਹੁਤ ਵਾਰ ਕਾਫ਼ੀ ਕੁੱਝ ਆਪਣੇ ਕੋਲੋਂ ਜੋੜਦੇ ਜਾਂਦੇ ਹਨ।ਜੋ ਕੁੱਝ ਉਹ ਆਪਣੇ ਕੋਲੋਂ ਜੋੜਦੇ ਜਾਂਦੇ ਹਨ ਉਹ ਉਥੋਂ ਦੇ ਇਲਾਕਾਈ ਸੱਭਿਆਚਾਰ ਵਿੱਚੋਂ ਉਹਨਾਂ ਦੀ ਮਾਨਸਿਕਤਾ ਵਿੱਚ ਰਲਿਆ ਹੁੰਦਾ ਹੈ।ਸਰੋਤਿਆਂ ਦੀ ਉਮਰ, ਦਿਲਚਸਪੀ, ਧਰਮ ਅਤੇ ਜਾਤ ਬਰਾਦਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਲੋਕ ਕਥਾ ਨੂੰ ਧੋਬੀ ਪਟਕੇ ਵਾਂਗ ਮੋੜਾ ਦੇ ਦਿੱਤਾ ਜਾਂਦਾ ਹੈ।ਸਾਡਾ ਸੱਭਿਆਚਾਰ ਮਾੜੀਆਂ ਚੀਜ਼ਾਂ ਅਤੇ ਸਮਾਜਿਕ ਵਰਜਣਾਵਾਂ ਨੂੰ ਮਾਨਤਾ ਨਹੀਂ ਦਿੰਦਾ। ਦੁਆਬੇ ਦੀਆਂ ਲੋਕ ਕਥਾਵਾਂ ਦਾ ਇੱਕਤਰੀਕਰਨ ਕਰਦਿਆਂ ਬੜੇ ਕੌੜੇ ਮਿੱਠੇ ਤਜ਼ਰਬਿਆਂ ਵਿੱਚੋਂ ਗੁਜ਼ਰਨਾ ਪਿਆ। ਅਨਪੜ੍ਹ ਬੰਦਿਆਂ ਦੀ ਕਹਾਣੀ ਸੁਣਾਉਣ ਕਲਾ ਤੋਂ ਕੁਰਬਾਨ ਜਾਣ ਨੂੰ ਦਿਲ ਕਰਦਾ ਸੀ। ਜਦੋਂ ਉਹ 'ਹਨੂੰਮਾਨ, ਗੋਰਖਨਾਥ ਤੇ ਮਛੰਦਰ ਨਾਥ ਦਾ ਜਨਮ' ਸੰਬੰਧੀ ਅਤਿ ਅਸ਼ਲੀਲ ਟਿੱਪਣੀਆਂ ਨੂੰ ਇਸ ਤਰ੍ਹਾਂ ਪੇਸ਼ ਕਰ ਜਾਂਦੇ ਸਨ ਕਿ ਅਸ਼ਲੀਲ ਹੁੰਦਿਆਂ ਸੁੰਦਿਆਂ ਵੀ ਕਹਾਣੀ ਅਸ਼ਲੀਲ਼ ਨਹੀਂ ਜਾਪਦੀ ਸੀ।ਲੋਕ ਕਥਾਵਾਂ ਸੁਣਾਉਣ ਸਮੇਂ ਬਜ਼ੁਰਗ ਨਾਲੋਂ ਨਾਲ ਪੁਰਾਣੀਆਂ ਖਾਧੀਆਂ ਖੁਰਾਕਾਂ, ਕੀਤੇ ਜ਼ੋਰ ਅਜਮਾਈ, ਰੀਤੀ ਰਿਵਾਜ, ਅਤੇ ਆਪਸੀ ਅਪਣੱਤ ਬਾਰੇ ਵੀ ਗੱਲਾਂ ਕਰ ਜਾਂਦੇ ਹਨ।ਇਸ ਨਰੋਏ ਸੱਭਿਆਚਾਰ ਦੀਆਂ ਨਰੋਈਆਂ ਕਦਰਾਂ ਕੀਮਤਾਂ ਬਾਰੇ ਸੁਣ ਕੇ ਮਨ ਨਸ਼ਿਆਉਂਦਾ ਹੈ।

ਲੋਕ ਪਰੰਪਰਾ ਸੱਭਿਆਚਾਰ ਦੇ ਸਮੁੱਚੇ ਵਰਤਾਰੇ ਨੂੰ ਇੱਕ ਸੰਗਠਨ ਵਿੱਚ ਬੰਨ੍ਹ ਕੇ ਰੱਖਣ ਵਾਲੀ ਹੁੰਦੀ ਹੈ, ਜਿਸਦੀ ਸਾਰੀ ਟੇਕ ਅਜਿਹੇ ਮੌਖਿਕ ਜ਼ਾਬਤਿਆਂ ਤੇ ਨਿਰਭਰ ਕਰਦੀ ਹੈ ਜਿਹੜੀ ਸੱਭਿਆਚਾਰ ਦੀਆਂ ਰਸਮਾਂ, ਰੀਤਾਂ, ਲੋਕ ਮਨੋਰੰਜਨ, ਲੋਕ ਧਰਮ, ਲੋਕ ਵਿਸ਼ਵਾਸ਼ਾਂ, ਮਿੱਥਾਂ, ਲੋਕ ਕਥਾਵਾਂ ਜਾਂ ਅਖਾਣਾਂ ਆਦਿ ਦੇ ਬਿਰਤਾਂਤਕ ਖਮੀਰ ਵਿੱਚ ਰਚੀ ਅਤੇ ਸੁਰੱਖਿਅਤ ਰਹਿੰਦੀ ਹੈ।

ਦੁਆਬੀ ਲੋਕ ਕਥਾਵਾਂ ਦਾ ਅਧਿਐਨ ਵਿਸ਼ਲੇਸ਼ਣ ਕਰਦਿਆਂ ਪਤਾ ਚਲਦਾ ਹੈ ਕਿ ਦੁਆਬੇ ਦੇ ਸੱਭਿਆਚਾਰ ਉੱਤੇ ਕਿਤੇ ਕਿਤੇ ਭਾਰਤੀ ਸੱਭਿਆਚਾਰ ਭਾਰੂ ਹੈ ਤੇ ਕਿਤੇ ਸਿੱਖ ਗੁਰੂਆਂ ਦਾ।ਇੱਥੇ ਹਰ ਧਰਮ ਦਾ ਮਨੁੱਖ ਵਸਦਾ ਹੈ।

ਜਿੱਥੇ ਲੋਕਾਂ ਦਾ ਝੁਕਾਅ ਹਿੰਦੂਮੱਤ ਵੱਲ ਹੈ ਉੱਥੇ ਗੀਤਾ ਅਤੇ ਰਮਾਇਣ ਦਾ ਪਾਠ ਹੋ ਰਿਹਾ ਹੈ ਅਤੇ ਜਿੱਧਰ ਲੋਕਾਂ ਦਾ ਝੁਕਾਅ ਸਿੱਖ ਧਰਮ ਵੱਲ ਹੈ ਉਧਰ ਗੁਰਬਾਣੀ ਦਾ ਪਾਠ ਹੋ ਰਿਹਾ ਹੈ।ਦੁਆਬੇ ਦੇ ਸੱਭਿਆਚਾਰ ਵਿੱਚ ਪਰਾਭੌਤਿਕ ਪਰਪੰਚ ਅਤੇ ਪਰੰਪਰਾ ਦੀ ਲੜੀ ਵੀ ਪੂਰੀ ਤਰ੍ਹਾਂ ਪ੍ਰਫੁੱਲਤ ਹੋਈ ਹੈ। ਭੂਤਾਂ, ਪ੍ਰੇਤਾਂ, ਦੈਂਤਾਂ, ਸਵਰਗ, ਨਰਕ, ਲੋਕ-ਪਰਲੋਕ, ਕਰਮ (ਮੁਕੱਦਰ, ਕਿਸਮਤ), ਹੋਣੀ ਅਣਹੋਣੀ, ਸੰਯੋਗ, ਵਿਯੋਗ, ਦੇਵੀ, ਦੇਵਤਿਆਂ, ਫਰਿਸ਼ਤਿਆਂ, ਸ਼ਹੀਦਾਂ, ਮਟੀਆਂ, ਸਿੱਧਾਂ, ਯੋਗੀਆਂ, ਰਿੱਧੀਆਂ ਸਿੱਧੀਆਂ ਆਦਿ ਦੇ ਕਿੱਸੇ ਅਤੇ ਉਹਨਾਂ ਦੀਆਂ ਮਨੌਤਾਂ ਦਾ ਸਿਲਸਲਾ ਹਾਲੇ ਵੀ ਜਿਊਂਦਾ ਹੈ।

ਇਹ ਸਾਰਾ ਕੁਝ ਲੋਕ ਕਥਾਵਾਂ ਰਾਹੀਂ ਲੋਕਾਂ ਦੇ ਚਿਤ-ਚੇਤਿਆਂ ਦਾ ਹਿੱਸਾ ਬਣਦਾ ਹੈ। ਲੋਕ ਕਥਾਵਾਂ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਕਈ ਵਾਰ ਇੱਕੋ ਲੋਕ ਕਥਾ ਨੂੰ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਆਪੋ ਆਪਣੇ ਗੁਰੂਆਂ ਪੀਰਾਂ ਨਾਲ ਜੋੜੀ ਰੱਖਿਆ ਹੈ।ਦੁਆਬੀ ਲੋਕ ਕਥਾਵਾਂ ਵਿੱਚ ਇੱਕ ਲੋਕ ਰੂੜੀ ਹੈ ਸੱਪ ਦੀ ਛਾਂ।ਇਸਨੂੰ ਸਿੱਖ ਧਰਮ ਨੂੰ ਮੰਨਣ ਵਾਲੇ ਬਾਬਾ ਨਾਨਕ ਨਾਲ ਜੋੜ ਕੇ ਪੇਸ਼ ਕਰਦੇ ਹਨ। ਹਿੰਦੂ ਧਰਮ ਵਾਲੇ ਦੇਵੀ ਦੇਵਤਿਆਂ ਨਾਲ ਜੋੜ ਕੇ।ਹੁਣ ਤਾਂ ਕਈ ਥਾਂਈ ਲੋਕ ਆਪਣੇ ਸਥਾਨਿਕ ਪਹੁੰਚੇ ਹੋਏ ਫੱਕਰਾਂ ਨਾਲ ਵੀ ਇਸ ਰੂੜੀ ਨੂੰ ਜੋੜ ਕੇ ਪੇਸ਼ ਕਰੀ ਜਾ ਰਹੇ ਹਨ।

ਲੋਕ ਕਹਾਣੀ ਦਾ ਸੁਭਾਅ ਘਰੇਲੂ ਅਤੇ ਪਰਿਵਾਰਿਕ ਹੁੰਦਾ ਹੈ। ਲੋਕ ਕਹਾਣੀਆਂ ਦੇ ਪਾਤਰ ਪਸ਼ੂ, ਪੰਛੀ, ਜਾਨਵਰ ਜੋ ਵੀ ਹੋਣ, ਇਹ ਮਨੁੱਖੀ ਹਾਵਾਂ ਭਾਵਾਂ ਦੀ ਤਰਜ਼ਮਾਨੀ ਕਰਦੇ ਹਨ। ਲੋਕ ਕਹਾਣੀਆਂ ਦਾ ਉਦੇਸ਼ ਸਿਰਫ ਮਨੋਰੰਜਨ ਪ੍ਰਾਪਤ ਕਰਨਾ ਨਹੀਂ ਹੁੰਦਾ, ਇਹ ਜ਼ਿੰਦਗੀ ਦੇ ਯਥਾਰਥ ਨੂੰ ਵੀ ਪੇਸ਼ ਕਰਦੀਆਂ ਹਨ।ਲੋਕ ਕਹਾਣੀਆਂ ਦੇ ਪਾਤਰ ਸੰਘਰਸ਼ਸ਼ੀਲ ਰਹਿੰਦਿਆਂ ਬਦਕਿਸਮਤੀ ਨੂੰ ਖੁਸ਼ਕਿਸਮਤ ਵਿੱਚ ਬਦਲਣ ਲਈ ਤੱਤਪਰ ਰਹਿੰਦੇ ਹਨ।

ਲੋਕ ਕਹਾਣੀਆਂ ਦੀ ਵੱਡੀ ਵਿਸ਼ੇਸ਼ਤਾ ਇਹਨਾਂ ਵਿਚਲੇ ਵਿਸ਼ੇ, ਰੂਪ, ਘਟਨਾਵਾਂ ਅਤੇ ਪਾਤਰ ਆਦਿ ਪੱਖਾਂ ਤੋਂ ਵੰਨ ਸੁਵੰਨਤਾ ਹੈ।ਜੀਅ ਪ੍ਰਚਾਵਾ ਅਤੇ ਵਿਹਲ ਬਤੀਤ ਕਰਨ ਦੇ ਇੱਕ ਸਾਧਨ ਦੇ ਨਾਲ ਨਾਲ ਇਹਨਾਂ ਕਹਾਣੀਆਂ ਦਾ ਮੁੱਖ ਕਰਤੱਵ ਸਾਡੇ ਜੀਵਨ ਵਿੱਚ ਨੈਤਿਕ ਕਦਰਾਂ ਕੀਮਤਾਂ ਨੂੰ ਉਜਾਗਰ ਕਰਨਾ ਹੈ। ਇਸ ਤਰ੍ਹਾਂ ਲੋਕ- ਕਹਾਣੀਆਂ ਸਾਡੇ ਸੱਭਿਆਚਾਰ ਦਾ ਨਿਰੰਤਰ ਅਤੇ ਅਨਿੱਖੜਵਾਂ ਅੰਗ ਹਨ। ਸਧਾਰਨ ਮਾਨਵ ਦੇ ਦੁਖ-ਸੁਖ, ਕਾਰ-ਵਿਹਾਰ, ਰਹਿਣ-ਸਹਿਣ, ਲੋਕਾਂ ਦੇ ਵਿਸ਼ਵਾਸ, ਰੀਤੀ ਰਿਵਾਜਾਂ, ਧਾਰਮਿਕ ਪਰੰਪਰਾਵਾਂ, ਸਮਾਜਿਕ ਪ੍ਰਿਸ਼ਠਭੂਮੀ ਅਤੇ ਰਾਜਸੀ ਜੀਵਨ ਦੀਆਂ ਝਲਕਾਂ ਇਹਨਾਂ ਵਿੱਚ ਅੰਕਿਤ ਹਨ। ਸਾਡਾ ਮਾਨਵ ਵਿਗਿਆਨ, ਨੀਤੀ ਸ਼ਾਸ਼ਤਰ, ਧਰਮ ਸ਼ਾਸ਼ਤਰ ਆਦਿ ਇਹਨਾਂ ਕਹਾਣੀਆਂ ਰਾਹੀਂ ਸੁਰੱਖਿਅਤ ਹਨ।

ਲੋਕ ਕਥਾਵਾਂ ਦੀ ਵੰਡ ਅਸੀਂ ਤਿੰਨ ਭਾਗਾਂ ਲੋਕ ਕਹਾਣੀ, ਦੰਦ ਕਥਾ ਅਤੇ ਮਿੱਥ ਕਥਾ ਵਿੱਚ ਕਰਦੇ ਹਾਂ।

ਇਕੋ ਬਿਰਤਾਂਤ ਨੂੰ ਜਦੋਂ ਅਸੀਂ ਕਿਸੇ ਇਤਿਹਾਸਿਕ ਵਿਅਕਤੀ ਨਾਲ ਜੋੜਦੇ ਹਾਂ ਤਾਂ ਦੰਦ ਕਥਾ, ਦੇਵੀ ਦੇਵਤੇ ਨਾਲ ਜੋੜਦੇ ਹਾਂ ਤਾਂ ਮਿੱਥ ਕਥਾ ਅਤੇ ਕਿਸੇ ਕਲਪਤ ਪਾਤਰ ਨਾਲ ਜੋੜਦੇ ਹਾਂ ਤਾਂ ਲੋਕ ਕਹਾਣੀ ਹੋਂਦ ਵਿੱਚ ਆਉਂਦੀ ਹੈ। ਜਿੱਥੇ ਮਿੱਥ ਵਿੱਚ ਦੈਵੀ ਸ਼ਕਤੀਆਂ ਦੇਵੀ ਦੇਵਤੇ ਹੀ ਨਾਇਕ ਹੁੰਦੇ ਹਨ ਉੱਥੇ ਦੰਦ ਕਥਾ ਵਿੱਚ ਮਨੁੱਖ ਨਾਇਕ ਹੁੰਦੇ ਹਨ। ਪ੍ਰੰਤੂ ਮਨੁੱਖ ਨਾਇਕਾਂ ਨਾਲ ਕੁਝ ਕੁ ਅਲੌਕਿਕ ਗੁਣ ਜੁੜ ਜਾਂਦੇ ਹਨ। ਪੰਜਾਬ ਵਿੱਚ ਇਸ ਕਿਸਮ ਦੀਆਂ ਲੋਕ ਕਹਾਣੀਆਂ ਲੋਕ ਨਾਇਕਾਂ ਰਾਜਾ ਰਸਾਲੂ, ਪੂਰਨ ਭਗਤ ਅਤੇ ਪ੍ਰੇਮੀਆਂ ਜਿਵੇਂ ਹੀਰ-ਰਾਂਝਾ, ਸੱਸੀ-ਪੁਨੂੰ, ਸੋਹਣੀ-ਮਹੀਵਾਲ, ਧਾਰਮਿਕ ਆਗੂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਭਗਤ ਕਬੀਰ, ਅਕਬਰ-ਬੀਰਬਲ ਬਾਰੇ ਮਿਲਦੀਆਂ ਹਨ।

ਲੋਕ ਕਹਾਣੀਆਂ ਵਿੱਚ ਪੰਜਾਬੀ ਸੱਭਿਆਚਾਰ ਦੇ ਸਰੂਪ ਤੇ ਚਿਹਨ ਚੱਕਰ ਦੇ ਕਈ ਪਹਿਲੂ ਪ੍ਰਤੀਬਿੰਬ ਹਨ। ਇਹਨਾਂ ਕਹਾਣੀਆਂ ਵਿੱਚ ਦ੍ਰਿੜਤਾ, ਸਿਰੜਤਾ, ਦਰਿਆਦਿਲੀ, ਅਸੰਭਵ ਨੂੰ ਸੰਭਵ ਬਣਾ ਲੈਣ ਦਾ ਨਿਸ਼ਚਾ, ਔਖੀ ਘਾਟੀ, ਬਿਖੜੇ ਪੈਂਡਿਆਂ ਉੱਤੇ ਉਤਸ਼ਾਹ ਨਾਲ ਤੁਰਦੇ ਜਾਣਾ, ਵੈਰੀਆਂ ਨੂੰ ਨਿਡਰ ਹੋ ਕੇ ਲਲਕ-ਾਰਨਾ ਤੇ ਦੋਸਤਾਂ ਵਿੱਚ ਵਿਛ ਜਾਣਾ, ਨਿਧੜਕ ਹੋ ਕੇ ਜੂਝਣ ਦੀ ਬਿਰਤੀ, ਮਹਿਮਾਨ ਨਿਵਾਜ਼ੀ, ਆਏ ਗਏ ਦੀ ਕਦਰ, ਮਿੱਤਰਤਾ, ਸੁਹਿਰਦਤਾ, ਖੁਦ ਜੀਣਾ ਅਤੇ ਜੀਣ ਦਾ ਬਲ ਸਿਖਾਉਣਾ, ਅਥਾਹ ਸ਼ਰਧਾ, ਮਿਹਨਤ ਕਰਨ ਵਿੱਚ ਵਿਸ਼ਵਾਸ ਅਤੇ ਈਨ ਨਾ ਮੰਨਣਾ ਆਦਿ ਗੁਣ ਭਰਪੂਰ ਰੂਪ ਵਿੱਚ ਮਿਲਦੇ ਹਨ। ਲੋਕ ਕਹਾਣੀਆਂ ਵਿੱਚ ਜ਼ਿੰਦਗੀ ਦੀ ਸੱਚਾਈ ਅਤੇ ਮਨੁੱਖ ਦੀ ਯੋਗ ਕਾਰਵਾਈ ਲਈ ਰਾਹ ਦਿਸੇਰਾ ਵਰਗੀ ਪ੍ਰਵਿਰਤੀ ਛੁਪੀ ਹੋਈ ਹੁੰਦੀ ਹੈ।

ਲੋਕ ਕਹਾਣੀਆਂ ਦਾ ਇੱਕ ਹੋਰ ਭਾਰੂ ਤੱਤ ਇਹਨਾਂ ਵਿੱਚ ਮਿਲਦੀ ਪਰਾਸਰੀਰਕਤਾ ਹੈ। ਲੋਕ ਕਥਾਵਾਂ ਦੇ ਹਰ ਰੂਪ ਵਿੱਚ ਪਰਾਸਰੀਰਕਤਾ ਦੇ ਅੰਸ਼ ਵਿਦਮਾਨ ਹਨ। ਜੇਕਰ ਲੋਕਮਨ ਦਾ ਅਧਿਐਨ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਜਿਹੜੀਆਂ ਵਸਤੂਆਂ ਮਨੁੱਖ ਨੂੰ ਪ੍ਰਾਪਤ ਨਹੀਂ ਹੁੰਦੀਆਂ, ਉਹਨਾਂ ਨੂੰ ਪ੍ਰਾਪਤ ਕਰਨ ਲਈ ਉਹ ਪਰਾਸਰੀਰਕ ਸ਼ਕਤੀਆਂ ਦਾ ਸਹਾਰਾ ਲੈਂਦਾ ਹੈ।ਆਦਿ ਮਨੁੱਖ ਧਨ, ਦੌਲਤ, ਰਾਜ ਕੁਮਾਰੀ, ਰਾਜਸੱਤਾ ਅਤੇ ਜੀਵਨ ਦੀਆਂ ਹੋਰ ਸਹੂਲਤਾਂ ਦੇ ਸੁਪਨੇ ਵੇਖਦਾ ਸੀ। ਪਰ ਅਸਲ ਜ਼ਿੰਦਗੀ ਵਿੱਚ ਇਹਨਾਂ ਦੀ ਪ੍ਰਾਪਤੀ ਅਸੰਭਵ ਸੀ। ਜੀਵਨ, ਯਥਾਰਥ ਅਤੇ ਪ੍ਰਾਪਤੀ ਦੀ ਵਿੱਥ ਨੂੰ ਮੇਟਣ ਲਈ ਉਹ ਪਰਾਸਰੀਰਕ ਸ਼ਕਤੀਆਂ ਦੀ ਓਟ ਲੈਂਦਾ ਹੈ ਤੇ ਕਾਲਪਨਿਕ ਸੰਸਾਰ ਸਿਰਜਦਾ ਹੈ।

ਸਿੱਟੇ ਵਜੋਂ ਲੋਕ ਕਹਾਣੀ ਦਾ ਨਾਇਕ ਇੱਕ ਵਿਸ਼ੇਸ਼ ਪ੍ਰਕਾਰ ਦੀਆਂ ਖੜਾਵਾਂ ਪਹਿਨ ਕੇ ਅੱਖ ਦੇ ਝਮੱਕਿਆਂ ਹੀ ਮੀਲਾਂ ਬੱਧੀ ਵਾਟ ਮੁਕਾ ਆਉਂਦਾ ਹੈ ਅਤੇ ਸੁਰਮੇ ਦੀ ਸਲਾਈ ਅੱਖਾਂ ਵਿੱਚ ਪਾਉਣ ਨਾਲ ਗਾਇਬ ਹੋ ਜਾਂਦਾ ਹੈ। ਇੱਕੋ ਸੱਭਿਆਚਾਰ ਦੇ ਧਾਰਨੀ ਮਨੁੱਖਾਂ ਵਿੱਚ ਸੁਮੇਲਤਾ ਹੋਣ ਦੇ ਬਾਵਜੂਦ ਕਈ ਪੱਖਾਂ ਤੇ ਵਿਭਿੰਨਤਾ ਕਾਇਮ ਰਹਿੰਦੀ ਹੈ।ਇਸ ਕਾਰਨ ਹਰੇਕ ਮਨੁੱਖ ਦੀ ਆਪਣੀ ਇੱਕ ਅਲੱਗ ਜੀਵਨ ਦ੍ਰਿਸ਼ਟੀ ਹੁੰਦੀ ਹੈ। ਇਸ ਜੀਵਨ ਦ੍ਰਿਸ਼ਟੀ ਰਾਹੀਂ ਹੀ ਉਹ ਦੂਜੇ ਮਨੁੱਖਾਂ ਅਤੇ ਵਰਤ-ਵਰਤਾਰਿਆਂ ਬਾਰੇ ਆਪਣੀ ਰਾਇ ਬਣਾਉਂਦਾ ਹੈ।

ਮਨੁੱਖ ਨੇ ਆਪਣੇ ਜੀਵਨ ਦੇ ਨਿਰੰਤਰ ਸੰਘਰਸ਼ ਵਿੱਚੋਂ ਹਰੇਕ ਸਮਾਜਿਕ ਘਟਨਾ, ਵਰਤਾਰੇ, ਵਿਚਾਰ, ਪ੍ਰਕਿਰਤੀ ਅਤੇ ਇਸਦੇ ਰੂਪਾਂ, ਨਿਯਮਾਂ, ਰਹੱਸਾਂ ਬਾਰੇ ਵਿਵਹਾਰਿਕ ਤੇ ਸੱਭਿਆਚਾਰਕ ਜੀਵਨ ਵਿੱਚੋਂ ਕਿਸੇ ਨਾ ਕਿਸੇ ਪੱਧਰ ਤੇ ਸੁਚੇਤ ਜਾਂ ਅਚੇਤ ਇੱਕ ਵਿਸ਼ੇਸ਼ ਪ੍ਰਕਾਰ ਦਾ ਅਨੁਭਵ ਪ੍ਰਾਪਤ ਕੀਤਾ ਹੁੰਦਾ ਹੈ। ਸਾਡੀਆਂ ਲੋਕ ਕਥਾਵਾਂ ਹੀ ਮਨੁੱਖ ਦੀ ਦ੍ਰਿਸ਼ਟੀ ਤੇ ਵਿਚਾਰਧਾਰਾ ਨਿਰਧਾਰਿਤ ਕਰਦੀਆਂ ਹਨ। ਸ਼ੁਰੂ-ਸ਼ੁਰੂ ਵਿੱਚ ਮਨੁੱਖ ਕੋਲ ਸਾਧਨ ਸੀਮਿਤ ਸਨ ਅਤੇ ਉਸਦੀਆਂ ਬਹੁਤੀਆਂ ਸਮੱਸਿਆਵਾਂ ਅਣਸੁਲਝੀਆਂ ਹੀ ਰਹਿ ਜਾਂਦੀਆਂ ਸਨ। ਇਹਨਾਂ ਅਣਸੁਲਝੀਆਂ ਸਮੱਸਿਆਵਾਂ ਨੂੰ ਮਨੁੱਖ ਆਪਣੀ ਲੋਕਧਰਾਈ ਵਿਚਾਰਧਾਰਾ ਨਾਲ ਹੱਲ ਕਰਦਾ ਸੀ ।

ਵਿਚਾਰਧਾਰਾ ਮਾਨਵੀ ਸਮਾਜ ਦੇ ਇਤਿਹਾਸਕ ਅਮਲ ਵਿੱਚ ਨਰੰਤਰ ਬਦਲਦੀ ਤੇ ਨਵੇਂ ਸਿਰਿਓਂ ਵਿਕਸਤ ਹੋ ਰਹੀ ਹੈ।ਸਾਡਾ ਸਮਾਜ ਵੱਖ-2 ਵਰਗਾਂ ਵਿੱਚ ਵੰਡਿਆ ਹੋਇਆ ਹੈ। ਅੱਗੋਂ ਇਹਨਾਂ ਵਰਗਾਂ ਦੀਆਂ ਵੀ ਕਈ ਕਈ ਪਰਤਾਂ ਹਨ।ਹਰ ਪਰਤ ਦੀ ਆਪਣੀ ਵੱਖਰੀ ਦ੍ਰਿਸ਼ਟੀ ਹੈ।

ਮਜ਼ਦੂਰ ਵਰਗ ਦੀ ਆਪਣੀ ਦ੍ਰਿਸ਼ਟੀ ਹੈ, ਕਿਸਾਨ ਦੀ ਆਪਣੀ, ਵਪਾਰੀ ਦੀ ਆਪਣੀ ਅਤੇ ਮੁਲਾਜ਼ਮ ਦੀ ਆਪਣੀ।ਇਹਨਾਂ ਦ੍ਰਿਸ਼ਟੀਆਂ ਦੇ ਅਧਾਰਾਂ ਤੇ ਹੀ ਅੱਗੋਂ ਵਿਚਾਰਧਾਰਾਵਾਂ ਬਣਦੀਆਂ ਹਨ। ਅੱਜ ਦੀ ਲੋਕਧਾਰਾ ਨੂੰ ਸਰਬ ਸਾਂਝੀ ਅਤੇ ਅਖੰਡ ਵੀ ਮੰਨੀਏ ਤਾਂ ਇਹ ਸਰਬ ਸਾਂਝਾਪਨ ਉਵੇਂ ਹੀ ਹੈ ਜਿਵੇਂ ਪਿੰਡ ਸਭ ਦਾ ਸਾਂਝਾ ਹੁੰਦਾ ਹੈ ਪਰ ਉਸ ਵਿੱਚ ਅਮੀਰ-ਗਰੀਬ, ਸਵਰਨ ਦਲਿਤ, ਵਹਿਮੀ, ਤਰਕਸ਼ੀਲ ਸਭ ਵਸਦੇ ਹਨ।ਹਰ ਜਾਤ ਜਮਾਤ ਆਪੋ ਆਪਣੇ ਹਿੱਤ ਅਨੁਸਾਰ ਜ਼ੋਰ ਤਾਣ ਲਾ ਕੇ ਵਿਚਾਰਧਾਰਾ ਵਿੱਚ ਹਿੱਸਾ ਪਾਉਂਦੀ ਹੈ।ਲੋਕਧਾਰਾ ਦੀ ਵਿਚਾਰਧਾਰਾ ਯੋਗਿਕ ਵਰਗੀ ਨਹੀਂ ਸਗੋਂ ਮਿਸ਼ਰਣ ਵਰਗੀ ਹੁੰਦੀ ਹੈ।

ਦੁਆਬੇ ਦੀਆਂ ਲੋਕ ਕਥਾਵਾਂ ਵਿਚ ਟਕਰਾਉਂਦੇ ਦ੍ਰਿਸ਼ਟੀਕੋਣਾਂ ਨਾਲ ਨਵੀਆਂ ਵਿਚਾਰਧਰਾਵਾਂ ਉਤਪੰਨ ਹੁੰਦੀਆਂ ਹਨ।ਲੋਕ ਕਥਾਵਾਂ ਵਿਚ ਵਿਚਾਰ ਕਈ ਥਾਂਵਾਂ ਤੇ ਇੱਕ ਦੂਜੇ ਨੂੰ ਕੱਟਦੇ ਅਤੇ ਕਈ ਥਾਂਵਾਂ ਤੇ ਸਹਿਮਤੀ ਪ੍ਰਗਟ ਕਰਦੇ ਹਨ। ਕਿਉਂਕਿ ਲੋਕ ਕਥਾਂਵਾਂ ਵੱਖ-ਵੱਖ ਕਾਲ ਖੰਡਾਂ, ਵਰਗਾਂ, ਉਮਰਾਂ, ਕਰਮਾਂ ਅਤੇ ਘੱਟ ਵੱਧ ਸਮਰੱਥਾਵਾਂ ਵਾਲੇ ਲੋਕਾਂ ਦੀਆਂ ਸਿਰਜਨਾਵਾਂ ਹਨ।

ਇਸੇ ਕਰਕੇ ਲੋਕ ਕਥਾਵਾਂ ਪਿੱਛੇ ਕੋਈ ਇੱਕ ਲੋਕ ਚਿੱਤ ਕੰਮ ਨਹੀਂ ਕਰ ਰਿਹਾ ਹੁੰਦਾ।ਕਈ ਵਾਰ ਕੋਈ ਇੱਕ ਲੋਕ ਕਥਾ ਸਾਹਮਣੇ ਬੈਠੇ ਵਿਅਕਤੀ ਦੇ ਹੱਕ ਵਿਚ ਅਤੇ ਕਿਸੇ ਦੂਰ-ਦੁਰੇਡੇ ਬੈਠੇ ਵਿਅਕਤੀ ਦੇ ਖਿਲਾਫ਼ ਵੀ ਭੁਗਤ ਸਕਦੀ ਹੈ।

ਇਸ ਤਰ੍ਹਾਂ ਲੋਕ ਕਥਾਵਾਂ ਵਿਚ ਲੋਕ ਰੁੜ੍ਹੀਆਂ ਦੀ ਸਾਂਝ ਹੋਣ ਦੇ ਬਾਵਜੂਦ ਵੀ ਜਦੋਂ ਦੁਆਬੇ ਦੀਆਂ ਲੋਕ ਕਥਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਇਹਨਾਂ ਵਿਚ ਦੁਆਬੇ ਦੇ ਰੀਤੀ ਰਿਵਾਜਾਂ, ਰਸਮਾਂ, ਭੂਗੋਲਿਕ ਸਥਿਤੀਆਂ, ਭਾਸ਼ਾਤਮਕ ਵਿਭਿੰਨ-ਤਾਵਾਂ, ਵਰਤ-ਵਰਤਾਰਿਆਂ, ਪਹਿਰਾਵਿਆਂ ਦੇ ਦੀਦਾਰ ਹੁੰਦੇ ਹਨ ਜੋ ਦੁਆਬੇ ਦੇ ਸਭਿਆਚਾਰ ਨੂੰ ਪੇਸ਼ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆਂ

1 ਜਸਵੰਤ ਰਾਏ (ਡਾ.), ਪੰਜਾਬ ਦੀਆਂ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ (ਦੁਆਬੇ ਦੇ ਵਿਸ਼ੇਸ਼ ਸੰਦਰਭ ਵਿਚ), ਪੰਨਾ-47.

ਚਰੰਜੀਲਾਲ ਕੰਗਣੀਵਾਲ, ਵਿਰਸਾ, ਪੰਨਾ-79.

'ਚਾਂਦ' ਮੈਗਜ਼ੀਨ ਫ਼ਾਂਸੀ ਅੰਕ (ਹਿੰਦੀ), ਨਵੰਬਰ-1928.

ਮਨਮੋਹਨ ਸਿੰਘ (ਡਾ.), ਪਾਕਿਸਤਾਨੀ ਕਹਾਣੀ ਦਾ ਆਲੋਚਨ-ਾਤਮਕ ਅਧਿਐਨ,ਪੰਨਾ-96.

ਜਸਵੰਤ ਰਾਏ (ਡਾ.), ਪੰਜਾਬ ਦੀਆਂ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ (ਦੁਆਬੇ ਦੇ ਵਿਸ਼ੇਸ਼ ਸੰਦਰਭ ਵਿਚ), ਪੰਨਾ-92.

ਕਿਰਪਾਲ ਕਜ਼ਾਕ (ਪ੍ਰੋ.), ਡਾ. ਜਸਵਿੰਦਰ ਸਿੰਘ (ਸੰਪਾ.), ਪੰਜਾਬੀ ਸਭਿਆਚਾਰਕ ਮੌਲਿਕ ਮੁਹਾਂਦਰਾ, ਪੰਨਾ-55.

ਜਸਵੰਤ ਰਾਏ (ਡਾ.), ਪੰਜਾਬ ਦੀਆਂ ਲੋਕ ਕਥਾਵਾਂ ਦਾ ਬਿਰਤਾਂਤ ਸ਼ਾਸਤਰ (ਦੁਆਬੇ ਦੇ ਵਿਸ਼ੇਸ਼ ਸੰਦਰਭ ਵਿਚ), ਪੰਨਾ-95.

ਕਰਨੈਲ ਸਿੰਘ ਥਿੰਦ (ਡਾ.), ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਨਾ-52.

ਭੁਪਿੰਦਰ ਸਿੰਘ ਸੂਦਨ (ਡਾ.), ਲੋਕ ਸੁਰ ਦੇ ਨਾਲ ਨਾਲ, ਪੰਨਾ-51.

ਖੋਜ ਪੱਤ੍ਰਿਕਾ, ਲੋਕਧਾਰਾ ਵਿਸ਼ੇਸ਼ ਅੰਕ-42, ਡਾ. ਰਾਜਿੰਦਰਪਾਲ ਸਿੰਘ, ਲੋਕਧਾਰਾ ਅਤੇ ਵਿਚਾਰਧਾਰਾਈ ਦਵੰਦ, ਪੰਨਾ-59.

# ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਲੱਖ-ਲੱਖ ਮੁਬਾਰਕਾਂ



ਸ੍ਰੀ ਗੁਰੂ ਰਵਿਦਾਸ ਜੀ

ਵੱਲੋਂ

**Dr. Harmesh Kumar**



**(925) 285-9881**

**PRESIDENT: THERAPEUTIC RESIDENTIAL SERVICES INC.**



Fast, Reliable and Friendly Services

OUR SERVICE
- Bankruptcy
- Business law
- Complex Litigation
- Criminal law
- Divorce
- Elder law
- Immigration
- Personal injury
- Real estate law

Toll Free
1-877-454- HURT
1-877-454- VISA

THE BHAKHRI LAW FIRM
Law Offices of Ashwani K. Bhakhri

8245 - Florin Road, Suite D-1, Sacramento, CA 95828 Tele: +1 916 379 9700

1299 Bayshore Highway Suite 208, Burlingame, CA 94010 Tele:+1 650-685-6334 - FAX:+1 650-685-6351

www.bhakhrilawfirm.us - E-mail: bhakhrilaw2004@yahoo.com

MOONLIGHT STUDIO
Photography & Video



Wedding * Reception
Birthday Party * Stage Show
Portraits
$6 Passport Picture
Jassie
(916) 267-8784
www.moonlightstudiousa.com



ਕੀ ਤੁਸੀਂ ਬੈਂਕਾਂ ਦੇ ਅਤੇ ਫ਼ੋਰ ਕਲੋਜ਼ਰ ਘਰ ਖਰੀਦਣਾ ਚਾਹੁੰਦੇ ਹੋ ?

JAIN Reality
Lic # 01469392

ਅਸੀਂ ਇਨ੍ਹਾਂ ਸ਼ਹਿਰਾਂ 'ਚ ਤਸੱਲੀਬਖ਼ਸ਼ ਕੰਮ ਕਰਦੇ ਹਾਂ
Sacramento, Natomas, Roseville, Elk Grove, Bay Area, Tracy & Stockton Area

ਪਰਮਿੰਦਰ ਸਿੰਘ ਔਜਲਾ
Bank-Owned Homes • Foreclosure Homes
Short Sale Homes • Commercial & Business
Many Years Experience In Real Estate

Parminder Singh Aujla
Ph: 916.410.0711 • Fax: 916.200.0607
email : greatamerica2004@yahoo.com

Mikasa HOMES & FUNDING
8900 Bramblewood Way
Elk Grove, CA 95758
Cell: (916) 698-3808
Fax: (916) 725-5812
Email: rnchander@comcast.net Web: www.mikasafunding.com



RAKESH CHANDER
Realtor®

Rakesh Chander, MSEE, PE

MIKASA HOMES & FUNDING
DRE Lic.: 01866732

# INDIA BAZAAR




## Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
304 E HAMMER LANE # 12, STOCKTON CA, 95210

# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

### ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544
Visit us on the Web at www.kashfabrics.com

Phone: 510-538-1138

# JAFFERY

## AUTO REPAIR



ਅਸੀਂ ਹਰ ਤਰ੍ਹਾਂ ਦੀਆਂ ਜਾਪਾਨੀ, ਅਮਰੀਕਨ ਕਾਰਾਂ ਦੀ ਤਸੱਲੀਬਖਸ਼ ਰਿਪੇਅਰ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੇ ਨਵੇਂ ਪੁਰਾਣੇ ਟਾਇਰ ਖਰੀਦ ਸਕਦੇ ਹੋ।

ਸ. ਗੁਰਦਿਆਲ ਸਿੰਘ

510-264-1600 (Business) 510-861-1761(Cell)

921 West A Street Hayward, CA 94541

# Apna Bazar ਆਪਣਾ ਬਾਜ਼ਾਰ

Indian Grocery Outlet (wholesale and retail)

ਸਾਡੇ ਕੋਲ ਕੁਕਰ, ਕੜਾਹੀਆਂ, ਚੁੱਲ੍ਹੇ, ਮੰਜੇ, ਕੰਬਲ, ਅਚਾਰ, ਸੀ ਡੀ/ਡੀ ਵੀ ਡੀ ਵੀ ਮਿਲਦੀਆਂ ਹਨ।





| Dal | Per Pound | Dal | Per Pound |
|---|---|---|---|
| Masoor Dal ਮਸੂਰ ਦਾਲ | 75 cents ਪਰ ਪੌਂਡ | Bhawan Biskuts | $10.99 per box (ਸੱਤ ਪੌਂਡ) |
| Kala Channa Whole ਕਾਲੇ ਛੋਲੇ | 75 cents ਪਰ ਪੌਂਡ | Adrak (Ginger) ਅਦਰਕ | 65 cents ਪਰ ਪੌਂਡ |
| Channa Dal ਛੋਲਿਆਂ ਦੀ ਦਾਲ | 75 cents ਪਰ ਪੌਂਡ | Lasan (Garlic) ਲਸਣ | 99 cents ਪਰ ਪੌਂਡ |
| Dal Moong/Moth ਮੂੰਗੀ ਦੀ ਦਾਲ | 1.25 cents ਪਰ ਪੌਂਡ | Sher Aatta | $6.99 20 LB Bhavan Aatta – on sale |
| Rajmahan ਰਾਜ ਮਾਂਹ | 79 cents ਪਰ ਪੌਂਡ | Santosh Aatta | $7.49 20LB |
| Maah Dal ਮਾਹਾ ਦੀ ਦਾਲ | 75 cents ਪਰ ਪੌਂਡ | Tea India | $5.75/bag Milk 2 gallons $5.99 |
| | | Sweets $4.49 | Punjabi Biscuits– on sale |
| Toor Da | $1.25 ਪਰ ਪੌਂਡ | Red onions | $5.99 25LB |
| Paneer ਪਨੀਰ | $2.75 ਪਰ ਪੌਂਡ | | Shan Masalas 95 cents/each |

Copy/Fax/Phone card service also available

Ph: 530-751-2442, Cell: 530-315-2442
1494 Bridge Street, Yuba City CA 95991, Near Bridge St Taco Bell

ੴ ਸਤਿਗੁਰ ਪ੍ਰਸਾਦਿ

ੴ ਐਸੀ ਲਾਲ ਤੁਝ ਬਿਨੁ ਕਉਨ ਕਰੈ। ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ। ਨਾਥ ਕਛੂ ਨਾ ਜਾਨਓ। ਮਨ ਮਾਇਆ ਹੈ ਹਾਥ ਬਿਕਾਨੋ। ਸੋਹੰ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ

# ਪ੍ਰਕਾਸ਼ ਪੁਰਬ

## ਸਬੰਧੀ ਵਿਸ਼ੇਸ਼ ਸਮਾਗਮ



**ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ**
**61-01 Broadway, Woodside NY 11377**

## ਵਿਖੇ 19 ਫਰਵਰੀ ਤੋਂ 3 ਮਾਰਚ ਤੱਕ

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ ਹੋਵਣ**

ਦੁਨੀਆ ਦੇ ਇਤਿਹਾਸ ਨੇ ਇਹ ਸੁਨਹਿਰੀ ਬੋਲ ਹਮੇਸ਼ਾ ਲਈ ਸਾਂਭੇ ਪਏ ਹਨ ਕਿ ਜਦੋਂ ਵੀ ਸੱਚ ਨੂੰ ਅਲੋਪ ਕਰਕੇ ਝੂਠ ਦੇ ਵਪਾਰੀ ਝੂਠ ਨੂੰ ਪ੍ਰਚੰਡ ਕਰਦੇ ਹਨ ਤਾਂ ਉਸ ਸੱਚ ਨੂੰ ਹਮੇਸ਼ਾ ਲਈ ਧਰਤੀ 'ਤੇ ਪਰਪੱਕ ਕਰਨ ਲਈ ਇਸ ਇਨਸਾਨੀ ਜਾਮੇ ਵਿਚ ਪ੍ਰਮਾਤਮਾ ਦਾ ਰੂਪ ਜ਼ਰੂਰ ਪ੍ਰਗਟ ਹੁੰਦਾ ਹੈ। ਭਾਰਤ ਦੀ ਪਵਿੱਤਰ ਨਗਰੀ ਮੰਨੇ ਜਾਣ ਵਾਲੇ ਅਸਥਾਨ ਬਨਾਰਸ ਵਿੱਚ ਜਦੋਂ 14ਵੀਂ ਸਦੀ ਵਿੱਚ ਠੱਗਾਂ ਦਾ ਬੋਲਬਾਲਾ ਜ਼ਿਆਦਾ ਵਧ ਗਿਆ ਸੀ ਉਸ ਵਕਤ ਰੱਬ ਦਾ ਰੂਪ ਸਨਮਾਨਯੋਗ ਮਾਤਾ ਕਲਸਾ ਅਤੇ ਸਨਮਾਨਯੋਗ ਪਿਤਾ ਸੰਤ ਸੰਤੋਖ ਦਾਸ ਜੀ ਦੇ ਘਰ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਹੋਇਆ। ਇਨ੍ਹਾਂ ਅਖੌਤੀ ਧਰਮ ਦੇ ਠੇਕੇਦਾਰਾਂ ਦੀ ਬੁਕਲ ਵਿੱਚੋਂ ਧਰਮ ਨੂੰ ਸੱਚੀ ਆਜ਼ਾਦੀ ਦੁਆ ਕੇ ਗ਼ਰੀਬਾਂ ਦੀਆਂ ਕੁਲੀਆਂ ਤੱਕ ਲੈ ਕੇ ਜਾਣ ਵਾਲੇ ਇਹ ਮਹਾਨ ਸਤਿਗੁਰੂ, ਨਿਤ ਦਿਹਾੜੇ ਦਸਾਂ ਨੌਹਾਂ ਦੀ ਕਿਰਤ ਕਰਕੇ ਸਮੁੱਚੇ ਸਮਾਜ ਦੀ ਸੇਵਾ ਕਰਨ ਵਾਲੇ ਉਨ੍ਹਾਂ ਲੋਕਾਂ ਦੇ ਮਹਾਨ ਸਤਿਗੁਰੂ, ਨਿਮਾਣਿਆਂ, ਨਿਤਾਣਿਆਂ ਦੀ ਉਂਗਲ ਫੜ ਕੇ ਬੇਗਮਪੁਰੇ ਦਾ ਰਸਤਾ ਦਿਖਾਉਣ ਵਾਲੇ ਸਤਿਗੁਰੂ, ਰਾਜ ਭਾਗ ਤੋਂ ਸੱਖਣੇ ਇਨ੍ਹਾਂ ਲੋਕਾਂ ਨੂੰ ਰਾਜ ਭਾਗ ਦੇ ਨਿੱਘ ਦੀ ਗੁੱਥੀ ਸਮਝਾਉਣ ਵਾਲੇ ਸਤਿਗੁਰੂ, ਥਾਲੀਆਂ ਵਿੱਚ ਦੀਵੇ ਬਾਲ ਕੇ ਪੱਥਰਾਂ ਅੱਗੇ ਆਰਤੀ ਕਰਨ ਵਾਲਿਆਂ ਨੂੰ ਸੱਚੀ ਆਰਤੀ ਸਮਝਾਉਣ ਵਾਲੇ ਸਤਿਗੁਰੂ ਅਤੇ ਵਣਜ ਵਪਾਰ ਦੀ ਜੁਗਤ ਸਮਝਾਉਣ ਵਾਲੇ ਮਹਾਨ ਪਰਉਪਕਾਰੀ ਸਤਿਗੁਰੂ ਰਵਿਦਾਸ ਮਹਾਰਾਜ ਦੀ ਦਾ ਪਵਿੱਤਰ ਪੁਰਬ ਇਸ ਸਾਲ 25 ਫਰਵਰੀ ਦਿਨ ਸੋਮਵਾਰ ਨੂੰ ਆ ਰਿਹਾ ਹੈ।




ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਆਉਣ ਵਾਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਇਸ ਮਾਡਲ ਵਾਂਗਰਾਂ ਦਿੱਤੀ ਜਾਵੇਗੀ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ-ਕਮਾਈਆਂ ਵਿਚੋਂ ਦਸਵੰਧ ਕੱਢ ਕੇ ਗੁਰੂ ਘਰ ਦੀ ਇਮਾਰਤ ਦੇ ਇਕ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਨ ਲਈ ਤਨੋ-ਮਨੋ-ਧਨੋ ਸਹਿਯੋਗ ਦਿਓ ਜੀ।

## ਪਹੁੰਚ ਰਹੇ ਕੀਰਤਨੀ ਜਥੇ

- ਭਾਈ ਕੁਲਦੀਪ ਸਿੰਘ ਜੀ ਯੂ. ਕੇ. ਵਾਲੇ
- ਕਥਾਵਾਚਕ ਭਾਈ ਜਸਵੰਤ ਸਿੰਘ ਮਾਰਕੰਡਾ
- ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ
- ਭਾਈ ਜੋਗਾ ਸਿੰਘ ਨਵਾਂਸ਼ਹਿਰ ਵਾਲੇ

## ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ

ਗੁਰੂ ਘਰ ਵਿਖੇ 19 ਫਰਵਰੀ ਤੋਂ ਸ਼ੁਰੂ ਹੋਈ 11 ਅਖੰਡ ਪਾਠਾਂ ਦੀ ਲੜੀ 3 ਮਾਰਚ ਨੂੰ ਸਮਾਪਤ ਹੋਵੇਗੀ। 24 ਫਰਵਰੀ ਦਿਨ ਐਤਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਪੂਰੇ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। 19 ਫਰਵਰੀ ਤੋਂ 3 ਮਾਰਚ ਤੱਕ ਚੱਲਣ ਵਾਲੇ ਸਾਰੇ ਦੀਵਾਨਾਂ ਨੂੰ ਵਿਸ਼ੇਸ਼ ਰੰਗਤ ਦਿੱਤੀ ਗਈ ਹੈ ਜਿਸ ਵਿਚ ਕਵੀ ਦਰਬਾਰ ਹੋਵੇਗਾ, ਗੁਰੂ ਮਹਾਰਾਜ ਜੀ ਦੀ ਰਾਗਾਂ 'ਚ ਉਚਾਰੀ ਬਾਣੀ ਦੇ ਆਧਾਰ 'ਤੇ ਰਾਗ ਦਰਬਾਰ, ਕਥਾ ਦਰਬਾਰ ਤੇ ਵਿਸ਼ੇਸ਼ ਕੀਰਤਨ ਦਰਬਾਰ ਸਜਾਏ ਜਾਣਗੇ। 3 ਮਾਰਚ ਦਿਨ ਐਤਵਾਰ ਨੂੰ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿਚ 5 ਵਜੇ ਤੱਕ ਭਾਰੀ ਦੀਵਾਨ ਸੱਜਣਗੇ।

**ਇਨ੍ਹਾਂ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਕਥਾਵਾਚਕ ਦੀਵਾਨ ਦੀਆਂ ਹਾਜ਼ਰੀਆਂ ਭਰਨਗੇ**

**ਸਾਰੇ ਪ੍ਰੋਗਰਾਮਾਂ ਵਿਚ ਗੁਰੂ ਕੇ ਲੰਗਰ ਅਟੁੱਟ ਵਰਤਣਗੇ**

**ਆਪ ਸਭ ਸੰਗਤਾਂ ਦੀ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ**

ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰੂ ਘਰ **718-898-8150**

ਮੁੱਖ ਸੇਵਾਦਾਰ : ਸ. ਨਿਰਮਲ ਸਿੰਘ **347-538-8296**

ਕੈਸ਼ੀਅਰ : ਭੋਲਾ ਕਲੇਰ **917-405-1168** ਜਨਰਲ ਸਕੱਤਰ : ਪਰਮਜੀਤ ਲਾਲ **917-854-8628**

# INDIA MARKET

ਇੰਡੀਆ ਮਾਰਕੀਟ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ
ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ

## ਲੱਖ-ਲੱਖ ਵਧਾਈਆਂ




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ



ਗੁਰਪਾਲ ਬੰਗੜ



We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.

WE ACCEPT FOOD STAMPS
For more information
Call Us :
**916-338-5511**

## 5202 Elkhorn Blvd. Sacramento, CA 95842

ਸਮੂਹ ਸਾਧ ਸੰਗਤ ਜੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



Call Makhan Bains or Ravinder Singh for your next Party 1-866-FOR RAJA www.RajaSweets.com